SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 33
November 24, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਸ਼ਹੀਦੀ ਦਿਵਸ 'ਤੇ ਅਦਾਰਾ 'ਦੇਸ਼ ਦੁਆਬਾ' ਕੋਟਿਨ-ਕੋਟ ਪ੍ਰਣਾਮ ਕਰਦਾ ਹੈ।




**ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 552ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਗੁਰੂ ਪਿਆਰੀ ਸਾਧ ਸੰਗਤ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ।**
(ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ ਜੀ)

# ਦੁਨੀਆ ਦੀ ਸਭ ਤੋਂ ਤਾਕਤਵਰ ਔਰਤ ਬਣੀ ਕਮਲਾ ਹੈਰਿਸ

**ਨਵੀਂ ਦਿੱਲੀ (ਬਿਊਰੋ)**- ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਦੀ ਕੋਲੋਨੋਸਕੋਪੀ ਦੌਰਾਨ ਸ਼ੁੱਕਰਵਾਰ ਨੂੰ ਅਮਰੀਕੀ ਸੱਤਾ ਦੀ ਵਾਗਡੋਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਸੌਂਪ ਦਿੱਤੀ ਗਈ। ਅਨੱਸਥੀਸੀਆ ਦੇ ਪ੍ਰਭਾਵ ਕਾਰਨ, ਬਿਡੇਨ ਅਮਰੀਕਾ ਦੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਸਥਿਤੀ ਵਿਚ ਨਹੀਂ ਹੋਣਗੇ। ਇਹੀ ਕਾਰਨ ਹੈ ਕਿ ਕਮਲਾ ਹੈਰਿਸ ਨੂੰ ਇਹ ਜ਼ਿੰਮੇਵਾਰੀ ਮਿਲੀ ਹੈ। ਅਮਰੀਕਾ ਦੇ 250 ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਵੇਗਾ, ਜਦੋਂ ਦੇਸ਼ ਦੀ ਸੱਤਾ ਕਿਸੇ ਔਰਤ ਦੇ ਹੱਥਾਂ ਵਿਚ ਹੋਵੇਗੀ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕਿਸੇ ਅਮਰੀਕੀ ਰਾਸ਼ਟਰਪਤੀ ਨੇ ਉਪ ਰਾਸ਼ਟਰਪਤੀ ਨੂੰ



ਆਪਣੀਆਂ ਸ਼ਕਤੀਆਂ ਦਾ ਤਬਾਦਲਾ ਕੀਤਾ ਹੋਵੇ। ਇਸ ਤੋਂ ਪਹਿਲਾਂ ਵੀ ਰਾਸ਼ਟਰਪਤੀ ਦੀਆਂ ਸ਼ਕਤੀਆਂ ਉਪ ਰਾਸ਼ਟਰਪਤੀ ਕੋਲ ਤਬਦੀਲ ਹੋ ਚੁੱਕੀਆਂ ਹਨ। ਇਸ ਦੇ ਕੀ ਅਰਥ ਹਨ? ਉਸ ਦੀ ਸ਼ਕਤੀ ਕਿੰਨੀ ਵਧ ਗਈ ਹੈ?

**ਆਖਿਰ ਕਿਉਂ ਹੋਈ ਇੰਨੀ ਸ਼ਕਤੀਸ਼ਾਲੀ ਕਮਲਾ**

ਇਸ ਸਮੇਂ ਕਮਲਾ ਹੈਰਿਸ ਬਿਰਾਜਮਾਨ ਹੈ। ਇਸ ਸਮੇਂ ਉਹ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਔਰਤ ਹੈ। ਅਮਰੀਕਾ ਦੇ ਰਾਸ਼ਟਰਪਤੀ ਹੋਣ ਦੇ ਨਾਤੇ ਉਹ ਅਮਰੀਕੀ ਫ਼ੌਜ ਦੀ ਸੁਪਰੀਮ ਕਮਾਂਡਰ ਹੈ।

**(ਬਾਕੀ ਸਫਾ 3 'ਤੇ)**

# ਕਿਸਾਨ ਅੰਦੋਲਨ ਅੱਗੇ ਝੁਕੀ ਸਰਕਾਰ, ਤਿੰਨੋਂ ਖੇਤੀ ਕਾਨੂੰਨ ਰੱਦ ਹੋਣਗੇ

**ਨਵੀਂ ਦਿੱਲੀ (ਬਿਊਰੋ)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰ ਦੇ ਨਾਂ ਆਪਣੇ ਸੰਬੋਧਨ ਵਿੱਚ ਵੱਡਾ ਐਲਾਨ ਕਰਦੇ ਹੋਏ ਤਿੰਨੋਂ ਵਿਵਾਦਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਦੇ ਇਸ ਅਚਨਚੇਤ ਫੈਸਲੇ ਤੋਂ ਹਰ ਕੋਈ ਹੈਰਾਨ ਹੈ। ਰਾਸ਼ਟਰ ਨੂੰ ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨੇ ਸਭ ਤੋਂ ਪਹਿਲਾਂ ਕਿਹਾ ਕਿ ਅੱਜ ਦੇਵ ਦੀਵਾਲੀ ਦਾ ਪਵਿੱਤਰ ਤਿਉਹਾਰ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਾ ਪਵਿੱਤਰ ਤਿਉਹਾਰ ਵੀ ਹੈ। ਮੈਂ ਇਸ ਪਵਿੱਤਰ ਤਿਉਹਾਰ 'ਤੇ ਦੁਨੀਆ ਦੇ ਸਾਰੇ ਲੋਕਾਂ ਅਤੇ ਸਾਰੇ ਦੇਸ਼ ਵਾਸੀਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਦਿੰਦਾ ਹਾਂ। ਆਪਣੇ ਪੰਜ ਦਹਾਕਿਆਂ ਦੇ ਜਨਤਕ ਜੀਵਨ ਵਿੱਚ ਮੈਂ ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਬਹੁਤ ਨੇੜਿਓਂ ਦੇਖਿਆ ਅਤੇ ਮਹਿਸੂਸ ਕੀਤਾ ਹੈ। ਜਦੋਂ ਦੇਸ਼ ਨੇ ਮੈਨੂੰ 2014 ਵਿੱਚ ਪ੍ਰਧਾਨ ਮੰਤਰੀ ਵਜੋਂ ਸੇਵਾ ਕਰਨ ਦਾ ਮੌਕਾ ਦਿੱਤਾ ਤਾਂ ਅਸੀਂ ਖੇਤੀਬਾੜੀ ਦੇ ਵਿਕਾਸ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜ ਦਹਾਕਿਆਂ ਦੇ ਜੀਵਨ ਵਿੱਚ ਅਸੀਂ ਕਿਸਾਨਾਂ ਦੀਆਂ ਚੁਣੌਤੀਆਂ ਨੂੰ ਬਹੁਤ ਨੇੜਿਓਂ ਦੇਖਿਆ ਹੈ, ਜਦੋਂ ਦੇਸ਼ ਨੇ ਸਾਨੂੰ 2014 ਵਿੱਚ ਪ੍ਰਧਾਨ ਸੇਵਕ ਵਜੋਂ ਸੇਵਾ ਕਰਨ ਦਾ ਮੌਕਾ ਦਿੱਤਾ ਤਾਂ ਅਸੀਂ ਖੇਤੀਬਾੜੀ ਦੇ ਵਿਕਾਸ ਤੇ ਕਿਸਾਨ ਭਲਾਈ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ। ਦੇਸ਼ ਦੇ ਛੋਟੇ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਦੂਰ ਕਰਨ ਲਈ, ਅਸੀਂ ਬੀਜ, ਬੀਮਾ, ਬਾਜ਼ਾਰ ਅਤੇ ਬੱਚਤ 'ਤੇ ਹਰ ਪਾਸੇ ਕੰਮ ਕੀਤਾ ਹੈ। ਚੰਗੀ ਗੁਣਵੱਤਾ ਵਾਲੇ ਬੀਜਾਂ ਦੇ ਨਾਲ-ਨਾਲ ਸਰਕਾਰ ਨੇ ਕਿਸਾਨਾਂ ਨੂੰ ਨਿੰਮ ਕੋਟੇਡ ਯੂਰੀਆ, ਸੋਇਲ ਹੈਲਥ ਕਾਰਡ, ਸੂਖਮ ਸਿੰਚਾਈ ਵਰਗੀਆਂ ਸਹੂਲਤਾਂ ਨਾਲ ਵੀ ਜੋੜਿਆ ਹੈ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦੇ ਬਦਲੇ ਉਨ੍ਹਾਂ ਦੀ ਉਪਜ ਦਾ ਸਹੀ ਮੁੱਲ ਦਿਵਾਉਣ ਲਈ ਕਈ ਕਦਮ ਚੁੱਕੇ ਗਏ ਹਨ। ਦੇਸ਼ ਨੇ ਆਪਣੇ ਪੇਂਡੂ ਬਾਜ਼ਾਰ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੈ। ਅਸੀਂ ਨਾ ਸਿਰਫ ਘੱਟੋ-ਘੱਟ ਸਮਰਥਨ ਮੁੱਲ ਵਧਾਇਆ, ਸਗੋਂ ਰਿਕਾਰਡ ਸਰਕਾਰੀ ਖਰੀਦ ਕੇਂਦਰ ਵੀ ਬਣਾਏ। ਸਾਡੀ ਸਰਕਾਰ ਵੱਲੋਂ ਕੀਤੀ ਜਾ ਰਹੀ ਉਪਜ ਦੀ ਖਰੀਦ ਨੇ ਪਿਛਲੇ ਕਈ ਦਹਾਕਿਆਂ ਦੇ ਰਿਕਾਰਡ ਤੋੜ ਦਿੱਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕਿਸਾਨਾਂ ਦੀ ਹਾਲਤ ਸੁਧਾਰਨ ਲਈ ਇਸ ਮਹਾਨ ਮੁਹਿੰਮ ਵਿੱਚ ਦੇਸ਼ ਵਿੱਚ ਤਿੰਨ ਖੇਤੀ ਕਾਨੂੰਨ ਲਿਆਂਦੇ ਗਏ ਹਨ। ਉਦੇਸ਼ ਇਹ ਸੀ ਕਿ ਦੇਸ਼ ਦੇ ਕਿਸਾਨਾਂ, ਖਾਸ ਕਰਕੇ ਛੋਟੇ ਕਿਸਾਨਾਂ ਨੂੰ ਹੋਰ ਤਾਕਤ ਮਿਲਣੀ ਚਾਹੀਦੀ ਹੈ, ਉਨ੍ਹਾਂ ਨੂੰ ਉਨ੍ਹਾਂ ਦੀ ਉਪਜ ਦੀ ਸਹੀ ਕੀਮਤ ਮਿਲਣੀ ਚਾਹੀਦੀ ਹੈ ਅਤੇ ਉਪਜ ਵੇਚਣ ਦੇ ਵੱਧ ਤੋਂ ਵੱਧ ਵਿਕਲਪ ਮਿਲਣੇ ਚਾਹੀਦੇ ਹਨ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja
## SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



# INDIA MARKET
## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

**Super Eyebrow Threading Now Open**

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**ਸਾਡੀ ਸਪੈਸ਼ਲਟੀ**
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਸਾਬਕਾ ਮੁੱਖ ਮੰਤਰੀ ਨੇ ਪੰਜਾਬ ਦੇ ਹਿੱਤਾਂ ਨੂੰ ਖ਼ਤਰੇ ਵਿੱਚ ਪਾਇਆ-ਚੰਨੀ






**ਬੰਗਾ, 24 ਨਵੰਬਰ (ਸੰਤੋਖ ਸਿੰਘ ਜੱਸੀ)–** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਲਈ ਅਕਾਲੀਆਂ ਅਤੇ ਭਾਜਪਾ ਨਾਲ ਮਿ-ਲੀਭੁਗਤ ਕਰਨ ਦੀ ਸਖ਼ਤ ਆਲੋਚਨਾ ਕੀਤੀ। ਇੱਥੇ ਅੱਜ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਨੇ ਆਪਣੇ ਕਾਰ-ਜਕਾਲ ਦੌਰਾਨ ਪੰਜਾਬ ਦੇ ਹਿੱਤਾਂ ਨੂੰ ਖ਼ਤਰੇ ਵਿੱਚ ਪਾ ਕੇ ਬਾਦਲ ਪਰਿਵਾਰ ਅਤੇ ਮੋਦੀ ਦੇ ਹਿੱਤਾਂ ਦੀ ਰਾਖੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸੇ ਕਾਰਨ ਕਾਂਗਰਸੀ ਵਿਧ-ਾਇਕਾਂ ਨੇ ਇਕਜੁੱਟ ਹੋ ਕੇ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰ ਦਿੱਤਾ ਹੈ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ ਨਵੀਂ ਪਾਰਟੀ ਦਾ ਮੰਤਵ ਵੀ ਅਕ-ਾਲੀਆਂ ਅਤੇ ਭਾਜਪਾ ਨੂੰ ਫਾਇਦਾ ਪਹੁੰ-ਚਾਉਣਾ ਅਤੇ ਸੂਬੇ ਨੂੰ ਬਰਬਾਦ ਕਰਨਾ ਹੈ। ਅਕਾਲੀਆਂ ’ਤੇ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀਆਂ ਦਾ ਬਸਪਾ ਨਾਲ ਨਾਪਾਕ ਗਠਜੋੜ ਹੈ ਅਤੇ ਉਨ੍ਹਾਂ ਨੂੰ ਜਾਣਬੁੱਝ ਕੇ ਕਮਜ਼ੋਰ ਸੀਟਾਂ ਅਲਾਟ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੀਟਾਂ ’ਤੇ ਜਿੱਤ ਨਾਲ ਅਕਾਲੀ ਭਾਜਪਾ ਨੂੰ ਲਾਭ ਪਹੁੰਚਾਉਣਗੇ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਇਸ ਗਠਜੋੜ ਦਾ ਮੁੱਖ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਐਸ।ਸੀ। ਭਾਈਚਾਰੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ ਜਾਵੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲ ਨਿਸ਼ਾਨਾਂ ਸਾਧਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਅਫਵਾਹਾਂ ਫੈਲ-ਾਉਣ ਵਾਲਾ ਦੱਸਿਆ ਜਿਸ ਨੂੰ ਸੂਬੇ ਦੇ ਹਿੱਤਾਂ ਦੀ ਬਿਲਕੁੱਲ ਵੀ ਚਿੰਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਸਿਰਫ਼ ਖੋਖਲੇ ਵਾਅਦੇ ਕਰ ਰਿਹਾ ਹੈ ਜਦਕਿ ਉਨ੍ਹਾਂ (ਚੰਨੀ) ਦੀ ਸਰਕਾਰ ਲੋਕਾਂ ਨੂੰ ਬਿਹਤਰ ਪ੍ਰਸ਼ਾਸਨ ਪ੍ਰਦਾਨ ਕਰ ਰਹੀ ਹੈ। ਮੁੱਖ ਮੰਤਰੀ ਚੰਨੀ ਨੇ ਲੋਕਾਂ ਨੂੰ ਕੇਜਰੀਵਾਲ ਐਂਡ ਕੰਪਨੀ ਦੇ ਵੱਡੇ-ਵੱਡੇ ਦਾਅਵਿਆਂ ਤੋਂ ਗੁੰਮਰਾਹ ਹੋਣ ਤੋਂ ਬਚਣ ਲਈ ਕਿਹਾ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪਾਰਟੀ ਪੱਧਰ ਤੋਂ ਬਾਹਰ ਜਾ ਕੇ ਕੁਝ ਸਿਆਸਤਦਾਨਾਂ ਵਲੋਂ ਕੀਤੇ ਨਾਪਾਕ ਗਠਜੋੜ ਨੇ ਪੰਜਾਬ ਨੂੰ ਲੁੱਟਣ



ਲਈ ਆਮ ਆਦਮੀ ਤੋਂ ਸੱਤਾ ਖੋਹ ਲਈ ਹੈ। ਉਨ੍ਹਾਂ ਕਿਹਾ ਕਿ ਇਸ ਗਰੁੱਪ ਦੇ ਮੈਂਬਰਾਂ ਦਾ ਆਪਣੇ ਨਿੱਜ ਸਵਾਰਥਾਂ ਲਈ ਸੂਬੇ ਨੂੰ ਲੁੱਟਣ ਦੇ ਰੂਪ ਵਿੱਚ ਆਪਸੀ ਸਬੰਧ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਹ ਸੱਤਾ ਦੇ ਲਾਲਚ ਵਿੱਚ ਅਜਿਹਾ ਕਰ ਰਹੇ ਹਨ ਜਿੱਥੇ ਹਰ ਪੰਜ ਸਾਲ ਬਾਅਦ ਸ਼ਾਸਕ ਬਦਲਦਾ ਹੈ ਪਰ ਸੱਤਾ ਉਨ੍ਹਾਂ ਦੇ ਹੱਥਾਂ ਵਿੱਚ ਰਹਿੰਦੀ ਹੈ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਹੁਣ ਇਹ ਗਠਜੋੜ ਟੁੱਟ ਗਿਆ ਹੈ ਅਤੇ ਸੱਤਾ ਆਮ ਆਦਮੀ ਕੋਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਜਾਣਦੇ ਹਨ ਕਿ ਪੂਰੇ ਉੱਤਰੀ ਖੇਤਰ ਨਾਲੋਂ ਪੰਜਾਬ ਵਿੱਚ ਪੈਟਰੋਲ ਅਤੇ ਡੀਜ਼ਲ ਸਭ ਤੋਂ ਸਸਤਾ ਹੈ ਅਤੇ ਇਸੇ ਤਰਾਂ ਬਿਜਲੀ ਦੇ ਰੇਟ ਵੀ ਪੂਰੇ ਦੇਸ਼ ਨਾਲੋਂ ਸਭ ਤੋਂ ਸਸਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਨਾਂ ਦੀ ਸਰਕਾਰ ਪਹਿਲਾਂ ਹੀ ਸੂਬੇ ਵਿੱਚ ਰੇਤ ਅਤੇ ਟਰਾਂ-ਸਪੋਰਟ ਮਾਫੀਆ ’ਤੇ ਨੱਥ ਪਾ ਚੁੱਕੀ ਹੈ ਅਤੇ ਅਗਲੀ ਵਾਰੀ ਕੇਬਲ ਮਾਫੀਆ ਦੀ ਹੈ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਕੇਬਲ ਮਾਫੀਆ ਬਾਦਲ ਪਰਿਵਾਰ ਦੇ ਹੱਥਾਂ ਵਿੱਚ ਖੇਡਦਾ ਹੈ ਜੋ ਲੋਕਾਂ ਤੋਂ ਮੋਟੀਆਂ ਦਰਾਂ ਵਸੂਲ ਰਿਹਾ ਹੈ ਅਤੇ ਇਸ ਮਾਫੀਆ ਨੂੰ ਜਲਦੀ ਹੀ ਨੱਥ ਪਾਈ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਖੁਸ਼ਕਿਸਮਤ ਹਨ



ਕਿ ਕਾਂਗਰਸ ਲੀਡਰਸ਼ਿਪ ਨੇ ਉਨਾਂ ਨੂੰ ਸੂਬੇ ਦੀ ਸੇਵਾ ਕਰਨ ਲਈ ਇਹ ਸੁਭਾਗਾ ਮੌਕਾ ਦਿੱਤਾ ਹੈ। ਉਨਾਂ ਕਿਹਾ ਕਿ ਉਹ ਸੂਬੇ ਦੇ ਹਰ ਆਮ ਆਦਮੀ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਕੰਮ ਕਰ ਰਹੇ ਹਨ। ਉਨਾਂ ਦੀ ਸਰਕਾਰ ਵੱਲੋਂ ਵਿੱਢੀਆਂ ਕਈ ਲੋਕ ਪੱਖੀ ਪਹਿਲਕਦਮੀਆਂ ਬਾਰੇ ਦੱਸਦਿਆਂ ਉਨਾਂ ਕਿਹਾ ਕਿ ਬਿਜਲੀ ਬਿੱਲਾਂ ਦੇ 1500 ਕਰੋੜ ਰੁਪਏ ਦੇ ਬਕਾਏ ਮੁਆਫ ਕੀਤੇ ਗਏ , ਘਰੇਲੂ ਖਪਤਕਾਰਾਂ ਲਈ ਬਿਜਲੀ ਦਰਾਂ 3 ਰੁਪਏ ਪ੍ਰਤੀ ਯੂਨਿਟ ਘਟਾਈਆਂ ਗਈਆਂ , ਪੇਂਡੂ ਖੇਤਰਾਂ ਵਿੱਚ ਮੋਟਰਾਂ ਦੇ ਬਿੱਲ ਸਬੰਧ ਵਿੱਚ 1200 ਕਰੋੜ ਰੁਪਏ ਮੁਆਫ ਕੀਤੇ ਗਏ , ਪਾਣੀ ਦੇ ਖਰਚੇ ਘਟਾ ਕੇ 50 ਰੁਪਏ ਕੀਤੇ, ਰੇਤ ਦੇ ਰੇਟ ਘਟਾ ਕੇ 5।50 ਰੁਪਏ ਪ੍ਰਤੀ ਕਿਊਬਿਕ ਫੁੱਟ ਕਰ ਦਿੱਤੇ ਗਏ ਹਨ ਅਤੇ ਗੰਨੇ ਦੀਆਂ ਵਧੀਆਂ 50 ਰੁਪਏ ਪ੍ਰਤੀ ਕੁਵਿੰਟਲ ਦੀਆਂ ਕੀਮਤਾਂ ਵਿੱਚੋਂ ਪੰਜਾਬ ਸਰਕਾਰ ਵਲੋਂ 35 ਰੁ। ਕੌਸਟ ਸ਼ੇਅਰਿੰਗ ਦੇ ਹਿੱਸੇ ਵਜੋਂ ਹਨ। ਜਦਕਿ ਪ੍ਰਾਈਵੇਟ ਮਿੱਲਾਂ ਨੂੰ ਹੁਣ ਸਿਰਫ 15 ਰੁਪਏ ਦਾ ਬੋਝ ਹੀ ਝੱਲਣਾ ਪੈ ਰਿਹਾ ਹੈ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਸਿਰਫ ਇਹਨਾਂ ਹੀ ਨਹੀਂ ਬਲਕਿ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਵੀ ਮਹੱਤਵਪੂਰਨ ਫੈਸਲੇ ਲਏ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਰਾਹਤ ਦੇਣ ਲਈ ਉਨਾਂ ਦੀ ਸਰਕਾਰ ਵੱਲੋਂ ਲਏ ਗਏ ਸਾਰੇ ਫੈਸਲਿਆਂ ਨੂੰ ਤੁਰੰਤ ਲਾਗੂ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਵਿਰੋਧੀ ਧਿਰ ਬਿਨ੍ਹਾਂ ਕਿਸੇ ਮੁੱਦੇ ਤੋਂ ਬੇਬੁਨਿਆਦ ਦੋਸ਼ ਲਗਾ ਰਹੀ ਹੈ। ਸ੍ਰੀ ਚੰਨੀ ਨੇ ਕਿਹਾ ਕਿ ਸਰਕਾਰ ਦੇ ਇਨਾਂ ਲੋਕ ਹਿੱਤੂ ਫੈਸਲਿਆਂ ਨਾਲ ਲੋਕਾਂ ਨੂੰ ਫਾਇਦਾ ਹੋ ਰਿਹਾ ਹੈ।

ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਤਰੱਕੀ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਉਨਾਂ ਕਿਹਾ ਕਿ ਮੁੱਖ ਮੰਤਰੀ ਨੂੰ ਸੂਬੇ ਅਤੇ ਇੱਥੋਂ ਦੇ ਲੋਕਾਂ ਦੀ ਵਿਸ਼ੇਸ਼ ਚਿੰਤਾ ਹੈ। ਰਾਣਾ ਗੁਰਜੀਤ ਸਿੰਘ ਨੇ ਮੁੱਖ ਮੰਤਰੀ ਚੰਨੀ ਨੂੰ ਅਸਲ ‘ਆਮ ਆਦਮੀ’ ਦੱਸਿਆ ਜੋ ਲੋਕਾਂ ਲਈ ਹਮੇਸ਼ਾ ਹਾਜ਼ਰ ਰਹਿੰਦਾ ਹੈ ਅਤੇ ਲੋਕਾਂ ਦੀ ਚਿੰਤਾ ਕਰਦਾ ਹੈ। ਉਨਾਂ ਦੁਆਬਾ ਖੇਤਰ ਲਈ ਵਿਸ਼ੇਸ਼ ਪੈਕੇਜ ਦੀ ਵੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ, ਵਿਧਾਇਕ ਸ੍ਰੀ ਅੰਗਦ ਸਿੰਘ ਅਤੇ ਸ੍ਰੀ ਦਰਸ਼ਨ ਲਾਲ ਮੰਗੂਪੁਰ, ਪੰਜਾਬ ਦੇ ਸਾਬਕਾ ਮੰਤਰੀ ਅਤੇ ਪੰਜਾਬ ਐਗਰੋ ਇੰਡਸਟਰੀਜ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਜੋਗਿੰਦਰ ਸਿੰਘ ਮਾਨ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸ੍ਰੀ ਹੁਸਨ ਲਾਲ, ਸਾਬਕਾ ਵਿਧਾਇਕ ਤਰਲੋਚਨ ਸਿੰਘ ਸੂੰਢ ਤੇ ਮੋਹਨ ਸਿੰਘ ਬੰਗਾ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਬੀਰ ਸਿੰਘ ਪੱਲੀ ਝਿੱਕੀ, ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ, ਸੀਨੀਅਰ ਪੁਲਿਸ ਕਪਤਾਨ ਸ੍ਰੀਮਤੀ ਕੰਵਰਦੀਪ ਕੌਰ ਅਤੇ ਹੋਰ ਮੌਜੂਦ ਸਨ।

# ਦੁਨੀਆ ਦੀ ਸਭ ਤੋਂ ਤਾਕਤਵਰ ਔਰਤ ਬਣੀ ਕਮਲਾ ਹੈਰਿਸ

(ਸਫਾ 1 ਦੀ ਬਾਕੀ)

ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਨੂੰ ਪਲਾਸਟਿਕ ਦਾ ਕਾਰਡ ਸੌਂਪਿਆ ਗਿਆ। ਇਹ ਕੋਈ ਆਮ ਕਾਰਡ ਨਹੀਂ ਹੈ, ਪਰ ਇਹ ਅਮਰੀਕਾ ਦੀਆਂ ਪਰਮਾਣੂ ਮਿਜ਼ਾਈਲਾਂ ਦਾ ਲਾਂਚ ਕੋਡ ਸੀ। ਇਸ ਕਾਰਡ ਦੀ ਮੌਜੂਦਗੀ ਕਾਰਨ, ਕਮਲਾ ਜਦੋਂ ਚਾਹੇ, ਹਜ਼ਾਰਾਂ ਅਮਰੀਕੀ ਮਿਜ਼ਾਈਲਾਂ ਨੂੰ ਲਾਂਚ ਕਰਨ ਦਾ ਹੁਕਮ ਦੇ ਸਕਦੀ ਹੈ।

ਰਾਸ਼ਟਰਪਤੀ ਨੂੰ ਮਿਜ਼ਾਈਲਾਂ ਦਾ ਹੁਕਮ ਦੇਣ ਲਈ, ਮਿਜ਼ਾਈਲ ਲਾਂਚ ਅਫਸਰ ਨੂੰ ਆਪਣੀ ਪਛਾਣ ਸਾਬਤ ਕਰਨੀ ਪਵੇਗੀ। ਇਹ ਪਲਾਸਟਿਕ ਕਾਰਡ ਇਸ ਕੰਮ ਵਿਚ ਲਾ-ਭਦਾਇਕ ਹੈ, ਜੋ ਹਮੇਸ਼ਾ ਰਾਸ਼ਟਰਪਤੀ ਕੋਲ ਹੁੰਦਾ ਹੈ। ਇਹ ਉਹ ਕਾਰਡ ਹੈ ਜੋ ਇੱਕ ਅਮਰੀਕੀ ਰਾਸ਼ਟਰਪਤੀ ਨੂੰ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਬਣਾਉਂਦਾ ਹੈ। ਇਸ ਦੀ ਮਦਦ ਨਾਲ ਰਾਸ਼ਟਰਪਤੀ ਪ੍ਰਮਾਣੂ ਹਮਲੇ ਦਾ ਹੁਕਮ ਦੇ ਸਕਦਾ ਹੈ। ਇਸ ਨੂੰ ਅਕਸਰ ਬਿਸਕੁਟ ਕਿਹਾ ਜਾਂਦਾ ਹੈ। ਕਮਲਾ ਕੁਝ ਸਕਿੰਟਾਂ ਵਿਚ ਮਿਜ਼ਾਈਲਾਂ ਦੇ ਪ੍ਰਭਾਵ ਦਾ ਮੁਲਾਂਕਣ ਕਰ ਸਕਦੀ ਹੈ ਤੇ ਪ੍ਰਮਾਣੂ ਹਮਲੇ ਦਾ ਫੈਸਲਾ ਕਰ ਸਕਦੀ ਹੈ। ਯਾਨੀ ਕਮਲਾ ਇਹ ਫੈਸਲਾ ਲੈਣ ਦੇ ਸਮਰੱਥ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਿਜ਼ਾਈਲਾਂ ਦੀ ਸਮਰੱਥਾ ਇੰਨੀ ਜ਼ਿਆਦਾ ਹੈ ਕਿ ਇਹ ਪਲਕ ਝਪਕਦਿਆਂ ਹੀ ਪੂਰੀ ਮਨੁੱਖਤਾ ਨੂੰ ਤਬਾਹ ਕਰ ਸਕਦੇ ਹਨ।

# ਫਿਲਹਾਲ ਬਾਰਡਰ ਖਾਲੀ ਨਹੀਂ ਕਰਨਗੇ ਕਿਸਾਨ

**ਨਵੀਂ ਦਿੱਲੀ/ਗਾਜ਼ੀਆਬਾਦ (ਬਿਊਰੋ)–** ਦਿੱਲੀ-ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਬਾਰਡਰ (ਯੂ।ਪੀ। ਗੇਟ) 'ਤੇ ਕਿਸਾਨਾਂ ਦੇ ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਨੇ ਹੁਣ ਦਿੱਲੀ ਸਰਹੱਦ ਖਾਲੀ ਕਰਨ ਲਈ ਨਵੀਂ ਸ਼ਰਤ ਰੱਖੀ ਹੈ। ਇਸ ਸ਼ਰਤ ਨੂੰ ਲੈ ਕੇ ਰਾਕੇਸ਼ ਟਿਕੈਤ ਨੇ ਇਸ਼ਾਰਿਆਂ-ਇਸ਼ਾਰਿਆਂ 'ਚ ਕੇਂਦਰ ਸਰਕਾਰ ਨੂੰ ਨਵਾਂ ਅਲਟੀਮੇਟਮ ਦਿੱਤਾ ਹੈ। ਬੀਕੇਯੂ ਆਗੂ ਰਾਕੇਸ਼ ਟਿਕੈਤ ਨੇ ਬੁੱਧਵਾਰ ਨੂੰ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਜੇਕਰ ਅਗਲੇ ਸਾਲ 26 ਜਨਵਰੀ ਤਕ ਕਿਸਾਨਾਂ ਦੀਆਂ ਬਾਕੀ ਸਾਰੀਆਂ 6 ਮੰਗਾਂ ਮੰਨ ਲਈਆਂ ਜਾਂਦੀਆਂ ਹਨ ਤਾਂ ਉਹ ਦਿੱਲੀ-ਐਨ ਸੀ ਆਰ ਦੀਆਂ ਚਾਰ ਸਰਹੱਦਾਂ (ਸਿੰਘੂ, ਸ਼ਾਹਜਹਾਂਪੁਰ, ਟਿੱਕਰੀ ਅਤੇ ਗਾਜ਼ੀਪੁਰ) ਛੱਡ ਦੇਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਆਪਣੇ ਵੱਲੋਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਦੇ ਐਲਾਨ ਤੋਂ ਬਾਅਦ ਹੁਣ ਲੱਗ ਰਿਹਾ ਹੈ ਕਿ ਕਿਸਾਨ ਅੰਦੋਲਨ ਖ਼ਤਮ ਹੋ ਜਾਵੇਗਾ ਤੇ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨ ਆਪਣੇ ਘਰ, ਖੇਤ-ਖਲਿਹਾਨ ਵੱਲ ਵਾਪਸ ਪਰਤ ਜਾਣਗੇ ਪਰ ਅਜਿਹਾ ਹੁੰਦਾ ਨਹੀਂ ਦਿਖਾਈ ਰਿਹਾ ਹੈ। ਕਿਸਾਨ ਆਪਣੀਆਂ 6 ਨੁਕਾਤੀ ਮੰਗਾਂ 'ਤੇ



ਅੜੇ ਹੋਏ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਾਰੀ ਸੰਦੇਸ਼ ਵਿਚ ਇਨ੍ਹਾਂ ਮੰਗਾਂ ਤੋਂ ਜਾਣੂ ਕਰਵਾਇਆ ਹੈ। ਕਿਸਾਨਾਂ ਨੇ ਕਿਹਾ ਹੈ ਕਿ 'ਅਸੀਂ ਵੀ ਚਾਹੁੰਦੇ ਹਾਂ ਕਿ ਇਹ ਬਾਕੀ ਰਹਿੰਦੇ ਮਸਲਿਆਂ ਨੂੰ ਜਲਦੀ ਤੋਂ ਜਲਦੀ ਹੱਲ ਕਰਕੇ ਅਸੀਂ ਆਪਣੇ ਘਰ, ਪਰਿਵਾਰ ਤੇ ਖੇਤੀ 'ਚ ਵਾਪਸ ਆ ਜਾਣ। ਜੇ ਤੁਸੀਂ ਵੀ ਇਹੀ ਚਾਹੁੰਦੇ ਹੋ ਤਾਂ ਸਰਕਾਰ ਨੂੰ ਉਪਰੋਕਤ ਛੇ ਮੁੱਦਿਆਂ 'ਤੇ ਸੰਯੁਕਤ ਕਿਸਾਨ ਮੋਰਚਾ ਨਾਲ ਤੁਰੰਤ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ।

ਸੰਯੁਕਤ ਕਿਸਾਨ ਮੋਰਚਾ ਨੇ ਪੀਐੱਮ ਮੋਦੀ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ 'ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨਾ ਇਸ ਅੰਦੋਲਨ ਦੀ ਇਕਲੌਤੀ ਮੰਗ ਨਹੀਂ ਹੈ। ਸੰਯੁਕਤ ਕਿਸਾਨ ਮੋਰਚਾ ਨੇ ਸਰਕਾਰ ਨਾਲ ਗੱਲਬਾਤ ਦੀ ਸ਼ੁ-ਰੂਆਤ ਤੋਂ ਹੀ ਤਿੰਨ ਹੋਰ ਮੰਗਾਂ ਉਠਾਈਆਂ ਸਨ, ਪਹਿਲੀ ਸੀ ਖੇਤੀ ਦੀ ਸਮੁੱਚੀ ਲਾਗਤ ਦੇ ਆਧਾਰ 'ਤੇ ਘੱਟੋ-ਘੱਟ ਸਮਰਥਨ ਮੁੱਲ (ਛ2+50%) ਨੂੰ, ਸਾਰੀਆਂ ਖੇਤੀ ਉਪਜਾਂ ਤੋਂ ਉੱਪਰ, ਇਕ ਕਾਨੂੰਨੀ। ਤਾਂ ਜੋ ਦੇਸ਼ ਦੇ ਹਰ ਕਿਸਾਨ ਨੂੰ ਸਰਕਾਰ ਵੱਲੋਂ ਐਲਾਨੇ ਘੱਟੋ-ਘੱਟ ਸਮਰਥਨ ਮੁੱਲ 'ਤੇ ਆਪਣੀ ਸਾਰੀ ਫ਼ਸਲ ਖਰੀਦਣ ਦੀ ਗਾਰੰਟੀ ਦਿੱਤੀ ਜਾ ਸਕੇ। ਕਿਸਾਨਾਂ ਨੇ ਪੀਐੱਮ ਮੋਦੀ ਨੂੰ ਯਾਦ ਕਰਵਾਇਆ ਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਨੇ 2011 ਵਿਚ ਤਤਕਾਲੀ ਪ੍ਰਧਾਨ ਮੰਤਰੀ ਨੂੰ ਇਹ ਸਿਫ਼ਾਰਸ਼ ਦਿੱਤੀ ਸੀ ਤੇ ਸਰਕਾਰ ਨੇ ਇਸ ਬਾਰੇ ਸੰਸਦ ਵਿਚ ਐਲਾਨ ਵੀ ਕੀਤਾ ਸੀ।

# ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ


**ਸੈਕਰਾਮੈਂਟੋ ( ਹਸੁਨ ਲੜੋਆ ਬੰਗਾ)** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿ-ਨਾਟੀ ਵਿਖੇ ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਦੀ ਸਮੂਹ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਪੂਰਬ ਦੇ ਸੰਬੰਧ ਵਿੱਚ ਨਿਸ਼ਾਨ ਸਾਹਿਬ ਦੀ ਸੇਵਾ, ਨਗਰ ਕੀਰਤਨ ਸਜਾਏ ਗਏ ਅਤੇ ਰੱਖੇ ਗਏਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਅਤੇ ਵਿਸ਼ੇਸ਼ ਤੌਰ 'ਤੇ ਪੂਰਾ ਹਫਤੇ ਚੱਲੇ ਵਿਸ਼ੇਸ਼ ਕੀਰਤਨ ਸਮਾਗਮਾਂ ਲਈ ਪਹੁੰਚੇ ਪੰਥ ਦੇ ਮਹਾਨ ਕੀਰਤਨੀਏ ਬੀਬੀ ਬਲਜੀਤ ਕੌਰ ਖਾਲਸਾ ਦੇ ਜੱਥੇ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਗੁਰੁ ਸਾਹਿਬ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਅਤੇ ਭਾਰਤ ਵਿੱਚ ਚਲ ਰਹੇ ਕਿਸਾਨ ਅੰਦੋਲਨ ਦੀ ਸਫਲਤਾ 'ਤੇ ਸੰਗਤਾਂ ਨੂੰ ਵਧਾਈ ਦਿੱਤੀ। ਗੁਰਦੁਆਰਾ ਸਾਹਿਬ ਵਿਖੇ ਜੱਦ ਦਾ ਅੰਦੋਲਨ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਇਸ ਦੀ ਸਫਲਤਾ ਲਈ ਅਰਦਾਸ ਕੀਤੀ ਜਾ ਰਹੀ ਹੈ ਤੇ ਹੁਣ ਕਿਸਾਨ ਮੋਰਚੇ ਦੀ ਸਫਲਤਾ ਲਈ ਅਰਦਾਸ ਪੂਰੀ ਹੋਣ 'ਤੇ ਸ਼ੁਕਰਾਨਾਂ ਕੀਤਾ ਗਿਆ। ਬੀਬੀ ਬਲਜੀਤ ਕੌਰ ਖਾਲਸਾ ਜੀ ਦੇ ਜਥੇ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਇਕ ਵਿਸ਼ੇਸ਼ ਮੁਫਤ ਮੈਡੀਕਲ ਕੈਂਪ ਵੀ ਲਗਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿੱਚ ਦਿਲ ਦੇ ਰੋਗਾਂ ਦੇ ਟੈਸਟ (ਈਕੇਜੀ, ਈਸੀਜੀ) ਕੀਤੇ ਗਏ। ਡਾ ਸਤਿੰਦਰ ਸਿੰਘ ਭਾਰਜ ਅਨੁਸਾਰ ਇਸ ਕੈਂਪ ਵਿੱਚ 56 ਸੰਗਤ ਮੈਂਬਰਾਂ ਦੇ ਟੈਸਟ ਕੀਤੇ ਗਏ। ਕਰਾਈਸਟ ਹਸਪਤਾਲ ਤੋਂ ਦਿਲ ਦੇ ਰੋਗਾਂ ਦੇ ਮਾਹਿਰ ਅਤੇ ਮੈਡੀਕਲ ਡਾਇਰੈਕਟਰ ਡਾ। ਸੰਤੋਸ਼ ਮੈਨਨ ਨੇ ਮੈਡੀਕਲ ਜਾਂਚ ਕੀਤੀ ਅਤੇ ਹਰੇਕ ਵਿਅਕਤੀ ਨੂੰ ਜਾਂਚ ਰਿਪੋਰਟ ਵੀ ਦਿੱਤੀਆਂ ਗਈਆਂ।ਇਹਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਣਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ।






# ਓਰਗੋਨ ਪੁਲਿਸ ਵੱਲੋਂ ਭਾਰੀ ਮਾਤਰਾ ਵਿਚ ਗੈਰ ਕਾਨੂੰਨੀ ਭੰਗ ਬਰਾਮਦ

**ਸੈਕਰਾਮੈਂਟੋ 22 ਨਵੰਬਰ (ਹੁਸਨ ਲੜੋਆ ਬੰਗਾ)**–ਓਰਗੋਨ ਰਾਜ ਵਿਚ ਮੈਡਫੋਰਡ ਦੇ ਬਾਹਰਵਾਰ ਪੁਲਿਸ ਨੇ ਇਕ ਛਾਪੇਮਾਰੀ ਦੌਰਾਨ 22 ਕੁਇੰਟਲ ਤੋਂ ਵਧ ਗੈਰ ਕਾਨੂੰਨੀ ਭੰਗ ਬਰਾਮਦ ਕੀਤੀ ਹੈ ਜਿਸ ਦੀ ਅਨੁਮਾਨਤ ਬਜਾਰੀ ਕੀਮਤ 50 ਕਰੋੜ ਡਾਲਰ ਬਣਦੀ ਹੈ। ਪੁਲਿਸ ਨੇ ਕਿਹਾ ਹੈ ਕਿ ਜਦੋਂ ਕਾਨੂੰਨੀ ਤੌਰ 'ਤੇ ਪੂਰੇ ਅਮ-ਰੀਕਾ ਵਿਚ ਭੰਗ ਦੀ ਵਿਕਰੀ ਵਧ ਰਹੀ ਹੈ ਤਦ ਇਸ ਦਰਮਿਆਨ ਇਹ ਵੱਡੀ ਬਰਾਮਦਗੀ ਕੀਤੀ ਗਈ ਹੈ। ਓਰਗੋਨ ਸਟੇਟ ਪੁਲਿਸ ਦੀ ਦੱਖਣ ਪੱਛਮੀ ਡਰੱਗ ਇਨਫੋਰਸਮੈਂਟ ਟੀਮ ਨੇ ਤਲਾਸ਼ੀ ਵਾਰੰਟਾਂ ਉਪਰ ਕਾਰਵਾਈ ਕਰਦਿਆਂ 5 ਸਨਅਤੀ ਆਕਾਰ ਦੇ ਗੁਦਾਮਾਂ ਦੀ ਤਲਾਸ਼ੀ ਲਈ ਜਿਸ ਦੌਰਾਨ ਗੈਰ ਕਾਨੂੰਨੀ ਢੰਗ ਨਾਲ ਵੱਡੀ ਪੱਧਰ ਉਪਰ ਕੀਤੀ ਭੰਗ ਦੀ ਖੇਤੀ ਮਿਲੀ। ਬਿਨਾਂ ਲਾਇਸੰਸ ਦੇ ਏਨੀ ਵੱਡੀ ਪੱਧਰ ਉਪਰ ਖੇਤੀ ਕਰਨਾ ਗੈਰ ਕਾਨੂੰਨੀ ਹੈ। ਪੁਲਿਸ ਨੇ ਲਗਾਤਾਰ ਦੋ ਦਿਨ ਦੌਰਾਨ ਛਾਪੇਮਾਰੀ ਕੀਤੀ ਜਿਸ ਦੌਰਾਨ ਇਕ ਗੰਨ ਵੀ ਬਰਾਮਦ ਹੋਈ ਹੈ। ਇਥੇ ਜਿਕਰਯੋਗ ਹੈ ਕਿ ਓਰਗੋਨ ਰਾਜ ਦੇ ਕਾਨੂੰਨ ਅਨੁਸਾਰ 21 ਸਾਲ ਤੇ ਇਸ ਤੋਂ ਵਧ ਉਮਰ ਦਾ ਬਾਲਗ ਇਕ ਨਿਸ਼ਚਤ ਮਾਤਰਾ ਵਿਚ ਭੰਗ ਦੀ ਵਰਤੋਂ ਕਰ ਸਕਦਾ ਹੈ ਪਰੰਤੂ ਭੰਗ ਦੀ ਵੱਡੀ ਪੱਧਰ ਉਪਰ ਖੇਤੀ ਕਰਨੀ ਗੈਰ ਕਾਨੂੰਨੀ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਛਾਪੇਮਾਰੀ ਦੌਰਾਨ ਹਿਰਾਸਤ ਵਿਚ ਲਏ ਪ੍ਰਵਾਸੀ ਕਾਮੇ ਸਨ ਜੋ ਉਥੇ ਰਹਿ ਰਹੇ ਸਨ। ਉਨ੍ਹਾਂ ਨੂੰ ਪੁੱਛਗਿੱਛ ਕਰਨ ਉਪਰੰਤ ਛੱਡ ਦਿੱਤਾ ਗਿਆ ਹੈ। ਪੁਲਿਸ ਅਨੁਸਾਰ ਗੁਦਾਮਾਂ ਵਿਚ ਰਹਿਣ ਦੇ ਹਾਲਾਤ ਬਹੁਤ ਮਾੜੇ ਹਨ ਤੇ ਉਥੇ ਪੀਣ ਲਈ ਤਾਜਾ ਪਾਣੀ ਤੱਕ ਨਹੀਂ ਹੈ। ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਹੋ ਰਹੀ ਹੈ ਜਿਸ ਨੂੰ ਕੁਝ ਹਫਤੇ ਲੱਗ ਸਕਦੇ ਹਨ।





# ਐਟਲਾਂਟਾ ਕੌਮਾਂਤਰੀ ਹਵਾਈ ਅੱਡੇ 'ਤੇ ਅਚਾਨਕ ਚੱਲੀ ਗੋਲੀ ਦੇ ਮਾਮਲੇ ਵਿਚ ਫਰਾਰ ਵਿਅਕਤੀ ਦੀ ਪੁਲਿਸ ਨੂੰ ਤਲਾਸ਼

**ਸੈਕਰਾਮੈਂਟੋ 22 ਨਵੰਬਰ (ਹੁਸਨ ਲੜੋਆ ਬੰਗਾ)**– ਵਿਸ਼ਵ ਦੇ ਸਭ ਤੋਂ ਵਧ ਰੁਝੇਂਵੇਂ ਵਾਲੇ ਹਵਾਈ ਅੱਡਿਆਂ ਵਿਚ ਸ਼ਾਮਿਲ ਹਾਰਟਸਫੀਲਡ-ਜੈਕਸਨ ਐਟਲਾਂਟਾ ਕੌਮਾਂਤਰੀ ਹਵਾਈ ਅੱਡੇ ਉਪਰ ਬੀਤੇ ਦਿਨ ਇਕ ਅਗਨ ਸ਼ਸ਼ਤਰ ਵਿਚੋਂ ਚਲੀ ਅਚਾਨਕ ਗੋਲੀ ਦੇ ਮਾਮਲੇ ਵਿਚ ਫਰਾਰ ਹੋਏ ਕੈਨੀ ਵੈਲਜ ਨਾਮੀ ਵਿਅਕਤੀ ਦੀ ਪੁਲਿਸ ਭਾਲ ਕਰ ਰਹੀ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਜਿਸ ਹੱਥਿਆਰ ਵਿਚੋਂ ਗੋਲੀ ਚੱਲੀ ਸੀ ਉਹ ਕੈਨੀ ਵੈਲਜ ਨਾਮੀ ਵਿਅਕਤੀ ਦੇ ਬੈਗ ਵਿਚ ਸੀ। ਪੁਲਿਸ ਅਨੁਸਾਰ ਕੈਨੀ ਵੈਲਜ ਯਾਤਰੀਆਂ ਵਿਚ ਸ਼ਾਮਿਲ ਸੀ ਤੇ ਉਹ ਅਚਾਨਕ ਗੋਲੀ ਚੱਲਣ ਉਪਰੰਤ ਹਥਿਆਰ ਸਮੇਤ ਫਰਾਰ ਹੋ ਗਿਆ ਸੀ। ਐਟਲਾਂਟਾ ਪੁਲਿਸ ਵਿਭਾਗ ਏਅਰਪੋਰਟ ਦੇ ਕਮਾਂਡਰ ਰੀਗਨਲਾਡ ਐਲ ਮੂਰਮੈਨ ਨੇ ਕਿਹਾ ਹੈ ਕਿ 42 ਸਾਲਾ ਵੈਲਜ ਦੀ ਕੌਮਾਂਤਰੀ ਹਵਾਈ ਅੱਡੇ ਉਪਰ ਲਕੋ ਕੇ ਹਥਿਆਰ ਲਿਜਾਣ ਸਮੇਤ ਹੋਰ ਦੋਸ਼ਾਂ ਤਹਿਤ ਲੋੜ ਹੈ। ਅਸੀਂ ਉਸ ਦੀ ਗ੍ਰਿਫਤਾਰੀ ਲਈ ਕਾਰਵਾਈ ਕਰ ਰਹੇ ਹਾਂ।

# ਭਾਰਤੀ ਮੂਲ ਦੇ ਅਮਰੀਕੀ ਡਾਕਟਰ ਸੁਰੇਸ਼ ਰੈਡੀ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਬਣੇ

**ਸੈਕਰਾਮੈਂਟੋ 22 ਨਵੰਬਰ (ਹੁਸਨ ਲੜੋਆ ਬੰਗਾ)**– ਭਾਰਤੀ ਮੂਲ ਦੇ ਅਮਰੀਕੀ ਰੇਡਿਆਲੋਜਿਸਟ ਡਾਕਟਰ ਸੁਰੇਸ਼ ਰੈਡੀ ਨੇ ਇਲੀਨੋਇਸ ਦੀ ਇੰਡੀਅਨ ਅਮੈਰੀਕਨ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਵਜੋਂ ਅਹੁੱਦਾ ਸੰਭਾਲ ਲਿਆ ਹੈ। ਇਸ ਸਬੰਧੀ ਸਮਾਗਮ ਓਕਬਰੁੱਕ, ਇਲੀ-ਨੋਇਸ ਵਿਚ ਹੋਇਆ। ਇਸ ਮੌਕੇ ਡਾ ਰੈਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜਿੰ-ਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਨੇ ਆਪਣੀ ਕਾਰਜਕਾਰਣੀ ਵਿਚ ਸ਼ਾਮਿਲ ਮੈਂਬਰਾਂ ਨਾਲ ਵੀ ਜਾਣ ਪਛਾਣ ਕਰਵਾਈ ਜਿਨ੍ਹਾਂ ਵਿਚ ਡਾ ਪਿਊਸ਼ ਵਿਆਸ, ਡਾ ਰਾਧਿਕਾ ਚਿਮਾਟਾ ਤੇ ਡਾ ਮੇਹਰ ਮੈਡਵਰਮ ਸ਼ਾਮਿਲ ਹਨ।



# ਐਟਲਾਂਟਾ ਕੌਮਾਂਤਰੀ ਹਵਾਈ ਅੱਡੇ 'ਤੇ ਅਚਾਨਕ ਚੱਲੀ ਗੋਲੀ

**ਸੈਕਰਾਮੈਂਟੋ 22 ਨਵੰਬਰ (ਹੁਸਨ ਲੜੋਆ ਬੰਗਾ)**–ਹਾਰਟਸਫੀਲਡ- ਜੈਕਸਨ ਐਟਲਾਂਟਾ ਕੌਮਾਂਤਰੀ ਹਵਾਈ ਅੱਡੇ ਉਪਰ ਸਕਿਉਰਿਟੀ ਖੇਤਰ ਵਿਚ ਇਕ ਯਾਤਰੀ ਦੇ ਅਗਨ ਸ਼ਸ਼ਤਰ ਵਿਚੋਂ ਅਚਾਨਕ ਚੱਲੀ ਗੋਲੀ ਕਾਰਨ ਹਫੜਾ ਦਫੜੀ ਮੱਚ ਗਈ ਤੇ ਹਵਾਈ ਉਡਾਣਾਂ ਨੂੰ ਰੋਕਣਾ ਪਿਆ। ਹਵਾਈ ਅੱਡੇ ਦੇ ਬੁਲਾਰੇ ਐਂਡਰੀਉ ਗੋਬੀਲ ਨੇ ਕਿਹਾ ਹੈ ਕਿ ਜਦੋਂ ਦੁਪਹਿਰ 1130 ਵਜੇ ਦੇ ਕਰੀਬ ਯਾਤਰੀ ਸਕਰੀਨਿੰਗ ਪ੍ਰਕ੍ਰਿਆ ਵਿਚੋਂ ਲੰਘ ਰਹੇ ਸਨ ਤਾਂ ਕਿਸੇ ਵਿਅਕਤੀ ਨੇ ਇਕ ਬੈਗ ਵਿਚ ਅਗਨ ਸ਼ਸ਼ਤਰ ਹੋਣ ਦੀ ਗੱਲ ਕਹੀ। ਇਸ 'ਤੇ ਜਦੋਂ ਬੈਗ ਵਿਚੋਂ ਹਥਿਆਰ ਕੱਢਿਆ ਗਿਆ ਤਾਂ ਅਚਾਨਕ ਉਸ ਵਿਚੋਂ ਚੱਲੀ ਗੋਲੀ ਕਾਰਨ ਹੋਈ ਜਬਰਦਸਤ ਆਵਾਜ਼ ਨੇ ਯਾਤਰੀਆਂ ਵਿਚ ਹਫੜਾ ਦਫੜੀ ਮਚਾ ਦਿੱਤੀ। ਯਾਤਰੀ ਇਧਰ ਉਧਰ ਦੌੜਣ ਲੱਗੇ। ਕਈ ਯਾਤਰੀਆਂ ਨੇ ਆਪਣੇ ਆਪ ਨੂੰ ਬਚਾਉਣ ਲਈ ਆਸ ਪਾਸ ਲੁਕਣ ਦਾ ਯਤਨ ਕੀਤਾ। ਕੁਝ ਸਮੇ ਲਈ ਹਵਾਈ ਉਡਾਣਾਂ ਰੋਕਣੀਆਂ ਪਈਆਂ। ਉਨ੍ਹਾਂ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਅਨੁਸਾਰ ਕੁਝ ਸਮੇ ਬਾਅਦ ਹਵਾਈ ਅੱਡੇ ਉਪਰ ਕੰਮ ਆਮ ਦੀ ਤਰਾਂ ਹੋ ਗਿਆ ਤੇ ਉਡਾਣਾਂ ਆਪਣੇ ਨਿਰਧਾਰਤ ਹਵਾਈ ਅੱਡਿਆਂ ਲਈ ਰਵਾਨਾ ਹੋਈਆਂ। ਐਟਲਾਂਟਾ ਪੁਲਿਸ ਦੇ ਬੁਲਾਰੇ ਸਾਰਜੈਂਟ ਜਰੀਅਸ ਡਾਘਰਟੀ ਨੇ ਕਿਹਾ ਹੈ ਕਿ ਇਸ ਘਟਨਾ ਵਿਚ ਕਿਸੇ ਦੇ ਵੀ ਜ਼ਖਮੀ ਹੋਣ ਦੀ ਪੁਸ਼ਟੀ ਨਹੀਂ ਹੋਈ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀ ਇਹ ਨਿਸ਼ਚਤ ਕਰਨ ਲਈ ਜਾਂਚ ਕਰ ਰਹੇ ਹਨ ਕਿ ਗੋਲੀ ਕਿਸ ਹਾਲਾਤ ਵਿਚ ਚੱਲੀ। ਪੁਲਿਸ ਨੇ ਅਗਨ ਸ਼ਸ਼ਤਰ ਸਬੰਧੀ ਵੇਰਵਾ ਨਹੀਂ ਦਿੱਤਾ ਹੈ ਤੇ ਨਾ ਹੀ ਉਸ ਵਿਅਕਤੀ ਬਾਰੇ ਕੋਈ ਜਾਣਕਾਰੀ ਦਿੱਤੀ ਹੈ ਜਿਸ ਦੇ ਬੈਗ ਵਿਚੋਂ ਅਗਨ ਸ਼ਸ਼ਤਰ ਕੱਢਦੇ ਸਮੇ ਅਚਾਨਕ ਚੱਲ ਗਿਆ ਸੀ। ਜਾਂਚ ਵਿਚ ਐਟਲਾਂਟਾ ਪੁਲਿਸ ਦੀ ਐਫ ਬੀ ਆਈ ਤੇ ਏ ਟੀ ਐਫ ਸਹਾਇਤਾ ਕਰ ਰਹੇ ਹਨ। ਵਾਈਟ ਹਾਊਸ ਵੀ ਸਥਿੱਤੀ ਉਪਰ ਨਜਰ ਰਖ ਰਿਹਾ ਹੈ।



# ਏਸ਼ੀਅਨ ਵਿਦਿਆਰਥੀਆਂ ਉਪਰ ਨਸਲੀ ਹਮਲਾ ਕਰਨ ਦੇ ਮਾਮਲੇ ਵਿਚ 4 ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ 22 ਨਵੰਬਰ (ਹੁਸਨ ਲੜੋਆ ਬੰਗਾ)**– ਇਸ ਹਫਤੇ ਫਿਲਾਡੈਲਫੀਆ ਵਿਚ ਇਕ ਰੇਲ ਗੱਡੀ ਵਿਚ ਸਵਾਰ ਏਸ਼ੀਅਨ ਵਿਦਿਆਰਥੀਆਂ ਦੇ ਇਕ ਸਮੂੰਹ ਉਪਰ ਹਮਲਾ ਕਰਨ ਦੇ ਮਾਮਲੇ ਵਿਚ 4 ਨਬਾਲਗ ਲੜਕੀਆਂ ਵਿਰੁੱਧ ਨਸਲੀ ਨਫਰਤ ਤਹਿਤ ਡਰਾਉਣ ਧਮਕਾਉਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਹ ਜਾਣਕਾਰੀ ਫਿਲਾਡੈਲਫੀਆ ਦੇ ਜਿਲ੍ਹਾ ਅਟਾਰਨੀ ਲੈਰੀ ਕਰਾਸਨਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ।

ਪੁਲਿਸ ਮੁੱਖੀ ਥਾਮਸ ਨੈਸਟੈਲ ਦੱਖਣੀ ਪੈਨਸਿਲਵਾਨੀਆ ਟਰਾਂਸਪੋਰਟ ਅਥਾਰਟੀ ਨੇ ਕਿਹਾ ਹੈ ਕਿ ਲੰਘੇ ਬੁੱਧਵਾਰ ਓਲਨੇਅ ਤੋਂ ਰੇਲ ਗੱਡੀ ਵਿਚ ਏਸ਼ੀਅਨ ਵਿਦਿਆਰਥੀ ਜਿਨ੍ਹਾਂ ਵਿਚ 3 ਮੁੰਡੇ ਤੇ ਇਕ ਕੁੜੀ ਸ਼ਾਮਿਲ ਸੀ, ਸਵਾਰ ਹੋਏ ਸਨ। ਉਨ੍ਹਾਂ ਉਪਰ 4 ਲੜਕੀਆਂ ਵੱਲੋਂ ਹਮਲਾ ਕੀਤਾ ਗਿਆ ਜਿਨ੍ਹਾਂ ਨੇ ਹਮਲੇ ਸਮੇ ਨਸਲੀ ਸ਼ਬਦਾਂ ਦੀ ਵਰਤੋਂ ਵੀ ਕੀਤੀ। ਪੁਲਿਸ ਮੁੱਖੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਹਮਲਾ ਬਿਨਾਂ ਕਿਸੇ ਕਾਰਨ ਕੀਤਾ ਗਿਆ ਤੇ ਨਿਸ਼ਚਤ ਤੌਰ 'ਤੇ ਇਹ ਨਸਲੀ ਹਮਲਾ ਸੀ।

ਪੀੜਤ ਵਿਦਿਆਰਥੀਆਂ ਨੇ ਦੱਸਿਆ ਕਿ ਹਮਲਾਵਰਾਂ ਨੇ ਉਨ੍ਹਾਂ ਦੇ ਮੂਲ ਨੂੰ ਲੈ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਤੇ ਕਈ ਤਰਾਂ ਦੇ ਅਪ ਸ਼ਬਦ ਬੋਲੇ। ਹਮਲੇ ਦੌਰਾਨ ਲੜਕੀ ਬੁਰੀ ਤਰਾਂ ਜ਼ਖਮੀ ਹੋ ਗਈ ਸੀ ਤੇ ਉਸ ਨੂੰ ਮਰਹਮ ਪੱਟੀ ਲਈ ਹਸਪਤਾਲ ਲਿਜਾਇਆ ਗਿਆ ਸੀ। ਪੁਲਿਸ ਅਨੁਸਾਰ ਸਾਰੀਆਂ ਸ਼ੱਕੀ ਦੋਸ਼ੀ ਸ਼ਾਹਫਿਆਮ ਲੜਕੀਆਂ ਹਨ ਤੇ ਉਨ੍ਹਾਂ ਦੀ ਉਮਰ 13 ਤੋਂ 16 ਸਾਲਾਂ ਦੇ ਵਿਚਕਾਰ ਹੈ।

# ਕੈਲੀਫੋਰਨੀਆ ਪੁਲਿਸ ਨੂੰ ਲੁੜੀਂਦੇ 16 ਸਾਲ ਤੋਂ ਭਗੌੜੇ ਵਿਅਕਤੀ ਦੀ ਹੋਈ ਮੌਤ

**ਸੈਕਰਾਮੈਂਟੋ 22 ਨਵੰਬਰ (ਹੁਸਨ ਲੜੋਆ ਬੰਗਾ)**–ਗਰੀਨਵਿਲੇ, ਦੱਖਣੀ ਕੈਰੋਲੀਨਾ ਦੇ ਬਾਹਰਵਾਰ ਸੈਨੇਕਾ ਕਸਬੇ ਵਿਚ ਪਿਛਲੇ 16 ਸਾਲਾਂ ਤੋਂ ਜੇਮਜ ਫਿਟਜ਼ਰਾਲਡ ਦੇ ਨਾਂ ਹੇਠ ਰਹਿ ਰਹੇ ਵਿਅਕਤੀ ਦੀ ਮੌਤ ਤੋਂ ਬਾਅਦ ਪਛਾਣ ਫਰੈਡਰਿਕ ਮੈਕਲੀਨ ਨਾਮੀ ਵਿਅਕਤੀ ਵਜੋਂ ਹੋਈ ਹੈ ਜੋ ਐਫ ਬੀ ਆਈ ਵੱਲੋਂ ਲੋੜੀਂਦੇ ਖਤਰਨਾਕ 15 ਭਗੌੜੇ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਿਲ ਸੀ। ਬੀਤੇ ਦਿਨ ਜਦੋਂ ਇਕ ਗਵਾਂਢੀ 70 ਸਾਲਾ ਜੇਮਜ ਫਿਟਜ਼ਰਾਲਡ ਦਾ ਹਾਲ ਚਾਲ ਜਾਣਨ ਲਈ ਉਸ ਦੇ ਘਰ ਗਿਆ ਤਾਂ ਉਸ ਨੂੰ ਇਕ ਖਰਾਬ ਹਾਲਤ ਵਿਚ ਲਾਸ਼ ਮਿਲੀ। ਪੁਲਿਸ ਨੇ ਲਾਸ਼ ਦੀ ਪਛਾਣ ਲਈ ਪੋਸਟ ਮਾਰਟਮ ਦੀ ਰਿਪੋਰਟ ਤੇ ਉਂਗਲਾਂ ਦੇ ਨਿਸ਼ਾਨਾਂ ਦੀ ਵਰਤੋਂ ਕੀਤੀ ਜਿਸ ਦੇ ਆਧਾਰ ਉਪਰ ਪਤਾ ਲੱਗਾ ਕਿ ਇਹ ਜੇਮਜ ਫਿ-ਟਜ਼ਰਾਲਡ ਦੀ ਲਾਸ਼ ਨਹੀਂ ਹੈ ਤੇ ਇਹ ਕੋਈ ਸਧਾਰਨ ਵਿਅਕਤੀ ਦੀ ਲਾਸ਼ ਨਹੀਂ ਹੈ ਬਲਕਿ ਇਹ ਲਾਸ਼ ਫਰੈਡਰਿਕ ਮੈਕਲੀਨ ਦੀ ਹੈ ਜਿਸ ਦੀ ਤਲਾਸ਼ ਐਫ ਬੀ ਆਈ ਪਿਛਲੇ 16 ਸਾਲਾਂ ਤੋਂ ਕਰ ਰਹੀ ਹੈ। ਮੈਕਲੀਨ ਕੈਲੀਫੋਰਨੀਆ ਦੇ ਸੈਨ ਡਇਏਗੋ ਪੁਲਿਸ ਵਿਭਾਗ ਨੂੰ ਇਕ ਬੱਚੇ ਤੇ ਬੱਚੀਆਂ ਉਪਰ ਸਰੀਰਕ ਸ਼ੋਸਣ ਦੇ ਮਕਸਦ ਨਾਲ ਹਮਲੇ ਕਰਨ ਦੇ ਮਾਮਲਿਆਂ ਵਿਚ ਲੋੜੀਂਦਾ ਸੀ। ਇਕ ਬੱਚੀ ਨੂੰ ਉਸ ਨੇ 5 ਸਾਲ ਦੀ ਉਮਰ ਵਿਚ ਆਪਣਾ ਸ਼ਿਕਾਰ ਬਣਾਇਆ । ਇਸ ਸਮੇ ਇਹ ਬੱਚੀ ਜਵਾਨ ਹੋ ਚੁੱਕੀ ਹੈ। ਮੈਕਲੀਨ ਦੇ ਗ੍ਰਿਫਤਾਰੀ ਵਾਰੰਟ 2005 ਵਿਚ ਜਾਰੀ ਕੀਤੇ ਗਏ ਸਨ ਤੇ 2006 ਵਿਚ ਉਸ ਨੂੰ ਭਗੌੜੇ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਸੀ। ਯੂ ਐਸ ਮਾਰਸ਼ਲ ਸੇਵਾ ਦੇ ਮੁੱਖੀ ਰੋਨਾਲਡ ਡੇਵਿਸ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਭਾਵੇਂ ਫਰੈਡਰਿਕ ਮੈਕਲੀਨ ਦੀ ਤਲਾਸ਼ ਖਤਮ ਹੋ ਗਈ ਹੈ ਪਰੰਤੂ ਇਸ ਮਾਮਲੇ ਦੀ ਜਾਂਚ ਜਾਰੀ ਰਹੇਗੀ।



# ਸ੍ਰੀ ਗੁਰੂ ਨਾਨਕ ਦੇਵ ਜੀ ਦਾ 552ਵਾਂ ਗੁਰਪੁਰਬ ਫਰਿਜ਼ਨੋ ਵਿਖੇ ਬੜੀ ਸਰਧਾ ਨਾਲ ਮਨਾਇਆ ਗਿਆ

## ਕਿਸਾਨੀ ਤੇ ਜਿੱਤ ਤੇ ਗੁਰੂ ਸਹਿਬ ਦਾ ਸ਼ੁਕਰਾਨਾ ਕੀਤਾ ਗਿਆ















**ਫਰਿਜ਼ਨੋ, ਕੈਲੀਫੋਰਨੀਆਂ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ):** ਕਿਰਤ ਕਰੋ, ਵੰਡ ਛਕੋ, ਨਾਮ ਜਪੋ ਦਾ ਉਪਦੇਸ਼ ਦੇਣ ਵਾਲੇ ਅਤੇ ਵਹਿਮਾ ਭਰਮਾਂ ਵਿਰੁੱਧ ਆਵਾਜ਼ ਉਠਾਉਣ ਵਾਲੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 552ਵਾਂ ਗੁਰਪੁਰਬ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਸਰਧਾ ਭਾਵਨਾ ਨਾਲ ਮਨਾਇਆ ਗਿਆ। ਜਿੱਥੇ ਐਤਵਾਰ ਦੇ ਦੀਵਾਨ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਯਾਦ ਕਰਦਿਆਂ ਰੂਹਾਨੀ ਗੁਰਮਤਿ ਵਿਚਾਰਾ ਹੋਈਆ ਅਤੇ ਕੀਰਤਨ ਦੀਵਾਨ ਸਜੇ, ਉੱਥੇ ਹੀ ਪਿਛਲੇ ਇੱਕ ਸਾਲ ਤੋ ਦਿੱਲੀ ਦੀਆਂ ਬਰੂੰਹਾਂ ਤੇ ਬੈਠੇ ਕਿਸਾਨਾਂ ਦੀ ਹੋਈ ਜਿੱਤ ਅਤੇ ਪ੍ਰਧਾਨ ਮੰਤਰੀ ਵੱਲੋਂ ਤਿੰਨ ਕਾਲੇ ਕਨੂੰਨ ਵਾਪਸ ਕਰਨ ਲਈ ਕੀਤੇ ਐਲਾਨ ਲਈ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਸੀ, ਅਤੇ ਕਿਰਸਾਨੀ ਦੀ ਚੜਦੀ ਕਲਾ ਲਈ ਗੁਰੂ ਸਹਿਬ ਦਾ ਸ਼ੁਕਰਾਨਾਂ ਵੀ ਕੀਤਾ ਗਿਆ। ਇਹਨਾਂ ਦੀਵਾਨਾ ਵਿੱਚ ਗੁਰੂ ਘਰ ਦੇ ਕੀਰਤਨੀਏ ਡਾ। ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਕਥਾਵਾਚਕ ਭਾਈ ਮਲਕੀਤ ਸਿੰਘ ਨੇ ਗੁਰੂ ਸ਼ਬਦ ਦੀ ਕਥਾ ਦੁਆਰਾ ਸੰਗਤਾਂ ਨੂੰ ਗੁਰੂ ਜੀ ਦੀ ਮਹਿਮਾ ਅਤੇ ਇਤਿਹਾਸ ਸਰਵਨ ਕਰਵਾਇਆ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜੁਗਰਾਜ ਸਿੰਘ ਦੌਧਰ ਨੇ ਸਟੇਜ਼ ਤੋਂ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਵਿਚਾਰਾ ਦੀ ਸਾਂਝ ਪਾਈ ਅਤੇ ਉਹਨਾਂ ਗੁਰ ਪੁਰਬ ਦੀ ਵਧਾਈ ਦਿੱਤੀ ਅਤੇ ਤਿੰਨ ਖੇਤੀ ਕਨੂੰਨਾਂ ਦੀ ਵਾਪਸੀ ਦੇ ਐਲਾਨ ਲਈ ਗੁਰੂ ਸਹਿਬ ਦਾ ਸ਼ੁਕਰਾਨਾ ਕੀਤਾ।

ਸਟੇਜ਼ ਸੰਚਾਲਕ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਕੈਲੀਫੋਰਨੀਆ ਵਿਚ ਕੋਵਿਡ ਰਾਹਤ ਫਰਾਡ ਸਕੀਮ ਰਾਹੀਂ ਵੱਡਾ ਘੁਟਾਲਾ ਕਰਨ ਵਾਲੇ ਪਤੀ-ਪਤਨੀ ਹੋਏ ਫਰਾਰ

**ਸੈਕਰਾਮੈਂਟੋ 19 ਨਵੰਬਰ (ਹੁਸਨ ਲੜੋਆ ਬੰਗਾ)**–ਕੋਵਿਡ ਰਾਹਤ ਫਰਾਡ ਸਕੀਮ ਰਾਹੀਂ ਵੱਡੀ ਪੱਧਰ ਉਪਰ ਘੁਟਾਲਾ ਕਰਨ ਵਿਚ ਨਿਭਾਈ ਭੂਮਿਕਾ ਲਈ ਦੋਸ਼ੀ ਕਰਾਰ ਦਿੱਤੇ ਰਿਚਰਡ ਆਈਵਜ਼ਿਯਾਨ ਤੇ ਉਸ ਦੀ ਪਤਨੀ ਮਾਰੀਟਾ ਟੇਰਾਬੀਲੀਅਨ ਆਪਣੇ ਪੈਰਾਂ ਵਿਚ ਪਾਏ ਇਲੈਕਟ੍ਰਾਨਿਕ ਟਰੈਕਿੰਗ ਕੜੇ ਕੱਟਕੇ ਕੈਲੀਫੋਰਨੀਆ ਸਥਿੱਤ ਆਪਣੇ ਘਰ ਵਿਚੋਂ ਆਪਣੇ ਤਿੰਨ ਛੋਟੇ ਬੱਚਿਆਂ ਨੂੰ ਛੱਡ ਕੇ ਫਰਾਰ ਹੋ ਗਏ ਜਿਨ੍ਹਾਂ ਦੀ ਉਮਰ 13,15 ਤੇ 16 ਸਾਲ ਹੈ। ਉਨ੍ਹਾਂ ਨੇ ਆਪਣੇ ਬੱਚਿਆਂ ਲਈ ਇਕ ਸੰਖੇਪ ਪੱਤਰ ਵੀ ਛੱਡਿਆ ਹੈ ਜਿਸ ਉਪਰ ਲਿਖਿਆ ਹੈ ਕਿ " ਇਕ ਦਿਨ ਫਿਰ ਅਸੀਂ ਇਕੱਠੇ ਹੋਵਾਂਗੇ। ਇਹ ਸਦਾ ਲਈ ਅਲਵਿਦਾ ਨਹੀਂ ਹੈ ਬਲਕਿ ਇਕ ਦੂਸਰੇ ਤੋਂ ਵਿਛੜਣ ਦਾ ਸੰਖੇਪ ਅੰਤਰਾਲ ਹੈ"। ਪਤੀ-ਪਤਨੀ ਨੂੰ ਇਸ ਸਾਲ ਜੂਨ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਐਫ ਬੀ ਆਈ ਪਤੀ-ਪਤਨੀ ਦੀ ਸਰਗਰਮੀ ਨਾਲ ਤਲਾਸ਼ ਕਰ ਰਹੀ ਹੈ। ਇਕ ਅਦਾਲਤ ਨੇ ਪਤੀ-ਪਤਨੀ ਦੀ ਗੈਰ ਹਾਜਰੀ ਵਿਚ ਸਜ਼ਾ ਸੁਣਾਉਂਦਿਆਂ 43 ਸਾਲਾ ਆਈਵਜ਼ਿਯਾਨ ਤੇ 37 ਸਾਲਾ ਟੇਰਾਬੀਲੀਅਨ ਨੂੰ ਸਾਢੇ 17 ਸਾਲ ਕੈਦ ਦੀ ਸਜ਼ਾ ਸੁਣਾਈ। ਇਸਤਗਾਸਾ ਪੱਖ ਅਨੁਸਾਰ ਪਤੀ-ਪਤਨੀ ਨੇ ਹੋਰਨਾਂ ਨਾਲ ਮਿਲਕੇ ਕੋਵਿਡ ਮਹਾਮਾਰੀ ਦੌਰਾਨ ਰਾਹਤ ਸਕੀਮ ਰਾਹੀਂ 2 ਕਰੋੜ ਡਾਲਰ ਤੋਂ ਵਧ ਦਾ ਘੁਟਾਲਾ ਕੀਤਾ।





SKY TRANSPORT SOLUTIONS
STRIVE FOR MORE



WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਦੇਸ਼ ਦੁਆਬਾ

# ਲੋਕਰਾਜ ਦੀ ਦੁਰਲੱਭ ਤੇ ਜਵਾਬੀ ਜਿੱਤ

ਰਾਮਚੰਦਰ ਗੁਹਾ

ਬਾਜ਼ਾਰ ਪੱਖੀ ਅਰਥਸ਼ਾਸਤਰੀਆਂ ਨੇ ਤਿੰਨ ਖੇਤੀ ਕਾਨੂੰਨਾਂ, ਜੋ ਹੁਣ ਵਾਪਸ ਲਏ ਜਾ ਰਹੇ ਹਨ, ਦੀ ਪ੍ਰੋੜ੍ਹਤਾ ਇਸ ਵਿਸ਼ਵਾਸ ਨਾਲ ਕੀਤੀ ਸੀ ਕਿ ਇਸ ਨਾਲ ਆਮਦਨ ਅਤੇ ਉਤਪਾਦਕਤਾ ਵਧੇਗੀ। ਖੱਬੇ ਪੱਖੀ ਅਰਥਸ਼ਾਸਤਰੀਆਂ ਨੇ ਇਸ ਵਿਸ਼ਵਾਸ ਨਾਲ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਸੀ ਕਿ ਇਨ੍ਹਾਂ ਕਰ ਕੇ ਵੱਡੀਆਂ ਕਾਰੋਬਾਰੀ ਕੰਪਨੀਆਂ ਅੱਗੇ ਕਿਸਾਨਾਂ ਦੀ ਪੇਸ਼ ਨਹੀਂ ਚੱਲਣੀ। ਉਂਜ, ਇਨ੍ਹਾਂ ਸਤਰਾਂ ਦੇ ਲੇਖਕ ਨੂੰ ਇਹ ਜਾਪਦਾ ਹੈ ਕਿ ਬਹੁਤੀ ਸਮੱਸਿਆ ਖੇਤੀ ਕਾਨੂੰਨਾਂ ਦੀ ਨਹੀਂ ਹੈ ਸਗੋਂ ਉਸ ਮਨਸ਼ੇ ਅਤੇ ਉਸ ਦੇ ਫਰੇਬ ਦੀ ਹੈ ਜਿਸ ਨਾਲ ਇਹ ਤਿਆਰ ਕਰਵਾ ਕੇ ਪਾਸ ਕਰਵਾਏ ਗਏ ਸਨ। ਕਾਨੂੰਨ ਤਿਆਰ ਕਰਨ ਮਗਰੋਂ ਕਿਸਾਨਾਂ ਦੇ ਅੰਦੋਲਨ ਨਾਲ ਸਿੱਝਣ ਦਾ ਹਰ ਉਹ ਢੰਗ ਤਰੀਕਾ ਅਪਣਾਇਆ ਗਿਆ, ਜੋ ਜਮਹੂਰੀ ਤੌਰ ਤਰੀਕਿਆਂ ਤੇ ਰਵਾਇਤਾਂ ਦੀ ਸਿੱਧੀ ਉਲੰਘਣਾ ਸੀ। ਭਾਰਤ ਦੇ ਸੰਵਿਧਾਨ ਵਿਚ ਖੇਤੀਬਾੜੀ ਨੂੰ ਸੂਬਾਈ ਵਿਸ਼ੇ ਵਜੋਂ ਦਰਜ ਕੀਤਾ ਗਿਆ ਹੈ ਤਾਂ ਵੀ ਹਾਲੇ ਤੱਕ ਇਹੀ ਸੁਣਨ 'ਚ ਆਇਆ ਸੀ ਕਿ ਤਿੰਨ ਖੇਤੀ ਕਾਨੂੰਨ ਨਾ ਕੇਵਲ ਦੂਜੇ ਸੂਬਿਆਂ ਸਗੋਂ ਭਾਜਪਾ ਦੇ ਸ਼ਾਸਨ ਵਾਲੇ ਸੂਬਿਆਂ ਨਾਲ ਵੀ ਸਲਾਹ ਮਸ਼ਵਰਾ ਕੀਤੇ ਬਗ਼ੈਰ ਤਿਆਰ ਕਰ ਲਏ ਗਏ। ਦਰਅਸਲ, ਜਿਹੋ ਜਿਹੇ ਸਰਕਾਰ ਦੇ ਕੰਮ ਢੰਗ ਹਨ, ਉਨ੍ਹਾਂ ਮੁਤਾਬਕ ਇਹ ਆਸਾਰ ਜ਼ਿਆਦਾ ਹਨ ਕਿ ਸਾਰਾ ਖਰੜਾ ਪ੍ਰਧਾਨ ਮੰਤਰੀ ਦਫ਼ਤਰ ਵਿਚ ਹੀ ਤਿਆਰ ਕਰ ਲਿਆ ਗਿਆ ਹੋਵੇ ਤੇ ਇਸ ਸਬੰਧ ਵਿਚ ਕੈਬਨਿਟ ਮੰਤਰੀਆਂ ਅਤੇ ਖੇਤੀਬਾੜੀ ਮੰਤਰਾਲੇ ਦੀ ਵੀ ਸੱਦ-ਪੁੱਛ ਨਾ ਹੋਈ ਹੋਵੇ।

ਮਈ 2014 ਵਿਚ ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਉਦੋਂ ਤੋਂ ਹੀ ਇਸ ਦਾ ਇਕ ਖ਼ਾਸ ਲੱਛਣ ਰਿਹਾ ਹੈ ਕਿ ਇਹ ਸਰਕਾਰ ਅਜਿਹੇ ਇਕਤਰਫ਼ਾ ਫ਼ੈਸਲੇ ਲੈਂਦੀ ਹੈ ਜਿਨ੍ਹਾਂ ਦਾ ਕਰੋੜਾਂ ਲੋਕਾਂ 'ਤੇ ਆਮ ਕਰ ਕੇ ਮਾੜਾ ਅਸਰ ਪੈਂਦਾ ਹੈ। ਉਂਜ, ਸਾਡੇ ਵਰਗੇ ਵਿਸ਼ਾਲ ਮੁਲਕ ਦੇ ਚੌਗਿਰਦੇ ਦੀ ਵੰਨ-ਸੁਵੰਨਤਾ ਦੇ ਮੱਦੇਨਜ਼ਰ ਖੇਤੀਬਾੜੀ ਜਿਹੇ ਖੇਤਰ ਵਿਚ ਇਕਰੂਪੀ ਸਾਂਚਾ ਸਭਨਾਂ ਲਈ ਉਪਰੋਂ ਅਮਲ ਵਿਚ ਲਿਆਉਣ ਦਾ ਤਰੀਕਾਕਾਰ ਬਹੁਤਾ ਲਾਭਦਾਇਕ ਨਹੀਂ ਹੈ। ਜਦੋਂ ਹਰੇਕ ਸੂਬੇ ਦੀ ਭੋਂ, ਪਾਣੀ ਦੇ ਸਰੋਤ, ਫ਼ਸਲੀ ਵਿਧੀਆਂ ਤੇ ਜ਼ਮੀਨੀ ਵਰਤੋਂ ਦੇ ਤੌਰ ਤਰੀਕੇ ਵੱਖੋ-ਵੱਖਰੇ ਹਨ ਅਤੇ ਸੂਬਿਆਂ ਅੰਦਰ ਵੀ ਤਰ੍ਹਾਂ ਤਰ੍ਹਾਂ ਦੀਆਂ ਵਿਧੀਆਂ ਮੌਜੂਦ ਹਨ ਤਾਂ ਕੋਈ ਪ੍ਰਧਾਨ ਮੰਤਰੀ ਕਿਵੇਂ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤੇ ਬਗ਼ੈਰ ਇਸ ਤਰ੍ਹਾਂ ਦੇ ਵਿਵਾਦਗ੍ਰਸਤ ਕਦਮ ਉਠਾ ਸਕਦਾ ਹੈ।

ਜਦੋਂ ਸਰਕਾਰ ਇਹ ਖੇਤੀ ਕਾਨੂੰਨ ਪਾਰਲੀਮੈਂਟ ਵਿਚ ਲੈ ਕੇ ਗਈ ਤਾਂ ਲੋਕਰਾਜੀ ਰਵਾਇਤਾਂ ਦੀ ਪ੍ਰਵਾਹ ਕੀਤੇ ਬਗ਼ੈਰ ਇਨ੍ਹਾਂ ਨੂੰ ਧੱਕੇ ਨਾਲ ਪਾਸ ਕਰਵਾ ਲਿਆ ਗਿਆ। ਇਨ੍ਹਾਂ ਕਾਨੂੰਨਾਂ ਦੇ ਦੂਰ-ਰਸ ਪ੍ਰਭਾਵ ਦੇ ਮੱਦੇਨਜ਼ਰ ਸਿਆਣਪ ਵਾਲੀ ਗੱਲ ਤਾਂ ਇਹ ਸੀ ਕਿ ਇਨ੍ਹਾਂ ਬਿੱਲਾਂ ਨੂੰ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਜਾਂਦਾ, ਜੋ ਵਿਸ਼ੇ ਦੇ ਮਾਹਿਰਾਂ ਨੂੰ ਬੁਲਾ ਕੇ ਇਨ੍ਹਾਂ ਕਾਨੂੰਨਾਂ 'ਤੇ ਤਫ਼ਸੀਲ ਨਾਲ ਵਿਚਾਰ ਚਰਚਾ ਕਰਵਾਉਂਦੀ ਤਾਂ ਕਿ ਇਨ੍ਹਾਂ ਵਿਚ ਸੁਧਾਰ ਲਿਆਉਣ ਵਿਚ ਮਦਦ ਮਿਲਦੀ। ਇਸ ਕਿਸਮ ਦੇ ਇਹਤਿਆਤੀ ਕਦਮ ਨਾ ਉਠਾਉਣਾ ਵੀ ਇਸ ਸਰਕਾਰ ਦਾ ਖ਼ਾਸ ਲੱਛਣ ਹੈ।

ਲੋਕ ਸਭਾ ਵਿਚ ਭਾਜਪਾ ਦਾ ਸਪੱਸ਼ਟ ਬਹੁਮਤ ਹੋਣ ਦਾ ਮਤਲਬ ਸੀ ਕਿ ਖੇਤੀ ਬਿਲ ਆਸਾਨੀ ਨਾਲ ਪਾਸ ਹੋ ਜਾਣਗੇ। ਪਰ ਜਦੋਂ ਉਹ ਰਾਜ ਸਭਾ ਵਿਚ ਆਏ ਤਾਂ ਭਾਜਪਾ ਨੂੰ ਉਨ੍ਹਾਂ ਉਤੇ ਬਹੁਮਤ ਹਾਸਲ ਹੋਣ ਦਾ ਯਕੀਨ ਨਹੀਂ ਸੀ। ਇੱਥੇ ਵਿਰੋਧੀ ਧਿਰ ਬਿਹਤਰ ਸਥਿਤੀ ਵਿਚ ਸੀ ਅਤੇ ਉਸ ਨੂੰ ਆਸ ਸੀ ਕਿ ਮਾਮਲੇ 'ਤੇ ਬਿਹਤਰ ਢੰਗ ਨਾਲ ਬਹਿਸ ਹੋ ਸਕੇਗੀ ਪਰ ਰਾਜ ਸਭਾ ਦੇ ਡਿਪਟੀ ਚੇਅਰਮੈਨ ਹਰਿਵੰਸ਼ ਨੇ ਇਸ ਤਰ੍ਹਾਂ ਨਾ ਹੋਣ ਦਿੱਤਾ ਅਤੇ ਉਨ੍ਹਾਂ ਦਾ ਇਹ ਵਿਹਾਰ ਹਰਗਿਜ਼ ਆਪਣੇ ਅਹੁਦੇ ਨਾਲ ਮੇਲ ਨਹੀਂ ਖਾਂਦਾ ਸੀ ਤੇ ਉਨ੍ਹਾਂ ਮਾਮਲੇ 'ਤੇ ਵੋਟਿੰਗ ਕਰਾਉਣ ਦੀ ਆਗਿਆ ਨਾ ਦਿੱਤੀ ਅਤੇ 'ਜ਼ੁਬਾਨੀ ਵੋਟਾਂ' ਦੀ ਆੜ ਹੇਠ ਖੇਤੀ ਬਿਲਾਂ ਨੂੰ ਪਾਸ ਹੋਏ ਕਰਾਰ ਦੇ ਦਿੱਤਾ। ਬੁੱਕਲ ਦੇ ਗੁੜ ਵਾਂਗ ਜਿਵੇਂ ਇਨ੍ਹਾਂ ਬਿਲਾਂ ਦਾ ਖਰੜਾ ਤਿਆਰ ਕੀਤਾ ਗਿਆ ਅਤੇ ਜਿਸ ਕਾਹਲ ਨਾਲ ਇਹ ਪਾਸ ਕਰਵਾ ਲਏ ਗਏ, ਉਸ ਨਾਲ ਉੱਤਰੀ ਭਾਰਤ ਦੇ ਕਿਸਾਨਾਂ ਅੰਦਰ ਵੱਡੇ ਪੱਧਰ 'ਤੇ ਰੋਸ ਪੈਦਾ ਹੋ ਗਿਆ। ਜੇ ਸੂਬਿਆਂ ਦੇ ਖੇਤੀਬਾੜੀ ਮੰਤਰੀਆਂ ਨਾਲ ਪਾਰਦਰਸ਼ੀ ਤਰੀਕੇ ਨਾਲ ਵਿਚਾਰ ਚਰਚਾ ਕੀਤੀ ਹੁੰਦੀ, ਕਾਨੂੰਨਾਂ ਦਾ ਮਸੌਦਾ ਤਿਆਰ ਕਰਨ ਲਈ ਸਬੰਧਤ ਧਿਰਾਂ ਦੇ ਸੁਝਾਅ ਤੇ ਇਤਰਾਜ਼ ਮੰਗਵਾਏ ਹੁੰਦੇ ਅਤੇ ਜੇ ਪਾਰਲੀਮੈਂਟ ਨੂੰ ਮੁੱਦੇ 'ਤੇ ਸੁਚੱਜੇ ਢੰਗ ਨਾਲ ਬਹਿਸ ਕਰਨ ਦੀ ਖੁੱਲ੍ਹ ਦਿੱਤੀ ਜਾਂਦੀ ਤਾਂ ਸ਼ਾਇਦ ਇਸ ਦਾ ਨਤੀਜਾ ਬਿਲਕੁਲ ਵੱਖਰਾ ਹੋਣਾ ਸੀ। ਅੰਬਾਨੀਆਂ ਤੇ ਅਡਾ-ਨੀਆਂ ਵਰਗੇ ਕਾਰਪੋਰੇਟ ਘਰਾਣੇ ਜਿਵੇਂ ਖੇਤੀਬਾੜੀ ਖੇਤਰ ਵਿਚ ਦਾਖ਼ਲ ਹੋ ਰਹੇ ਸਨ, ਇਸ ਤੱਥ ਦੇ ਮੱਦੇਨਜ਼ਰ ਕਿਸਾਨਾਂ ਅੰਦਰ ਬੇਚੈਨੀ ਹੋਰ ਵਧ ਗਈ। ਜਿਵੇਂ ਕਿ ਇਸ ਸਾਲ ਦੇ ਸ਼ੁਰੂ ਵਿਚ ਇਕ ਟਿੱਪਣੀਕਾਰ ਨੇ ਲਿਖਿਆ ਸੀ: 'ਖੇਤੀ ਕਾਨੂੰਨਾਂ ਦੀ ਜਿਹੋ ਜਿਹੀ ਫ਼ਿਤਰਤ ਹੈ, ਉਸ ਮੁਤਾਬਕ ਅਡਾਨੀ ਗਰੁਪ ਨੂੰ ਇਨ੍ਹਾਂ ਦਾ ਚੋਖਾ ਲਾਹਾ ਮਿਲਣਾ ਤੈਅ ਹੈ। (ਹਰਤੋਸ਼ ਸਿੰਘ ਬੱਲ, 'ਦਿ ਕਾਰਵਾਂ', ਮਾਰਚ 2021)

ਇਨ੍ਹਾਂ ਖੇਤੀ ਕਾਨੂੰਨਾਂ ਦਾ ਪਾਸ ਹੋਣਾ ਸਾਡੇ ਗਣਰਾਜ ਦੇ ਸੰਘੀ ਢਾਂਚੇ ਤੇ ਖ਼ੁਦ ਪਾਰਲੀਮੈਂਟ ਪ੍ਰਤੀ ਮੋਦੀ ਸਰਕਾਰ ਦੇ ਤਿਰਸਕਾਰ ਨੂੰ ਦਰਸਾਉਂਦਾ ਸੀ। ਲੋਕਰਾਜੀ ਪ੍ਰਤੀਨਿਧਤਾ ਦੇ ਆਮ ਚੈਨਲਾਂ ਨੂੰ ਜਿਵੇਂ ਪ੍ਰਧਾਨ ਮੰਤਰੀ ਵਲੋਂ ਨਜ਼ਰਅੰਦਾਜ਼ ਕੀਤਾ ਗਿਆ, ਉਸ ਦਾ ਟਾਕਰਾ ਕਰਨ ਲਈ ਕਿਸਾਨਾਂ ਨੇ ਸੱਤਿਆਗ੍ਰਹਿ ਦਾ ਰਾਹ ਅਖ਼ਤਿਆਰ ਕਰ ਲਿਆ। ਉਹ ਵੱਡੀ ਤਾਦਾਦ ਵਿਚ ਇਕਜੁੱਟ ਹੋ ਕੇ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ ਆਣ ਕੇ ਬੈਠ ਗਏ ਤੇ ਖੁੱਲ੍ਹੇ ਆਸਮਾਨ ਹੇਠ ਰਹਿੰਦੇ ਤੇ ਸੌਂਦੇ ਰਹੇ ਅਤੇ ਗਾਣੇ ਗਾਉਂਦੇ ਰਹੇ ਤੇ ਬਾਤਾਂ ਪਾਉਂਦੇ ਰਹੇ।

ਅੰਦੋਲਨ ਦੀ ਖ਼ਾਸੀਅਤ ਇਹ ਹੈ ਕਿ ਇਹ ਬਿਲਕੁਲ ਵੀ ਹਿੰਸਕ ਨਹੀਂ ਹੋਇਆ ਪਰ ਤਾਂ ਵੀ ਕੇਂਦਰ ਸਰਕਾਰ ਨੇ ਇਸ ਪ੍ਰਤੀ ਵਹਿਸ਼ੀ ਰੁਖ਼ ਅਖਤਿਆਰ ਕੀਤਾ। ਰੋਸ ਮੁਜ਼ਾਹਰਿਆਂ ਵਿਚ ਸ਼ਾਮਲ ਹੋਣ ਜਾ ਰਹੇ ਲੋਕਾਂ 'ਤੇ ਪਾਣੀ ਦੀਆਂ ਬੁਛਾੜਾਂ ਸੁੱਟੀਆਂ ਗਈਆਂ, ਸੜਕਾਂ 'ਤੇ ਕਿੱਲ ਗੱਡ ਦਿੱਤੇ ਗਏ ਤੇ ਇੰਟਰਨੈੱਟ ਬੰਦ ਕਰਾ ਦਿੱਤਾ ਗਿਆ। ਇਕ ਪਾਸੇ ਸਰਕਾਰ ਸਿੱਧਮ-ਸਿੱਧਾ ਕਹਿਰ ਢਾਹ ਰਹੀ ਸੀ ਤੇ ਦੂਜੇ ਪਾਸੇ ਗੋਦੀ ਮੀਡੀਆ ਕਿਸਾਨਾਂ ਨੂੰ ਖ਼ਾਲਿਸਤਾਨੀ ਪ੍ਰਚਾਰਨ 'ਤੇ ਤੁਲਿਆ ਹੋਇਆ ਸੀ ਪਰ ਇਹ ਸਤਿਆਗ੍ਰਹੀ ਕਿਸਾਨ ਅਡੋਲ ਰਹੇ। ਇਸ ਦੌਰਾਨ ਸੈਂਕੜੇ ਕਿਸਾਨ ਬਿਮਾਰੀ ਜਾਂ ਹਾਦਸਿਆਂ ਕਰ ਕੇ ਫ਼ੌਤ ਹੋ ਗਏ ਪਰ ਫਿਰ ਵੀ ਅੰਦੋਲਨ ਦੇ ਪੰਡਾਲਾਂ ਵਿਚ ਗਿਣਤੀ ਵਧਦੀ ਹੀ ਰਹੀ। ਮਾਮਲੇ ਦੇ ਹੱਲ ਲਈ ਕੇਂਦਰ ਸਰਕਾਰ ਦੇ ਮੰਤਰੀਆਂ ਨੂੰ ਕਿਸਾਨ ਆਗੂਆਂ ਨਾਲ ਕਈ ਮੀਟਿੰਗਾਂ ਕਰਨੀਆਂ ਪਈਆਂ ਹਾਲਾਂਕਿ ਪ੍ਰਧਾਨ ਮੰਤਰੀ ਨੇ ਕਦੇ ਆਪ ਉਨ੍ਹਾਂ ਦੀ ਗੱਲ ਸੁਣਨ ਦੀ ਖੇਚਲ ਨਹੀਂ ਕੀਤੀ।

ਰਾਜਧਾਨੀ ਦੇ ਬਾਹਰ ਬੈਠੇ ਕਿਸਾਨ ਅੰਦੋਲਨਕਾਰੀਆਂ ਬਾਰੇ ਇਕ ਸਾਲ ਦੇ ਅਰਸੇ ਦੌਰਾਨ ਨਰਿੰਦਰ ਮੋਦੀ ਨੇ ਸਿਰਫ਼ ਇਕ ਵਾਰ ਸਿੱਧੇ ਤੌਰ 'ਤੇ ਹਵਾਲਾ ਦਿੱਤਾ ਸੀ ਜਦੋਂ ਉਨ੍ਹਾਂ ਪਾਰਲੀਮੈਂਟ ਵਿਚ ਸਤਿਆਗ੍ਰਹੀਆਂ ਨੂੰ 'ਅੰਦੋਲਨਜੀਵੀ' ਕਹਿ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਸੀ। ਸ਼ਾਇਦ ਉਨ੍ਹਾਂ ਨੂੰ ਉਮੀਦ ਸੀ ਕਿ ਅੰਦੋਲਨ ਦਾ ਦਮ ਨਿਕਲ ਜਾਵੇਗਾ ਪਰ ਇੰਜ ਹੋਇਆ ਨਹੀਂ। ਹੁਣ ਜਦੋਂ ਪੰਜ ਰਾਜਾਂ ਦੀਆਂ ਚੋਣਾਂ ਨੇੜੇ ਆ ਗਈਆਂ ਹਨ ਤੇ ਇਨ੍ਹਾਂ 'ਚੋਂ ਬਹੁਤੇ ਰਾਜਾਂ ਵਿਚ ਭਾਜਪਾ ਦੀ ਹਾਲਤ ਪਤਲੀ ਜਾਪਦੀ ਹੈ ਤਾਂ ਆਖਰਕਾਰ ਲੰਘੇ ਸ਼ੁੱਕਰਵਾਰ 19 ਨਵੰਬਰ ਨੂੰ ਪ੍ਰਧਾਨ ਮੰਤਰੀ ਨੂੰ ਆਪਣੇ ਭਾਸ਼ਣ ਵਿਚ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕਰਨਾ ਪਿਆ।

ਸਤਾਰਾਂ ਮਿੰਟ ਦੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਨੇ ਆਪਣੇ ਜਨਤਕ ਜੀਵਨ ਦੇ ਪੰਜ ਦਹਾਕਿਆਂ ਵਿਚ ਉਨ੍ਹਾਂ ਵਲੋਂ ਕਿਸਾਨਾਂ ਦੇ ਹਿੱਤ ਵਿਚ ਕੀਤੇ ਗਏ ਕਾਰਜਾਂ ਦਾ ਕਰੀਬ ਪੰਦਰਾਂ ਮਿੰਟ ਵਿਖਿਆਨ ਕਰਨ ਤੋਂ ਬਾਅਦ ਇਹ ਐਲਾਨ ਕੀਤਾ। ਕੁਝ ਵੀ ਹੋਵੇ, ਉਨ੍ਹਾਂ ਵਲੋਂ ਫੈਸਲਾ ਵਾਪਸ ਲੈਣਾ ਕੋਈ ਛੋਟੀ ਗੱਲ ਨਹੀਂ ਹੈ ਤੇ ਸ਼ਾਇਦ ਇਹ ਪਹਿਲਾ ਮੌਕਾ ਹੈ ਜਦੋਂ ਉਨ੍ਹਾਂ ਦੀ ਕਿਸੇ ਕਾਰਵਾਈ ਤੋਂ ਦੁਖੀ ਲੋਕਾਂ ਅੱਗੇ ਉਨ੍ਹਾਂ ਨੂੰ ਝੁਕਣਾ ਪਿਆ ਹੈ। ਯਾਦ ਕਰੋ ਸਾਲ 2002 ਦਾ ਕਤਲੇਆਮ, ਜੋ ਉਨ੍ਹਾਂ ਦੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਵਾਪਰਿਆ ਸੀ ਤੇ ਉਦੋਂ ਵੀ ਨਰਿੰਦਰ ਮੋਦੀ ਨੇ ਕੋਈ ਪਛਤਾਵਾ ਜ਼ਾਹਰ ਨਹੀਂ ਕੀਤਾ ਸੀ। ਕਈ ਸਾਲਾਂ ਬਾਅਦ ਜਦੋਂ ਇਕ ਵਿਦੇਸ਼ੀ ਪੱਤਰਕਾਰ ਨੇ ਇਸ ਮਾਮਲੇ 'ਤੇ ਉਨ੍ਹਾਂ ਨੂੰ ਸਵਾਲ ਕੀਤਾ ਸੀ ਤਾਂ ਉਨ੍ਹਾਂ ਦੰਗਿਆਂ ਵਿਚ ਮਾਰੇ ਗਏ ਲੋਕਾਂ (ਬਹੁਤੇ ਮੁਸਲਮਾਨ) ਦੀ ਤੁਲਨਾ ਸਬੱਬੀਂ ਕਾਰ ਦੇ ਪਹੀਏ ਹੇਠ ਆ ਕੇ ਮਰਨ ਵਾਲੇ ਕਤੂਰੇ ਨਾਲ ਕੀਤੀ ਸੀ। ਇਸ ਤੋਂ ਬਾਅਦ ਹੋਈਆਂ ਕੁਝ ਹੋਰ ਮਨੁੱਖੀ ਤ੍ਰਾਸਦੀਆਂ ਜਿਨ੍ਹਾਂ ਲਈ ਉਹ ਸਿੱਧੇ ਤੌਰ 'ਤੇ ਜ਼ਿੰਮੇਵਾਰ ਸਨ, ਮੁਤੱਲਕ ਵੀ ਉਨ੍ਹਾਂ ਕਦੇ ਕੁਝ ਨਹੀਂ ਆਖਿਆ। 2016 ਵਿਚ ਕੀਤੀ ਨੋਟਬੰਦੀ ਜਾਂ ਕੁਝ ਹੋਰ ਘਟਨਾਵਾਂ ਬਾਰੇ ਵੀ ਉਨ੍ਹਾਂ ਕਦੇ ਅਫ਼ਸੋਸ ਜ਼ਾਹਰ ਨਹੀਂ ਕੀਤਾ ਜਿਸ ਕਰ ਕੇ ਭਾਰਤੀ ਅਰਥਚਾਰੇ ਦੀ ਤਬਾਹੀ ਹੋਈ ਸੀ ਅਤੇ ਕਰੋੜਾਂ ਪਰਿਵਾਰਾਂ ਦੀਆਂ ਜ਼ਿੰਦਗੀਆਂ ਰੁਲ਼ ਗਈਆਂ ਸਨ, ਜਾਂ 2020 ਦਾ ਲੌਕਡ-ਾਊਨ ਜਿਸ ਕਰ ਕੇ ਪਰਵਾਸੀ ਮਜ਼ਦੂਰਾਂ 'ਤੇ ਪਏ ਅਸਰ ਦੀਆਂ ਕਹਾਣੀਆਂ, ਜੋ ਕੁਝ ਦਲੇਰ ਪੱਤਰਕਾਰਾਂ ਤੇ ਫੋਟੋਗ੍ਰਾਫਰਾਂ ਵਲੋਂ ਕੈਮਰਾਬੰਦ ਤੇ ਕਲਮਬੰਦ ਕੀਤੀਆਂ ਸਨ। ਇਸ ਲਈ ਸ਼ੁੱਕਰਵਾਰ ਦੇ ਦਿਨ ਜਦੋਂ ਮੋਦੀ ਨੇ ਇਹ ਸ਼ਬਦ ਆਖੇ ਕਿ 'ਮੈਂ ਸ਼ਮਾ (ਮੁਆਫ਼ੀ) ਚਾਹਤਾ ਹੂੰ', ਇਹ ਉਨ੍ਹਾਂ ਦੇ ਰਵਾਇਤੀ ਕਾਰ ਵਿਹਾਰ ਤੋਂ ਐਨ ਜੁਦਾ ਸਨ।

ਪੰਜ ਸਾਲ ਪਹਿਲਾਂ ਨਵੰਬਰ ਮਹੀਨੇ ਦੀ ਇਕ ਰਾਤ ਨੂੰ ਅੱਠ ਵਜੇ ਜਦੋਂ ਉਨ੍ਹਾਂ ਆਪਣੇ ਇਕ ਟੀਵੀ ਭਾਸ਼ਣ ਵਿਚ 500 ਤੇ 1000 ਰੁਪਏ ਦੇ ਨੋਟਾਂ ਦਾ ਚੱਲਣਾ ਬੰਦ ਕਰਨ ਦਾ ਐਲਾਨ ਕੀਤਾ ਸੀ ਤਾਂ ਕੁਝ ਸਿਆਸੀ ਸਮੀਖਿਅਕਾਂ ਨੇ ਕਿਆਸ ਲਾਏ ਸਨ ਕਿ ਇਸ ਕਾਰਵਾਈ ਪਿੱਛੇ ਇਕ ਗੁੱਝਾ ਮੰਤਵ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਲਾਭ ਪਹੁੰਚਾਉਣ ਦਾ ਵੀ ਹੈ। ਇਹ ਦਲੀਲ ਦਿੱਤੀ ਗਈ ਸੀ ਕਿ ਇਹ ਕਾਰਵਾਈ (ਨੋਟਬੰਦੀ) ਭਾਜਪਾ ਦੀਆਂ ਵਿਰੋਧੀ ਪਾਰਟੀਆਂ ਦੇ ਨਕਦੀ ਭੰਡਾਰ ਤਬਾਹ ਕਰ ਦੇਵੇਗੀ।

ਲੰਘੇ ਸ਼ੁੱਕਰਵਾਰ ਵਾਲਾ ਐਲਾਨ ਵੀ ਆਉਣ ਵਾਲੀਆਂ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨਾਲ ਹੀ ਜੁੜਿਆ ਹੋ ਸਕਦਾ ਹੈ। ਉੱਤਰ ਪ੍ਰਦੇਸ਼ ਦੇ ਕਿਸਾਨਾਂ ਵਲੋਂ ਇਸ ਅੰਦੋਲਨ ਵਿਚ ਵਧ ਚੜ੍ਹ ਕੇ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਚੋਣਾਂ ਵਿਚ ਉਨ੍ਹਾਂ ਦੀਆਂ ਵੋਟਾਂ ਰੁਖ਼ ਬਦਲ ਸਕਦੀਆਂ ਹਨ। ਮੈਂ ਆਪਣੇ ਟਵਿੱਟਰ ਫੀਡ 'ਤੇ ਕੁਝ ਲੋਕਾਂ ਦੀਆਂ ਇਹ ਟਿੱਪਣੀਆਂ ਵੀ ਪੜ੍ਹੀਆਂ ਹਨ ਕਿ ਖੇਤੀ ਕਾਨੂੰਨ ਵਾਪਸ ਲੈਣ ਨਾਲ ਦੇਸ਼ ਨੂੰ ਝਟਕਾ ਵੱਜੇਗਾ। ਇਹ ਜਲਦਬਾਜ਼ੀ ਵਾਲਾ ਫ਼ਤਵਾ ਹੈ। ਅਰਥਸ਼ਾਸਤਰੀਆਂ ਅੰਦਰ ਵੀ ਇਹ ਆਮ ਸਹਿਮਤੀ ਨਹੀਂ ਹੈ ਕਿ ਕੀ ਇਹ ਖੇਤੀ ਕਾਨੂੰਨ ਸੁਚੱਜੇ ਤਰੀਕੇ ਤੇ ਸਾਵਧਾਨੀ ਨਾਲ ਤਿਆਰ ਕੀਤੇ ਗਏ ਸਨ।

## Guru Nanak and his Vision of Egalitarian Social Order

Prem K. Chumber
Editor-In-Chief: Ambedkar times & Desh Doaba

After Tathagath Lord Buddha, it was Baba Guru Nanak who raised a thundering voice against the oppressive social system of caste divisions and untouchability. His engaging approach and consistent efforts for the establishment of egalitarian society both through teachings and practice distinguished him from his predecessors and contemporaries of the Prema-Bhakti path of famous North Indian Bhakti Movement (Great Revolutionary Movement), which is known for its emphasis on equality of all persons irrespective of their caste, sex and creed before the almighty God. Baba Nanak was for social and gender equality in both the realms of spirituality (Parlok) and terrestrial world (lok). He stood with the lowest of the low. He reiterated that if one was desirous of the grace of God, he had to take care of the lowest of the low. In order to institute the principle of social equality in the sharply divided Hindu caste society, he founded the tradition of common community kitchen (langar) which needs to be financed out of the hard earned living by sharing its fruits. KiratKaro, NaamJapo, Vand Shakko was the trilogy for the success of his social revolution. However, this trilogy of spiritual path needs to be understood in conjunction with the another postulate of the egalitarian social structure of Sikhism meticulously nurtured by Guru Nanak. Sharing the fruits of one's hard earned labor was to be practiced across caste boundaries of the given Hindu society based as it was on the divisive Varna order. Baba Nanak advocated decimation of all such oppressive caste based social boundaries. The inclusion of the Bani of different spiritual personalities cutting across caste lines vindicates the egalitarian intent of Sikhism. Had Baba Nanak been alive today, he would not have approved of the emergence of Gurdwaras on caste/community lines. Similarly, for the establishment of a true egalitarian society, Guru Nanak laid emphasis for the emancipation and empowerment of the women who were denied equal rights. While highlighting the various merits of women, Baba Nanak said why to condemn them who give birth to princess. He travelled far and wide to comprehend as well as enlighten the ignorant about their duties towards themselves, society and spiritual world. We need to sincerely adopt his teachings in our routine daily life and social dealings to give shape to the society which he envisioned and truly practiced in his earthly life time. Are we genuinely living the way he exhorted us to live? Let us do introspection within ourselves on the auspicious occasion of 552nd ParkashPurab of Guru Nanak Dev and resolve to follow his teachings in word and spirit.

Posted at www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਚਰਨ ਛੋਹ ਗੰਗਾ ਅੰਮ੍ਰਿਤ ਕੁੰਡ ਸ੍ਰੀ ਖੁਰਾਲਗੜ੍ਹ ਸਾਹਿਬ ਪਵਿੱਤਰ ਅਸਥਾਨ ਦੇ ਦਰਸ਼ਨ ਕਰਕੇ ਆਤਮਿਕ ਸ਼ਾਂਤੀ ਪ੍ਰਾਪਤ ਹੋਈ



**ਫਗਵਾੜਾ 24 ਨਵੰਬਰ (ਬੀਕੇ ਰੱਤੂ)** ਯੂਵਾ ਵਿਕਾਸ ਮੋਰਚਾ ਦੇ ਪ੍ਰਧਾਨ ਅਨੂੰ ਸਹੋਤਾ ਤੇ ਅਸ਼ਵਨੀ ਸਹੋਤਾ ਜਨਰਲ ਸਕੱਤਰ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨ ਛੋਹ ਧਰਤੀ ਗੰਗਾ ਅਮ੍ਰਿਤ ਕੁੰਡ ਖੁਰਾਰਗੜ ਸਾਹਿਬ (ਗੜ੍ਹਸ਼ੰਕਰ) ਵਿਖੇ ਨਤਮਸਤਕ ਹੋ ਕੇ ਗੁਰੂ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਹਨਾਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਤੇ ਨਰਿੰਦਰ ਪਾਲ ਪ੍ਰਧਾਨ ਪੰਜਾਬ ਆਦਿ ਧਰਮ ਮਿਸ਼ਨ ਭਾਰਤ ਤੋਂ ਇਲਾਵਾ ਲਖਵੀਰ ਸਿੰਘ ਨੈਣਵਾ ਮੀਤ ਪ੍ਰਧਾਨ ਪੰਜਾਬ ਨੇ ਯੁਵਾ ਵਿਕਾਸ ਮੋਰਚਾ ਪੰਜਾਬ ਦੇ ਸਾਥਿਆਂ ਨੂੰ ਗੁਰੂ ਬਖਸ਼ਿਸ਼ ਸਿਰੋਪੇ ਪਾ ਕੇ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ। ਅਨੂੰ ਸਹੋਤਾ ਨੇ ਕਿਹਾ ਕਿ ਉਹਨਾਂ ਨੂੰ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਕੇ ਆਤਮਿਕ ਸ਼ਾਂਤੀ ਪ੍ਰਾਪਤ ਹੋਈ ਹੈ। ਉਹਨਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾ ਵਿਚ ਉਹ ਫਗਵਾੜਾ ਵਿਧਾਨਸਭਾ ਹਲਕੇ ਤੋਂ ਇਸੇ ਮਨੋਰਥ ਨਾਲ ਚੋਣ ਮੈਦਾਨ ਵਿਚ ਉਤਰਨਗੇ ਕਿ ਜੇਕਰ ਵੋਟਰਾਂ ਨੇ ਉਹਨਾਂ ਨੂੰ ਆਪਣਾ ਨੁਮਾਇੰਦਾ ਚੁਣਿਆ ਤਾਂ ਰਵਿਦਾਸੀਆ ਸਮਾਜ ਦੀ ਚੜ੍ਹਦੀ ਕਲਾ ਲਈ ਪ੍ਰਤੀਬੱਧਤਾ ਨਾਲ ਕੰਮ ਕਰਨਗੇ। ਇਸ ਮੌਕੇ ਰਵੀ ਖਲਵਾੜਾ, ਨਵਦੀਪ ਗੁਲਾਬਗੜ, ਰਾਜੇਸ਼ ਕੁਮਾਰ ਆਦਿ ਦੀ ਹਾਜਰੀ ਵਿਚ ਉਹਨਾਂ ਕਿਹਾ ਕਿ ਜਲਦੀ ਹੀ ਚੋਣਾਂ ਦੀ ਤਿਆਰੀ ਸਬੰਧੀ ਇਕ ਮੀਟਿੰਗ ਆਦਿ ਧਰਮ ਪੰਜਾਬ ਯੂਥ ਵਿੰਗ ਦੇ ਪ੍ਰਧਾਨ ਨਰਿੰਦਰ ਪਾਲ ਦੇ ਗ੍ਰਹਿ ਬਲਾਚੌਰ ਵਿਖੇ ਬੁਲਾਈ ਜਾਵੇਗੀ। ਇਸ ਮੌਕੇ ਹੁਸਨ ਲਾਲ, ਸੱਤੀ ਪ੍ਰੇਮਪੁਰਾ ਅਤੇ ਸਤਪਾਲ ਰਾਣੀਪੁਰ ਆਦਿ ਹਾਜਰ ਸਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਗੁਰਿੰਦਰਜੀਤ ਨੀਟਾ ਮਾਛੀਕੇ



ਕੁਲਵੰਤ ਧਾਲੀਆਂ

# ਗੁਰੂ ਨਾਨਕ ਸਿੱਖ ਟੈਂਪਲ, ਸਨਵਾਕੀਨ ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਮੇਂ ਹੋਏ ਧਾਰਮਿਕ ਸਮਾਗਮ

**ਫਰਿਜ਼ਨੋ, ਕੈਲੀਫੋਰਨੀਆਂ-** ਕੈਲੀਫੋਰਨੀਆਂ ਦੇ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਸ਼ਹਿਰ ਸਨਵਾਕੀਨ ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਪੂਰਬ ਸਮੇਂ ਵਿਸ਼ੇਸ਼ ਸਮਾਗਮ ਕਰਵਾਏ ਗਏ। ਸਮਾਗਮਾਂ ਦੀ ਸੁਰੂਆਤ ਪਾਠਾ ਦੇ ਭੋਗ ਉਪਰੰਤ ਹੋਈ। ਜਿੰਨ੍ਹਾਂ ਵਿੱਚ ਸਭ ਤੋਂ ਪਹਿਲਾ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਨੇ ਗੁਰਬਾਣੀ ਕਥਾ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਬਾਅਦ ਗੁਰੂਘਰ ਦੇ ਹਜੂਰੀ ਕੀਰਤਨੀ ਜੱਥੇ ਵਿੱਚ ਭਾਈ ਜੋਗਿੰਦਰ ਸਿੰਘ ਜੋਗੀ ਦੇ ਕੀਰਤਨੀ ਜੱਥੇ ਨੇ ਹਾਜ਼ਰੀ ਭਰੀ। ਇਸ ਉਪਰੰਤ ਸਿੱਖ ਜਗਤ ਦੀ ਉੱਘੀ ਸਖਸ਼ੀਅਤ ਬਾਬਾ ਅਵਤਾਰ ਸਿੰਘ ਨੇ ਵਿਸ਼ੇਸ਼ ਤੋਰ 'ਤੇ ਪਹੁੰਚ ਕੇ ਗੁਰੂ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਇਤਿਹਾਸ ਸੰਗਤਾਂ ਨਾਲ ਸਾਂਝਾ ਕਰਦੇ ਹੋਏ ਗੁਰਬਾਣੀ ਕੀਰਤਨ ਕੀਤਾ। ਇਸੇ ਤਰਾਂ ਬੁਲੰਦ ਅਵਾਜ਼ ਦੀ ਮਾਲਕ ਬੀਬਾ ਜੋਤ ਰਣਜੀਤ ਨੇ ਗੁਰੂ ਮਹਿਮਾ ਗਾ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਜਦ ਕਿ ਪ੍ਰਸਿੱਧ ਗਾਇਕ ਗੋਗੀ ਸੰਧੂ ਨੇ ਸ਼ਬਦ ਗਾਇਨ ਕਰਕੇ ਅਤੇ ਸਥਾਨਿਕ ਗਾਇਕ ਅਵਤਾਰ ਗਰੇਵਾਲ ਨੇ ਆਪਣੇ ਨਵੇਂ ਧਾਰਮਿਕ ਗੀਤਾ ਰਾਹੀ ਸੰਗਤਾਂ ਨੂੰ ਰੂਹਾਨੀਅਤ ਨਾਲ ਜੋੜਿਆ। ਇਸ ਸਮੇਂ ਖਾਸ ਤੌਰ 'ਤੇ ਛੋਟੇ ਬੱਚੇ ਅਮਨਜੋਤ ਸਿੰਘ ਮਾਛੀਵਾੜਾ ਨੇ ਗੁਰਬਾਣੀ ਸ਼ਬਦਾ ਰਾਹੀ ਕੀਰਤਨ ਕਰਦੇ ਹੋਏ ਨਵੀਂ ਪੀੜੀ ਨੂੰ ਗਰਸਿੱਖੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।



ਇਸ ਸਮੇਂ ਹੋਰ ਹਾਜ਼ਰ ਗਾਇਕਾ ਵਿੱਚ ਧਰਮਵੀਰ ਥਾਂਦੀ, ਅਕਾਸਦੀਪ ਅਕਾਸ, ਰਾਣੀ ਗਿੱਲ ਅਤੇ ਪੱਪੀ ਭਦੌੜ ਨੇ ਹਾਜ਼ਰੀ ਭਰੀ। ਵਿਸ਼ੇਸ਼ ਬੁਲਾਰਿਆਂ ਵਿੱਚ ਸਿੱਖ ਕੌਸ਼ਲ ਕੈਲੀਫੋਰਨੀਆਂ ਵੱਲੋਂ ਭਾਈ ਪਰਮਪਾਲ ਸਿੰਘ ਨੇ "ਇੱਕ ਪੰਥ - ਇਕ ਸੋਚ" ਅਪਣਾਉਣ ਦੀ ਵਿਚਾਰਧਾਰਾ ਦੀ ਸੰਗਤਾਂ ਨੂੰ ਅਪੀਲ ਕੀਤੀ।

ਭਾਰਤ ਵਿੱਚ ਕਿਰਸਾਨੀ ਮੋਰਚੇ ਦੀ ਜਿੱਤ ਅਤੇ ਸਮੂੰਹ ਭਾਈਚਾਰੇ ਦੇ ਸਹਿਯੋਗ ਦੀ ਵਧਾਈ ਦਿੱਤੀ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਸੇਵਾ ਸ. ਗੁਰਬਿੰਦਰ ਸਿੰਘ ਧਾਲੀਵਾਲ ਨੇ ਨਿਭਾਈ। ਸਮੁੱਚੇ ਪ੍ਰੋਗਰਾਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰੂ ਦੇ ਲੰਗਰ ਅਤੁੱਟ ਵਰਤੇ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ" ਸਟਾਕਟਨ ਅਤੇ ਯੂਬਾ ਸਿਟੀ ਤੋਂ ਬਾਅਦ ਕੈਲੇਫੋਰਨੀਆਂ ਦਾ ਤੀਜਾ ਇਤਿਹਾਸਕ ਗੁਰਦੁਆਰਾ ਹੈ। ਜਿਸ ਨੂੰ ਆਪਣੀ ਇਮਾਰਤ ਦੇ 100 ਸਾਲ ਪੂਰੇ ਹੋਣ ਕਰਕੇ ਹੈਰੀਟੇਜ਼ ਹੋਣ ਦਾ ਮਾਣ ਪ੍ਰਾਪਤ ਹੈ।

# ਗ੍ਰੇਨਵਿਲ ਹੋਮ ਪਾਰਕ ਵਿੱਚ ਇਕੱਠੇ ਹੋਕੇ ਪੰਜਾਬੀਆਂ ਨੇ ਤਿੰਨ ਕਾਲੇ ਕਨੂੰਨ ਵਾਪਸ ਕਰਨ ਦੇ ਮੋਦੀ ਦੇ ਐਲਾਨ ਦਾ ਕੀਤਾ ਸਵਾਗਤ

**ਫਰਿਜ਼ਨੋ, ਕੈਲੀਫੋਰਨੀਆਂ 23 ਅਕਤੂਬਰ, 2021-** ਲੰਘੇ ਐਂਤਵਾਰ ਨੂੰ ਫਰਿਜ਼ਨੋ ਦੇ ਗ੍ਰੇਨਵਿਲ ਹੋਮ ਨੇਬਰਹੁੱਡ ਪਾਰਕ ਵਿੱਚ ਸ਼ਾਮ ਨੂੰ ਪੰਜਾਬੀਆਂ ਦਾ ਇੱਕ ਇਕੱਠ ਹੋਇਆ। ਇਸ ਦੌਰਾਨ ਜਿੱਥੇ ਗੁਰੂ ਨਾਨਕ ਦੇਵ ਜੀ ਦੇ 552ਵੇਂ ਗੁਰਪੁਰਬ ਸਬੰਧੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕੀਤਾ ਗਿਆ, ਓਥੇ ਨਾਲ ਦੀ ਨਾਲ ਦਿੱਲੀ ਦੀਆਂ ਬਰੂੰਹਾਂ ਤੇ ਇੱਕ ਸਾਲ ਤੋਂ ਚੱਲ ਰਹੇ ਕਿਸਾਨ ਅੰਦੋਲਨ ਦੀ ਜਿੱਤ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ, ਅਤੇ ਮੋਦੀ ਵੱਲੋਂ ਤਿੰਨੇ ਖੇਤੀ ਕਨੂੰਨ ਰੱਦ ਕਰਨ ਦੇ ਦਿੱਤੇ ਬਿਆਨ ਦਾ ਸੁਆਗਤ ਕੀਤਾ ਗਿਆ। ਇਸ ਇਕੱਠ ਵਿੱਚ ਕਿਸਾਨੀ ਨੂੰ ਪਿਆਰ ਕਰਨ ਵਾਲੇ ਬਹੁਤ



ਸਾਰੇ ਲੋਕ ਔਰਤਾਂ ਸਮੇਤ ਹਾਜ਼ਰ ਹੋਏ। ਬਲਬੀਰ ਸਿੰਘ ਹੇਰਾਂ, ਪਰਮਜੀਤ ਸਿੰਘ ਹੇਰਾਂ, ਪ੍ਰੋਫੈਸਰ ਦਰਸ਼ਨ ਸਿੰਘ ਸੰਧੂ, ਮਲਕੀਅਤ ਸਿੰਘ ਕਿੰਗਰਾ, ਗੁਰਨਾਮ ਸਿੰਘ, ਸ਼ਮਸ਼ੇਰ ਸਿੰਘ ਬਰਾੜ ਅਤੇ ਨਵਦੀਪ ਸਿੰਘ ਧਾਲੀਵਾਲ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ। ਉਹਨਾਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਲਗਭਗ ਇੱਕ ਸਾਲ ਦੇ ਯਤਨਾਂ ਨੂੰ ਸਲਾਹਿਆ ਅਤੇ ਕਿਸਾਨ ਮੋਰਚੇ ਦੌਰਾਨ ਆਪਣੀਆਂ ਜਾਨਾਂ ਗੁਆਉਣ ਵਾਲੇ 700 ਤੋਂ ਵੱਧ ਕਿਸਾਨਾਂ ਨੂੰ ਸ਼ਰਧਾਂਜਲੀ ਦਿੱਤੀ। ਬੁਲਾਰਿਆਂ ਨੇ ਪੀਐਮ ਮੋਦੀ ਨੂੰ ਮੋਰਚੇ ਦੌਰਾਨ ਜਾਨ ਗਵਾਉਣ ਵਾਲੇ ਸਾਰੇ ਸ਼ਹੀਦ ਕਿਸਾਨਾਂ&; ਨੂੰ ਮੁਆਵਜ਼ਾ ਦੇਣ ਲਈ ਕਿਹਾ। ਇਸ ਮੌਕੇ ਬੁਲਾਰਿਆਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਵੱਲੋਂ ਉਗਾਈ ਹਰ ਫਸਲ ਤੇ ਐਮਐਸਪੀ ਨਿਰਧਾਰਤ ਕਰਨ ਲਈ ਕਾਨੂੰਨ ਲਿਆਉਣ। ਇਸ ਮੌਕੇ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਿਆ।







ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਦਾਖਲਾ ਲੈਣਾ ਭਾਰਤੀ ਵਿਦਿਆਰਥੀਆਂ ਦੀ ਅੱਜ ਵੀ ਪਹਿਲੀ ਪਸੰਦ

## ਕੋਵਿਡ ਮਹਾਮਾਰੀ ਦੌਰਾਨ ਯੂਨੀਵਰਸਿਟੀਆਂ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਦਾਖਲਾ ਘਟਿਆ

**ਸੈਕਰਾਮੈਂਟੋ 23 ਨਵੰਬਰ–** ਇਹ ਪਹਿਲੀ ਵਾਰ ਹੋਇਆ ਹੈ ਕਿ ਕੋਵਿਡ ਮਹਾਮਾਰੀ ਦੌਰਾਨ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਦਾਖਲ 46% ਦੇ ਕਰੀਬ ਘਟਿਆ ਹੈ। ਇਹ ਖੁਲਾਸਾ ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜੂਕੇਸ਼ਨ ਦੁਆਰਾ ਜਾਰੀ 'ਓਪਨ ਡੋਰਜ਼ 2021 ਰਿਪੋਰਟ ਵਿਚ ਕੀਤਾ ਗਿਆ ਹੈ। ਇਹ ਵੀ ਤੱਥ ਸਾਹਮਣੇ ਆਇਆ ਹੈ ਕਿ ਅੱਜ ਵੀ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਅਮਰੀਕੀ ਯੂਨੀਵਰਸਿਟੀਆਂ ਵਿਚ ਪੜਾਈ ਕਰਨ ਦੀ ਹੈ। ਰਿਪੋਰਟ ਅਨੁਸਾਰ ਯਾਤਰਾ ਪਾਬੰਦੀਆਂ ਤੇ ਲਾਗੂ ਹੋਰ ਰੋਕਾਂ ਦੇ ਬਾਵਜੂਦ 1,45,528 ਵਿਦਿਆਰਥੀ ਅਮਰੀਕਾ ਵਿਚ ਨਿੱਜੀ ਤੌਰ 'ਤੇ ਜਾਂ ਵਿਦੇਸ਼ਾਂ ਵਿਚੋਂ ਆਨ ਲਾਈਨ ਪੜਾਈ ਸ਼ੁਰੂ ਕਰਨ ਵਿਚ ਸਮਰਥ ਰਹੇ। 2020-2021 ਪੜਾਈ ਸਾਲ ਦੌਰਾਨ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਕੁਲ 9,14,000 ਵਿਦਿਆਰਥੀਆਂ ਨੇ ਦਾਖਲਾ ਲਿਆ ਜੋ ਕਿ ਪਿਛਲੇ ਸਾਲ ਦੀ ਤੁਲਨਾ ਵਿਚ 15% ਘੱਟ ਹਨ। ਇਸ ਤੋਂ ਇਲਾਵਾ ਪੜਾਈ ਖਤਮ ਕਰਨ ਉਪਰੰਤ 2 ਲੱਖ ਤੋਂ ਵਧ ਕੌਮਾਂਤਰੀ ਵਿਦਿਆਰਥੀਆਂ ਨੇ ਆਪਸ਼ਨਲ ਪ੍ਰੈਕਟੀਕਲ ਟਰੇਨਿੰਗ ਲਈ ਜਾਂ



ਕੰਮ ਵਾਸਤੇ ਤਜ਼ਰਬਾ ਹਾਸਲ ਕੀਤਾ। ਹਾਲਾਂ ਕਿ ਇਸ ਰਿਪੋਰਟ ਵਿਚ ਇਹ ਨਹੀਂ ਦੱਸਿਆ ਗਿਆ ਕਿ ਇਹ ਵਿਦਿਆਰਥੀ ਮੂਲ ਰੂਪ ਵਿਚ ਕਿਸ ਦੇਸ਼ ਦੇ ਹਨ ਪਰੰਤੂ ਸਟੈਟਿਸਟਾ ਵੱਲੋਂ ਜਾਰੀ ਇਕ ਵੱਖਰੀ ਰਿਪੋਰਟ ਅਨੁਸਾਰ 2020-2021 ਸਕੂਲ ਸਾਲ ਦੌਰਾਨ 1,67,000 ਤੋਂ ਵਧ ਭਾਰਤੀ ਵਿਦਿਆਰਥੀਆਂ ਨੇ ਅਮਰੀਕਾ ਵਿਚ ਪੜਾਈ ਕੀਤੀ। ਇਸ ਰਿਪੋਰਟ ਅਨੁਸਾਰ ਭਾਰਤ ਤੇ ਚੀਨ ਤੋਂ ਸਭ ਤੋਂ ਵਧ ਵਿਦਿਆਰਥੀ ਅਮਰੀਕਾ ਪੜਨ ਲਈ ਆਉਂਦੇ ਹਨ ਤੇ ਅਮਰੀਕਾ ਅੱਜ ਵੀ ਇਨਾਂ ਵਿਦਿਆਰਥੀਆਂ ਲਈ ਪੜਾਈ ਵਾਸਤੇ ਪਹਿਲੀ ਪਸੰਦ ਬਣੀ ਹੋਈ ਹੈ। ਯੂ ਐਸ ਡਿਪਾਰਟਮੈਂਟ ਆਫ ਕਾਮਰਸ ਅਨੁਸਾਰ ਉੱਚ ਸਿੱਖਿਆ ਵਿਚ ਸਮੁੱਚੇ ਵਿਦਿਆਰਥੀਆਂ ਦਾ 5% ਕੌਮਾਂਤਰੀ ਵਿਦਿਆਰਥੀ ਪੜਾਈ ਕਰ ਰਹੇ ਹਨ ਤੇ 2020 ਦੌਰਾਨ ਕੌਮਾਂਤਰੀ ਵਿਦਿਆਰਥੀਆਂ ਨੇ ਅਮਰੀਕੀ ਅਰਥ ਵਿਵਸਥਾ ਵਿਚ 39 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ। ਕੌਂਸਲ ਮਾਮਲਿਆਂ ਬਾਰੇ ਯੂ ਐਸ ਮਨਿਸਟਰ ਕੌਂਸਲਰ ਡਾਨ ਹੈਫਲਿਨ ਨੇ ਕਿਹਾ ਹੈ ਕਿ ਕੋਵਿਡ ਮਹਾਮਾਰੀ ਦੌਰਾਨ ਭਾਰਤੀ ਵਿਦਿਆਰਥੀਆਂ ਨੂੰ ਅਮਰੀਕਾ ਵੱਲੋਂ ਵੀਜ਼ੇ ਦਿੱਤੇ ਗਏ ਤੇ ਉਹ ਅਮਰੀਕਾ ਆਏ। ਦਿੱਲੀ ਅੰਬੈਸੀ ਦੁਆਰਾ ਜਾਰੀ ਪ੍ਰੈਸ ਰਲੀਜ਼ ਅਨੁਸਾਰ ਇਸ ਸਾਲ ਗਰਮੀਆਂ ਦੌਰਾਨ 62000 ਭਾਰਤੀ ਵਿਦਿਆਰਥੀਆਂ ਨੂੰ ਵੀਜੇ ਜਾਰੀ ਕੀਤੇ ਗਏ ਹਨ ਜੋ ਕਿ ਪਿਛਲੇ ਕਿਸੇ ਵੀ ਸਾਲ ਨਾਲੋਂ ਜਿਆਦਾ ਹਨ।

ਹੈਫਲਿਨ ਅਨੁਸਾਰ ਇਸ ਤੋਂ ਪਤਾ ਲੱਗਦਾ ਹੈ ਕਿ ਪੜਾਈ ਵਾਸਤੇ ਭਾਰਤੀ ਵਿਦਿਆਰਥੀਆਂ ਲਈ ਅਮਰੀਕਾ ਅੱਜ ਵੀ ਮੰਨਭਾਉਂਦਾ ਦੇਸ਼ ਹੈ। ਉਨਾਂ ਹੋਰ ਕਿਹਾ ਕਿ ਆਉਣ ਵਾਲੇ ਸਮੇ ਵਿਚ ਅਸੀਂ ਭਾਰਤੀ ਵਿਦਿਆਰਥੀਆਂ ਲਈ ਜਿਆਦਾ ਵੀਜ਼ੇ ਜਾਰੀ ਕਰਾਂਗੇ ਤਾਂ ਜੋ ਅਮਰੀਕਾ ਵਿਚ ਪੜਾਈ ਕਰਨ ਦਾ ਵਿਦਿਆਰਥੀਆਂ ਦਾ ਸੁਪਨਾ ਪੂਰਾ ਹੋ ਸਕੇ।

## ਇੰਡਿਆਨਾਪੋਲਿਸ ਗੋਲੀਬਾਰੀ ਤੋਂ ਪੀੜਤ ਤਿੰਨ ਸਿੱਖ ਪਰਿਵਾਰਾਂ ਨੇ ਮੰਗਿਆ ਮੁਆਵਜ਼ਾ

**ਸੈਕਰਾਮੈਂਟੋ 24 ਨਵੰਬਰ–** ਇਸ ਸਾਲ ਅਪ੍ਰੈਲ ਵਿਚ ਇੰਡਿਆਨਾ-ਪੋਲਿਸ ਵਿਚ ਫੈਡਐਕਸ ਦੇ ਦਫਤਰ ਵਿਚ ਹੋਈ ਗੋਲੀਬਾਰੀ ਦੇ ਪੀੜਤ 3 ਸਿੱਖ ਪਰਿਵਾਰਾਂ ਨੇ ਮੁਆਵਜ਼ੇ ਲਈ ਕੀਤੇ ਦਾਅਵੇ ਵਿਚ ਕਿਹਾ ਹੈ ਕਿ ਸਥਾਨਕ ਅਧਿਕਾਰੀ ਅਦਾਲਤ ਵਿਚ 'ਸ਼ੂਟਰਾਂ' ਦੇ ਹਥਿਆਰ ਲੈਣ ਦੇ ਅਧਿਕਾਰਾਂ ਉਪਰ ਰੋਕ ਲਾਉਣ ਸਬੰਧੀ ਕੇਸ ਕਰਨ ਵਿਚ ਨਾਕਾਮ ਰਹੇ ਜਿਸ ਕਾਰਨ ਸ਼ੱਕੀ ਦੋਸ਼ੀ ਹਮਲੇ ਵਿਚ ਵਰਤੇ ਗਏ ਹਥਿਆਰ ਲੈਣ ਵਿਚ ਸਫਲ ਰਹੇ। ਜੇਕਰ ਅਧਿਕਾਰੀ ਅਦਾਲਤ ਵਿਚ ਜਾਂਦੇ ਤਾਂ ਹਮਲਾਵਰਾਂ ਨੂੰ ਹਥਿਆਰ ਲੈਣ ਤੋਂ ਰੋਕਿਆ ਜਾ ਸਕਦਾ ਸੀ। 15 ਅਪ੍ਰੈਲ ਨੂੰ ਹੋਈ ਗੋਲੀਬਾਰੀ ਤੋਂ ਜਖਮੀ ਹੋਏ ਜਾਂ ਆਪਣਾ ਪਰਿਵਾਰਕ ਮੈਂਬਰ ਗਵਾ ਚੁੱਕੇ ਹਰਪ੍ਰੀਤ ਸਿੰਘ, ਲਖਵਿੰਦਰ ਸਿੰਘ ਤੇ ਗੁਰਿੰਦਰ ਬੈਂਸ ਨੇ ਇਕ ਪੱਤਰ ਲਿੱਖ ਕੇ ਸ਼ਹਿਰ ਦੇ ਅਧਿਕਾਰੀਆਂ ਕੋਲੋਂ ਪ੍ਰਤੀ ਵਿਅਕਤੀ 7 ਲੱਖ ਡਾਲਰ ਮੁਆਵਜ਼ੇ ਦੀ ਮੰਗ ਕੀਤੀ ਹੈ। ਪੀੜਤਾਂ ਦੇ ਵਕੀਲਾਂ ਨੇ ਕਿਹਾ ਹੈ ਕਿ ਇੰਡਿਆਨਾਪੋਲਿਸ ਪੁਲਿਸ ਵਿਭਾਗ ਤੇ ਮੈਰੀਅਨ ਕਾਊਂਟੀ ਦੇ ਪ੍ਰਾਸੀਕਿਊਟਰ ਦਫਤਰ ਨੇ ਮਾਰਚ 2020 ਵਿਚ 'ਸ਼ੂਟਰਾਂ' ਦੇ ਹਥਿਆਰ ਲੈਣ ਦੇ ਅਧਿਕਾਰਾਂ ਨੂੰ ਮੁਲਤਵੀ ਕਰਨ ਸਬੰਧੀ ਕੇਸ ਨਾ ਦਰਜ ਕਰਨ ਦਾ ਫੈਸਲਾ ਕੀਤਾ ਸੀ। ਅਜਿਹਾ ਕਰਕੇ ਪੁਲਿਸ ਵਿਭਾਗ ਤੇ ਪ੍ਰਾਸੀਕਿਊਟਰ ਦਫਤਰ ਇੰਡਿਆਨਾ ਦੇ "ਰੈਡ ਫਲੈਗ ਕਾਨੂੰਨ" ਅਨੁਸਾਰ ਚੱਲਣ ਵਿਚ ਨਾਕਾਮ ਰਹੇ ਤੇ ਇਨ੍ਹਾਂ ਦੀ ਇਸ ਨਾਕਾਮੀ ਕਾਰਨ ਹੀ ਦੋਸ਼ੀ ਹਥਿਆਰ ਲੈਣ ਵਿਚ ਸਫਲ ਰਹੇ। ਇਥੇ ਜਿਕਰਯੋਗ ਹੈ ਕਿ 'ਰੈਡ ਫਲੈਗ' ਕਾਨੂੰਨ 2005 ਵਿਚ ਬਣਿਆ ਸੀ ਜੋ ਪੁਲਿਸ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਉਨ੍ਹਾਂ ਲੋਕਾਂ ਕੋਲੋਂ ਹਥਿਆਰ ਵਾਪਿਸ ਲੈ ਸਕਦੀ ਹੈ ਜਿਨ੍ਹਾਂ ਕੋਲੋਂ ਹਿੰਸਾ ਫੈਲਾਉਣ ਦਾ ਖਤਰਾ ਹੋਵੇ। ਵਕੀਲਾਂ ਦਾ ਮੰਨਣਾ ਹੈ ਕਿ ਅਧਿਕਾਰੀ ਅਜਿਹੇ ਮਾਮਲਿਆਂ ਵਿਚ ਅਦਾਲਤ ਵਿਚ ਜਾਣ ਲਈ ਪਾਬੰਦ ਹਨ, ਅਦਾਲਤਾਂ ਵਿਚ ਜਾਣਾ ਜਾਂ ਨਾ ਜਾਣਾ ਅਧਿਕਾਰੀਆਂ ਦੀ ਇੱਛਾ ਉਪਰ ਨਿਰਭਰ ਨਹੀਂ ਹੈ। ਇਥੇ ਜਿਕਰਯੋਗ ਹੈ ਕਿ ਅਪ੍ਰੈਲ ਵਿਚ ਹੋਏ ਹਮਲੇ ਵਿਚ ਸਿੱਖ ਪਰਿਵਾਰਾਂ ਦੇ 4 ਮੈਂਬਰਾਂ ਸਮੇਤ ਫੈਡਐਕਸ ਦੇ 8 ਮੁਲਾਜ਼ਮ ਮਾਰੇ ਗਏ ਸਨ ਤੇ 5 ਹੋਰ ਜਖਮੀ ਹੋਏ ਸਨ।

## ਸਟੋਰ ਵਿਚ ਵੜ੍ਹ ਕੇ ਲੁਟੇਰੇ ਇਕ ਲੱਖ ਡਾਲਰ ਤੋਂ ਵਧ ਦਾ ਸਮਾਨ ਲੁੱਟ ਕੇ ਹੋਏ ਫਰਾਰ

**ਸੈਕਰਾਮੈਂਟੋ 24 ਨਵੰਬਰ–**ਓਕ ਬਰੁੱਕ , ਲੀਨੋਇਸ ਵਿਚ ਇਕ ਸਟੋਰ ਵਿਚ ਜਬਰਦਸਤੀ ਵੜ੍ਹ ਕੇ ਲੁਟੇਰੇ ਇਕ ਲੱਖ ਡਾਲਰ ਤੋਂ ਵਧ ਦਾ ਸਮਾਨ ਲੁੱਟ ਕੇ ਫਰਾਰ ਹੋ ਗਏ। ਲੁੱਟਮਾਰ ਦੀ ਇਹ ਘਟਨਾ ਓਕ ਬਰੁੱਕ ਦੇ ਲੋਇਸ ਵੂਇਟਨ ਸਟੋਰ ਵਿਚ ਵਾਪਰੀ।

ਓਕ ਬਰੁੱਕ ਪੁਲਿਸ ਵਿਭਾਗ ਅਨੁਸਾਰ ਲੁਟੇਰਿਆਂ ਦੀ ਗਿਣਤੀ ਘੱਟੋ ਘੱਟ 14 ਸੀ ਜਿਨ੍ਹਾਂ ਨੇ ਸਟੋਰ ਵਿਚ ਧੱਕੇ ਨਾਲ ਦਾਖਲ ਹੋ ਕੇ ਕੂੜੇ ਕਰਕਟ ਵਾਲੀਆਂ ਬੋਰੀਆਂ ਚੁੱਕੀਆਂ ਤੇ ਉਨ੍ਹਾਂ ਵਿਚ ਸਮਾਨ ਭਰ ਕੇ ਫਰਾਰ ਹੋ ਗਏ। ਪੁਲਿਸ ਵੱਲੋਂ ਸਟੋਰ ਦੇ ਪ੍ਰਬੰਧਕਾਂ ਕੋਲੋਂ ਲਈ ਗਈ ਵੀਡੀਓ ਵਿਚ ਲੁੱਟਮਾਰ ਦੀ ਪੂਰੀ ਘਟਨਾ ਰਿਕਾਰਡ ਹੈ। ਲੁਟੇਰਿਆਂ ਨੇ ਮੂੰਹ ਬੰਨ੍ਹੇ ਹੋਏ ਸਨ । ਜਦੋਂ ਉਹ ਸਟੋਰ ਵਿਚ ਦਾਖਲ ਹੋਏ ਤਾਂ ਦੂਸਰੇ ਗਾਹਕ ਹਫੜਾ ਦਫੜੀ ਵਿਚ ਬਾਹਰ ਨਿਕਲ ਗਏ। ਪੁਲਿਸ ਮੁੱਖੀ ਜੇਮਜ ਕਰੂਜਰ ਅਨੁਸਾਰ ਲੁਟੇਰੇ ਤਿੰਨ ਗੱਡੀਆਂ ਵਿਚ ਸਵਾਰ ਸਨ ਤੇ ਲੁੱਟਮਾਰ ਕਰਨ ਤੋਂ ਬਾਅਦ ਇਨ੍ਹਾਂ ਗੱਡੀਆਂ ਵਿਚ ਸਮਾਨ ਨਾਲ ਭਰੀਆਂ ਬੋਰੀਆਂ ਲੱਦ ਕੇ ਫਰਾਰ ਹੋ ਗਏ। ਓਕ ਬਰੁੱਕ ਸ਼ਿਕਾਗੋ ਦੇ ਪੱਛਮ ਵਿਚ ਤਕਰੀਬਨ 25 ਮੀਲ ਦੂਰ ਸਥਿੱਤ ਹੈ। ਕਰੂਜਰ ਨੇ ਕਿਹਾ ਹੈ ਕਿ ਉਹ ਵੀਡੀਓ ਤੇ ਹੋਰ ਲੋਕਾਂ ਕੋਲੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਸ਼ੱਕੀ ਦੋਸ਼ੀਆਂ ਦੀ ਪਛਾਣ ਕਰਨ ਦਾ ਯਤਨ ਕਰ ਰਹੇ ਹਨ।

'UNHAIN PARMESHVAR KAY RAAJHA KA PRACHAAR KARNAY AUR BEEMARON KO ACHAA KARNAY KAY LEAY BHEJA' (LUKE 9:2)

THE SAVIOR'S CHURCH

HINDI, PUNJABI, URDU

You are invited to be our guest

Sunday Service

12:00 PM

913 FLOYD AVE. MODESTO, CA 95350

FOR FURTHER INFORMATION CONTACT: +1 (209) 300-9483

ਇਥੇ ਬਿਮਾਰਾਂ ਲਈ ਖਾਸ ਤੋਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।

209 687 6548, 209 300 9483

ਸਾਡੀ ਵੈਬ ਸਾਈਟ www.thesaviorschurch.net

A & S

Auto Repair & Services

Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਨਿਊਜ਼ੀਲੈਂਡ ਵਸਦੇ ਪੰਜਾਬੀਆਂ ਨੇ ਭਾਰਤ ਸਰਕਾਰ ਵੱਲੋਂ ਕਿਸਾਨ ਬਿੱਲ ਰੱਦ ਕਰਨ ਦੇ ਐਲਾਨ ਉਤੇ ਖੁਸ਼ੀ ਪ੍ਰਗਟ ਕੀਤੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਅੱਜ ਜਿੱਥੇ ਦੇਸ਼-ਵਿਦੇਸ਼ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਰੌਣਕਾਂ ਤੇ ਖੁਸ਼ੀਆਂ ਹਨ, ਪਾਕਿਸਤਾਨ ਵਿਖੇ ਸ੍ਰੀ ਕਰਤਾਰਪੁਰ ਸਾਹਿਬਾ ਦਾ ਲਾਂਘਾ ਖੁੱਲ੍ਹ ਗਿਆ ਹੈ ਉਤੇ ਉਥੇ ਭਾਰਤੀ ਕਿਸਾਨੀ ਦੇ ਲਈ ਇਕ ਹੋਰ ਖੁਸ਼ੀ ਦੇ ਵਿਚ ਉਦੋਂ ਵਾਧਾ ਹੋ ਕੇ ਇਹ ਖੁਸ਼ੀਆਂ ਉਦੋਂ ਤਿੰਨ ਗੁਣਾ ਹੋ ਗਈਆਂ ਜਦੋਂ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਇਹ ਐਲਾਨ ਕਰ ਦਿੱਤਾ ਸਰਕਾਰ ਅਗਲੇ ਸੈਸ਼ਨ ਦੇ ਵਿਚ ਤਿੰਨ ਕਿਸਾਨੀ ਬਿੱਲਾਂ ਨੂੰ ਰੱਦ ਕਰਨ ਦਾ ਪ੍ਰਸਤਾਵ ਲੈ ਕੇ ਆਵੇਗੀ ਅਤੇ ਕਾਨੂੰਨੀ ਤੌਰ 'ਤੇ ਇਹ ਬਿੱਲ ਵਾਪਿਸ ਹੋ ਜਾਣਗੇ। ਉਨ੍ਹਾਂ ਕਿਸਾਨਾ ਕੋਲੋਂ ਮਾਫੀ ਵੀ ਮੰਗੀ ਹੈ ਅਤੇ ਗੁਰੂ ਸਾਹਿਬਾਂ ਦੀਆਂ ਸਿਖਿਆਵਾਂ ਦਾ ਵੀ ਹਵਾਲਾ ਦਿੱਤਾ ਹੈ। ਇਹ ਬਿਆਨ ਆਉਣ ਬਾਅਦ ਭਾਰਤ ਸਮੇਤ ਪੂਰੇ ਵਿਸ਼ਵ ਵਿਚ ਵਸਦੇ ਭਾਰਤੀ ਭਾਈਚਾਰੇ ਖਾਸ ਕਰ ਕਿਸਾਨੀ ਭਾਈਚਾਰੇ ਦੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਨਿਊਜ਼ੀਲੈਂਡ ਦੇ ਵਿਚ ਵੀ ਬਹੁਤ ਸਾਰੀਆਂ ਸੰਸਥਾਵਾਂ, ਖੇਡ ਕਲੱਬਾਂ, ਮਾਈਗ੍ਰਾਂਟਸ ਯੂਨੀਅਨਜ਼ ਅਤੇ ਨਿੱਜੀ ਤੌਰ ਉਤੇ ਅਣਗਣਿਤ ਲੋਕਾਂ ਨੇ ਇਨ੍ਹਾਂ ਨਵੇਂ ਕਿਸਾਨੀ ਬਿੱਲਾਂ ਨੂੰ ਕਾਲੇ ਕਾਨੂੰਨ ਐਲਾਨਦਿਆਂ ਰੋਸ ਮੁਜ਼ਾਹਰੇ ਕੀਤੇ ਸੀ। ਇਹ ਰੋਸ ਮੁਜ਼ਾਹਰੇ ਔਕਲੈਂਡ ਸਿਟੀ, ਮੈਨੁਕਾਓ ਸੁਕੇਅਰ, ਹਮਿਲਟਨ, ਵਲਿੰਗਟਨ ਪਾਰਲੀਮੈਂਟ, ਕ੍ਰਾਈਸਟਚਰਚ, ਪਾਲਮਰਸਨ ਨਾਰਥ, ਟੌਰੰਗਾ ਹੇਸਟਿੰਗਜ਼ ਅਤੇ ਹੋਰ ਬਹੁਤ ਸਾਰੇ ਥਾਵਾਂ ਉਤੇ ਹੋਏ ਸਨ। ਜਦੋਂ ਦਾ ਭਾਰਤ ਦੇ ਵਿਚ ਕਿਸਾਨੀ ਸੰਘਰਸ਼ ਸ਼ੁਰੂ ਹੋਇਆ ਉਦੋਂ ਤੋਂ ਲੈ ਕੇ ਇਥੇ ਹੋਣ ਵਾਲੇ ਲਗਪਗ ਸਾਰੇ ਖੇਡ ਮੇਲੇ ਅਤੇ ਸਭਿਆਚਾਰਕ ਮੇਲੇ ਕਿਸਾਨੀ ਸੰਘਰਸ਼ ਅਤੇ ਕਿਸਾਨ ਮਜ਼ਦੂਰ ਏਕਤਾ ਨੂੰ ਸਮਰਪਿਤ ਰਹੇ ਹਨ। ਇੰਡੋ ਸਪਾਈਸ ਵਰਲਡ ਵੱਲੋਂ ਹਜ਼ਾਰਾਂ 'ਨੋ ਫਾਰਮਰਜ਼ ਨੋ ਫੂਡ' ਦੇ ਸਟਿੱਕਰ ਵੰਡੇ ਗਏ। ਵਾਇਕਾਟੋ ਸ਼ਹੀਦ ਏ ਆਜ਼ਿਮ ਸ। ਭਗਤ ਸਿੰਘ ਸਪੋਰਟਸ ਕਲਚਰਲ ਟ੍ਰਸਟ ਸ। ਜਰਨੈਲ ਸਿੰਘ ਰਾਹੋਂ ਹੋਰਾਂ ਖੁਸ਼ੀ ਜ਼ਾਹਿਰ ਕਰਦਿਆਂ ਆਖਿਆ ਕਿ ਇਹ ਕਿਸਾਨਾਂ ਦੇ ਸਬਰ ਸੰਤੋਖ ਅਤੇ ਦੂਰ ਅੰਦੇਸ਼ੀ ਦੀ ਜਿੱਤ ਹੋਈ ਹੈ। ਉਨ੍ਹਾਂ ਇਸ ਕਿਸਾਨੀ ਸੰਘਰਸ਼ ਦੇ ਵਿਚ ਜਾਨਾਂ ਗੁਆ ਗਏ ਕਿਸਾਨਾਂ ਅਤੇ ਕਿਸਾਨੀ ਮਹਿਲਾਵਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਉਤੇ ਹੀ ਅੱਜ ਕਿਸਾਨੀ ਸੰਘਰਸ਼ ਨੂੰ ਬੂਰ ਪਿਆ ਹੈ, ਪਰ ਉਨ੍ਹਾਂ ਦੇ ਪਰਿਵਾਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹਮੇਸ਼ਾ ਰੜਕਦਾ ਰਹੇਗਾ।





ਪੂਰੇ ਵਿਸ਼ਵ ਦੇ ਵਿਚ ਅੱਜ ਦੇ ਐਲਾਨ ਬਾਅਦ ਵੱਖ-ਵੱਖ ਰਾਜਨੀਤਕ ਆਗੂਆਂ ਨੇ ਹਾਂ ਪੱਖੀ ਬਿਆਨ ਜਾਰੀ ਕੀਤੇ ਹਨ ਅਤੇ ਖੁਸ਼ੀ ਜ਼ਾਹਿਰ ਕੀਤੀ ਹੈ। ਇਸ ਸਾਰੇ ਘਟਨਾ ਕ੍ਰਮ ਨੂੰ ਵੇਖਦਿਆਂ ਜੇਕਰ ਕਿਸੇ ਸ਼ਾਇਰ ਦੀਆਂ ਲਾਈਨਾਂ ਨੂੰ ਯਾਦ ਕੀਤਾ ਜਾਵੇ ਤਾਂ ਕੁਝ ਅਜਿਹਾ ਹੀ ਸਾਹਮਣੇ ਆਵੇਗਾ: ਤੁਝੇ ਭੀ ਹਮਾਰੀ ਤਮੰਨਾ ਥੀ ਜ਼ਾਲਿਮ, ਬਤਾਤੇ ਬਤਾਤੇ ਬਹੁਤ ਦੇਰ ਕਰ ਦੀ॥

# ਪੰਜਾਬ ਸਾਹਿਤ ਅਕਾਦਮੀ ਨੂੰ ਸਮਰਪਿਤ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸਲਾਨਾ ਕਾਵਿ ਮਿਲਣੀ ਦੇ ਦੇਸ਼ਾਂ ਵਿਦੇਸ਼ਾਂ ਵਿੱਚ ਚਰਚੇ

ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਸੰਸਥਾਪਕ ਤੇ ਪ੍ਰਬੰਧਕ ਰਮਿੰਦਰ ਰਮੀ ਤੇ ਹੋਰ ਪ੍ਰਬੰਧਕੀ ਟੀਮ ਦੇ ਮੈਂਬਰਜ਼ ਦੇ ਸਹਿਯੋਗ ਸੱਦਕਾ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਸਲਾਨਾ ਕਾਵਿ ਮਿਲਣੀ ਦੇ ਦੇਸ਼ਾਂ ਵਿਦੇਸ਼ਾਂ ਵਿੱਚ ਚਰਚੇ ।ਇਹ ਸਲਾਨਾ ਕਾਵਿ ਮਿਲਣੀ ਪੰਜਾਬ ਸਾਹਿਤ ਅਕਾਦਮੀ ਨੂੰ ਸਮਰਪਿਤ ਸੀ । ਪ੍ਰੋ: ਹਰਜੱਸਪ੍ਰੀਤ ਗਿੱਲ ਜੀ ਨੇ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਨੂੰ ਨਿੱਘਾ ਜੀ ਆਇਆ ਕਿਹਾ। ਡਾ : ਸਰਬਜੀਤ ਕੌਰ ਸੋਹਲ ਜੀ ਤੇ ਡਾ : ਸੁਰਜੀਤ ਪਾਤਰ ਜੀ ਮੁੱਖ ਮਹਿਮਾਨ ਸਨ । ਸਲਾਨਾ ਕਾਵਿ ਮਿਲਣੀ ਹੋਣ ਕਰਕੇ ਸੱਭ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਵਿਸ਼ੇਸ਼ ਮਹਿਮਾਨ ਸਨ । ਮੀਟਿੰਗ ਦਾ ਸੰਚਾਲਨ ਸਭਾ ਦੀ ਪ੍ਰਧਾਨ ਤੇ ਗਾਇਕਾ , ਹੋਸਟ ਤੇ ਅਦਾਕਾਰਾ ਰਿੰਟੂ ਭਾਟੀਆ ਜੀ ਸਨ । ਰਿੰਟੂ ਜੀ ਦਾ ਸੰਚਾਲਨ ਹਮੇਸ਼ਾਂ ਹੀ ਕਾਬਿਲੇ ਤਾਰੀਫ਼ ਹੁੰਦਾ ਹੈ । ਰਿੰਟੂ ਜੀ ਮੁੱਖ ਮਹਿਮਾਨਾਂ ਤੇ ਵਿਸ਼ੇਸ਼ ਮਹਿਮਾਨਾਂ ਦੇ ਬਾਰੇ ਵਿੱਚ ਉਹਨਾਂ ਨੂੰ ਬੁਲਾਉਣ ਤੋਂ ਪਹਿਲਾਂ ਉਹਨਾਂ ਦੀ ਇੰਟਰੋਡਕਸ਼ਨ ਵੀ ਦਿੰਦੇ ਸਨ । ਡਾ : ਸੁਰਜੀਤ ਪਾਤਰ ਜੀ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ। ਰਿੰਟੂ ਜੀ ਨਾਮਵਰ ਕਵੀਆਂ ਨੂੰ ਵਾਰੀ ਵਾਰੀ ਆਪਣੀ ਨਜ਼ਮ ਪੇਸ਼ ਕਰਨ ਲਈ ਕਿਹਾ। ਡਾ : ਸਰਬਜੀਤ ਸੋਹਲ ਜੀ ਨੇ ਸਾਹਿਤਕ ਸਾਂਝਾਂ ਤੇ ਇਸਦੀ ਸੰਸਥਾਪਕ ਰਮਿੰਦਰ ਰਮੀ ਦੇ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ । ਉਹਨਾਂ ਇਹ ਵੀ ਦੱਸਿਆ ਕਿ ਕਵਿਤਾ ਵਿਸਮਾਦੀ ਛਿਨ ਵਿੱਚ ਲਿਖੀ ਜਾਂਦੀ ਹੈ । ਉਹਨਾਂ ਆਪਣੀ ਨਜ਼ਮ :- ਤੇਰੇ ਜਾਣ ਦੇ ਬਾਦ ਐਨਾ ਹੀ ਕੀਤਾ ਹੈ ਕਿ ਤੇਰੇ ਜੂਠੇ ਗਲਾਸ ਵਿੱਚ ਪਾਣੀ ਪੀਤਾ ਹੈ

ਅਰਤਿੰਦਰ ਸੰਧੂ, ਸਤਿੰਦਰ ਕੌਰ ਕਾਹਲੋਂ ਜੀ , ਅੰਜੂ ਵੀ ਰੱਤੀ ਜੀ ,ਆਸ਼ਾ ਸ਼ਰਮਾ ਜੀ, ਡਾ : ਉਮਿੰਦਰ ਜੋਹਲ :- ਕਾਲੀਆਂ ਰਾਤਾਂ ਕਾਲੇ ਮਨ ਤੇ ਧੀ ਕਵਿਤਾ ਆਪਣੇ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤੀ, ਡਾ : ਕੁਲਦੀਪ ਦੀਪ :- ਕੁੜੀਆਂ ਹੁਣ ਚਿੜੀਆਂ ਨਹੀਂ ਹੁੰ-ਦੀਆਂ ਤੇ ਤਰਲੋਚਨ ਲੋਚੀ:- ਤਿੰਨ ਮਾਂਵਾਂ ਇਕ ਮਾਂ ਬੋਲੀ , ਇਕ ਮਾਂ ਧਰਤੀ , ਇਕ ਜੰਮਣ ਵਾਲੀ ਮਾਂ ਬਹੁਤ ਮਿੱਠੀ ਅਵਾਜ਼ ਵਿੱਚ ਪੇਸ਼ ਕੀਤੀਆਂ , ਸਰਨ-ਜੀਤ ਕੌਰ ਅਨਹਦ ਸਿਲਕੀ:- ਤੇਰੇ ਖੱਤ , ਮੇਰਾ ਚੰਨ ਆਪਣੀ ਬਹੁਤ ਬੁਲੰਦ, ਸ਼ਾਨਦਾਰ ਤੇ ਜਾਨਦਾਰ ਅਵਾਜ਼ ਵਿੱਚ ਪੇਸ਼ ਕੀਤੀਆਂ , ਪਰਮਜੀਤ ਸਿੰਘ ਗਿੱਲ ਜੀ ਨੇ ਕਾਵਿ ਮਿਲਣੀ ਦੇ ਸਲਾਨਾ ਪ੍ਰੋਗਰਾਮ ਬਾਰੇ ਦੱਸਿਆ ਤੇ ਡਾ : ਪਾਤਰ ਜੀ ਦੀ ਨਜ਼ਮ ਆਪਣੀ ਖ਼ੂਬਸੂਰਤ ਅਵਾਜ਼ ਵਿੱਚ ਪੇਸ਼ ਕੀਤੀ ।ਆਸ਼ਾ ਸ਼ਰਮਾ ਜੀ ਨੇ ਆਪਣੀਆਂ ਨਜ਼ਮਾਂ ਆਪਣੀ ਪਿਆਰੀ ਅਵਾਜ਼ ਵਿੱਚ ਪੇਸ਼ ਕੀਤੀਆਂ ਤੇ ਪ੍ਰਿੰ: ਹਰਜਿੰਦਰ ਕੌਰ ਸੱਧਰ:- ਤੂੰ ਨਹੀਂ ਹੈ ਕੋਈ ਆਮ ਕੁੜੀਏ ਰਮਿੰਦਰ ਰਮੀ ਨੂੰ ਸਮਰਪਿਤ ਨਜ਼ਮ ਤੇ ਜੀ ਕਰਦਾ ਏ ਰੁੱਖ ਬਣ ਜਾਵਾਂ ਆਪਣੀ ਪਿਆਰੀ ਅਵਾਜ਼ ਵਿੱਚ ਪੇਸ਼ ਕੀਤੀਆਂ , ਪ੍ਰੀਤ ਗਿੱਲ ਜੀ ਨੇ ਕੁਝ ਵਿਚਾਰਾਂ ਡਾ: ਪਾਤਰ ਸਾਹਿਬ ਨਾਲ ਕੀਤੀਆਂ ਤੇ ਉਹਨਾਂ ਦੀ ਗ਼ਜ਼ਲ ਦੇ ਕੁਝ ਸ਼ੇਅਰ ਵੀ ਪੇਸ਼ ਕੀਤੇ । ਅੱਜ ਦੀ ਸਲਾਨਾ ਕਾਵਿ ਮਿਲਣੀ ਬਹੁਤ ਸ਼ਾਨਦਾਰ ਤੇ ਜਾਨਦਾਰ ਰਹੀ । ਡਾ: ਸੁਰਜੀਤ ਪਾਤਰ ਜੀ ਦੇ ਆਉਣ ਨਾਲ ਕਾਵਿ ਮਿਲਣੀ ਵਿੱਚ ਜਾਨ ਆ ਗਈ ਤੇ ਨਵੀਂ ਰੂਹ ਫੂਕੀ ਗਈ । ਪੂਰੇ 3 ਘੰਟੇ ਡਾ : ਪਾਤਰ ਸਾਹਿਬ ਮੀਟਿੰਗ ਵਿੱਚ ਹਾਜ਼ਿਰ ਰਹੇ, ਬਹੁਤ ਪਿਆਰੀਆਂ ਉਹਨਾਂ ਆਪਣੀਆਂ ਨਜ਼ਮਾਂ ਵੀ ਸੁਣਾਈਆਂ ਤੇ ਕੁਝ ਵਿਚਾਰ ਸਾਂਝਾਂ ਵੀ ਹੋਈਆਂ । ਸ਼ਾਇਦ ਅਜੇ ਵੀ ਮੈਂਬਰਜ਼ ਦਾ ਦਿਲ ਨਹੀਂ ਸੀ ਚਾਹੁੰਦਾ ਕਿ ਡਾ: ਪਾਤਰ ਸਾਹਿਬ ਤੋਂ ਵਿਦਾ ਲਈਏ ਜਾਂ ਉਹਨਾਂ ਨੂੰ ਵਿਦਾ ਕਹੀਏ , ਸਮੇਂ ਦਾ ਤਕਾਜ਼ਾ, ਸਿੱਜਦਾ ਹੈ ਸਾਡਾ ਪਾਤਰ ਸਾਹਿਬ ਜੀ ਨੂੰ । ਉਹਨਾਂ ਦੀ ਚੜ੍ਹਦੀਕਲਾ ਲਈ ਹਮੇਸ਼ਾਂ ਦੁਆਵਾਂ ਕਰਦੇ ਹਾਂ ਜੀ । ਡਾ : ਪਾਤਰ ਜੀ ਨੂੰ ਮੀਟਿੰਗ ਦੀ ਕਲੋਜ਼ਿੰਗ ਕਰਨ ਲਈ ਕਿਹਾ ਗਿਆ ਤੇ ਉਹਨਾਂ ਨੇ ਕਿਹਾ ਕਿ ਅਗਰ ਮੈ ਅੱਜ ਮੀਟਿੰਗ ਵਿੱਚ ਨਾ ਆਉਂਦਾ ਤੇ ਮੈਨੂੰ ਇਸ ਗੱਲ ਦਾ ਬਹੁਤ ਪਛਤਾਵਾ ਰਹਿਣਾ ਸੀ। ਉਹਨਾਂ ਖ਼ੁਸ਼ੀ ਦਾ ਇਜ਼ਹਾਰ ਵੀ ਕੀਤਾ ਕਿ ਸਾਹਿਤਕ ਸਾਂਝਾਂ ਦੀ ਇਹ ਸਲਾਨਾ ਕਾਵਿ ਮਿਲਣੀ ਬਹੁਤ ਵਧੀਆ ਰਹੀ ਹੈ, ਸੱਭ ਬਹੁਤ ਨਾਮਵਰ ਕਵੀਜਨ ਸਨ। ਉਹਨਾਂ ਕਿਹਾ ਕਿ ਰਮਿੰਦਰ ਰਮੀ ਸੱਚਮੁੱਚ ਬਹੁਤ ਸਿਰੜ ਵਾਲੀ ਹੈ ਤੇ ਹਰ ਕੰਮ ਨੂੰ ਬਹੁਤ ਹਿੰਮਤ ਤੇ ਮਿਹਨਤ ਨਾਲ ਕਰ ਲੈਂਦੀ ਹੈ। ਅਖੀਰ ਵਿੱਚ ਰਮਿੰਦਰ ਰਮੀ ਨੇ ਦੇਸ਼ਾਂ ਵਿਦੇਸ਼ਾਂ ਤੋਂ ਜੁੜੇ ਸਮੂਹ ਮੈਂਬਰਜ਼ ਦਾ ਦਿਲੋਂ ਧੰ-ਨਵਾਦ ਕੀਤਾ ਤੇ ਕਿਹਾ ਕਿ ਆਸ ਕਰਦੇ ਹਾਂ ਕਿ ਮੈਂਬਰਜ਼ ਦਾ ਇਹ ਪਿਆਰ, ਸਾਥ ਤੇ ਸਹਿਯੋਗ ਸਾਨੂੰ ਹਮੇਸ਼ਾਂ ਮਿਲਦਾ ਰਹੇਗਾ। ਸਾਡੇ ਵਿਸ਼ੇਸ਼ ਸੱਦੇ ਤੇ ਡਾ : ਗਿਆਨ ਸਿੰਘ ਘਈ ਜੀ ਨੇ ਵੀ ਮੀਟਿੰਗ ਵਿੱਚ ਸ਼ਿਰਕਤ ਕੀਤੀ, ਸ : ਹਰਪਾਲ ਸਿੰਘ ਭਾਟੀਆ, ਰੱਛਪਾਲ ਕੌਰ ਗਿੱਲ ਜੀ , ਕੁਲਵਿੰਦਰ ਸਮਰਾ , ਡਾ ਪੁਸ਼ਵਿੰਦਰ ਖੋਖਰ ਜੀ, ਗੁਰਚਰਨ ਸਿੰਘ ਜੋਗੀ ਜੀ ਤੇ ਦਲਵੀਰ ਕੌਰ ਯੂ ਕੇ ਜੀ ਨੇ ਵੀ ਮੀਟਿੰਗ ਵਿੱਚ ਸ਼ਾਮੂਲੀਅਤ ਕੀਤੀ । ਕੁਝ ਮੈਂਬਰਜ਼ ਕੁਝ ਰੁਝੇਵਿਆਂ ਕਰਕੇ ਨਹੀਂ ਆ ਸਕੇ, ਪਰ ਉਹਨਾਂ ਦੇ ਮੈਸੇਜ ਆ ਗਏ ਸਨ । ਦੇਸ਼ਾਂ ਵਿਦੇਸ਼ਾਂ ਤੋਂ ਮੀਟਿੰਗ ਵਿੱਚ ਜੁੜੇ ਸੱਭ ਸਤਿਕਾਰਯੋਗ ਮੈਂਬਰਜ਼ ਦਾ ਦਿਲੋਂ ਪਿਆਰ , ਸਤਿਕਾਰ , ਸ਼ੁਕਰਾਨੇ ਤੇ ਦੁਆਵਾਂ ਜੀ। ਧੰਨਵਾਦ ਸਹਿਤ। **– ਰਮਿੰਦਰ ਰਮੀ**










# ਜਿਲਾ ਬਾਰ ਐਸੋਸਿਏਸ਼ਨ, ਜਲੰਧਰ, ਵੱਲੋ ਜਲੰਧਰ ਵਿੱਚ ਸੰਵਿਧਾਨ ਚੌਂਕ ਦਾ ਨਾਮ ਰੱਖਣ ਦੀ ਖੁਸ਼ੀ ਵਿੱਚ ਲੱਡੂ ਵੰਡੇ















**ਜਲੰਧਰ–** ਜਿਲਾ ਬਾਰ ਐਸੋਸਿਏਸ਼ਨ, ਜਲੰਧਰ ਦੇ ਮੈਂਬਰਾਂ ਵੱਲੋਂ ਜਲੰਧਰ ਵਿਖੇ ਸੰਵਿਧਾਨ ਚੌਂਕ ਬਨਾਉਣ ਦੀ ਘੋਸ਼ਨਾ ਕਰਨ ਤੇ ਬਾਰ ਦੇ ਪਰਿਸਰ ਵਿੱਚ ਲੱਡੂ ਵੰਡ ਕੇ ਖੁਸ਼ੀ ਮਨਾਈ ਅਤੇ ਵਧਾਈਆਂ ਦਿੱਤਿਆਂ। ਜਲੰਧਰ ਵਿਖੇ ਪੁਰਾਨੇ ਬੀਐਮਸੀ ਚੌਂਕ ਦਾ ਨਾਮ ਬਦਲ ਕੇ ਸੰਵਿਧਾਨ ਚੌਂਕ ਰੱਖਣ ਲਈ ਅੰਬੇਡਕਰਾਈਟ ਲੀਗਲ ਫੋਰਮ ਦੇ ਮੈਂਬਰਾਂ ਵੱਲੋਂ ਪਿਛਲੇ ਕਈ ਸਾਲਾਂ ਤੋ ਪੁਰਜੋਰ ਮੰਗ ਕੀਤੀ ਜਾ ਰਹੀ ਸੀ ਅਤੇ ਇਸ ਮੰਗ ਨੂੰ ਮਨਜੂਰ ਕਰਦੇ ਹੋਇਆ ਪੰਜਾਬ ਸਰਕਾਰ ਨੇ ਇਸ ਚੌਕ ਦਾ ਨਾਮ ਸੰਵਿਧਾਨ ਚੌਂਕ ਰੱਖ ਦਿੱਤਾ। ਇਸ ਮੌਕੇ ਤੇ ਬਾਰ ਦੇ ਪ੍ਰਧਾਨ ਸ ਗੁਰਮੇਲ ਸਿੰਘ ਲਿੱਧੜ ਅਤੇ ਜਨਰਲ ਸਕੱਤਰ ਸ ਸੰਦੀਪ ਸਿੰਘ ਸੰਘਾਂ ਨੇ ਸਭ ਨੂੰ ਵਧਾਈ ਦਿੱਤੀ।

ਇਸ ਮੋਕੇ ਤੇ ਹੇਠ ਲਿਖੇ ਬਹੁਤ ਸਾਰੇ ਵਕੀਲ ਸਾਹਿਬਾਨ ਮੋਜੂਦ ਸਨ:- ਬਲਦੇਵ ਪ੍ਰਕਾਸ਼ ਰਲੁ, ਸ। ਨਰਿੰਦਰ ਸਿੰਘ, ਮੋਹਨ ਲਾਲ ਫਿਲੋਰੀਆ, ਦਰਸ਼ਨ ਸਿੰਘ, ਪ੍ਰਿਤਪਾਲ ਸਿੰਘ, ਰਜਿੰਦਰ ਪਾਲ ਬੋਪਾਰਾਏ, ਆਰ ਕੇ ਮਹਿਮੀ, ਜਗਜੀਵਨ ਰਾਮ, ਹਰਭਜਨ ਸਾਂਪਲਾ, ਮਧੁ ਰਚਨਾ, ਰਾਜੂ ਅੰ-ਬੇਡਕਰ, ਸ਼੍ਰੀ ਕੰਵਲਜੀਤ ਹੁੰਦਲ, ਹਰਨੇਕ ਸਿੰਘ, ਹਰਪ੍ਰੀਤ ਸਿੰਘ, ਰਮਨ ਸੋਧੀ, ਕੁਲਦੀਪ ਭੱਟੀ, ਕਰਨ ਕਾਲੀਆ, ਪਵਨ ਬਿਰਦੀ, ਰਾਜਕੁਮਾਰ ਬੈਂਸ, ਏ।ਐਸ।ਥਿੰਡ, ਸੁਨੀਲ ਬੋਪਾਰਾਏ, ਸੁਰਜੀਤ ਖੋਖਰ, ਸਤਪਾਲ ਵਿਰਦੀ, ਰਜਿੰਦਰ ਆਜਾਦ, ਰਮਨ ਸਿੱਧੂ, ਗੁਰਜੀਤ ਕਾਹਲੋਂ, ਰਜਿੰਦਰ ਸਿੰਘ ਮੰਡ ਅਤੇ ਹੋਰ।

# ਬਹੁਜਨ ਸਮਾਜ ਪਾਰਟੀ, ਜਲੰਧਰ ਦੇ ਵਕੀਲਾਂ ਵੱਲੋ ਪੰਜਾਬ ਦੀ ਸਟੇਟ ਕਨਵੈਨਸ਼ਨ ਆਯੋਜਿਤ ਕੀਤੀ

**ਜਲੰਧਰ–** ਬੀਤੇ ਦਿਨੀਂ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਬਹੁਜਨ ਸਮਾਜ ਪਾਰਟੀ, ਜਲੰਧਰ ਦੇ ਵਕੀਲ ਸਾਹਿਬਾਨਾਂ ਵੱਲੋ ਪੰਜਾਬ ਦੀ ਸਟੇਟ ਕਨਵੈਨਸ਼ਨ ਦਾ ਆਯੋਜਨ ਕੀਤਾ ਗਿਆ। ਇਸ ਕਨਵੈਂਸ਼ਨ ਵਿੱਚ ਸ਼੍ਰੀ ਰਨਧੀਰ ਸਿੰਘ ਬੇਨਿਵਾਲ ਜੀ (ਇੰਚਾਰਜ, ਪੰਜਾਬ, ਹਰਿਆਣਾ ਅਤੇ ਚੰਡੀਗੜ, ਬੀਐਸਪੀ) ਮੁੱਖ ਮਹਿਮਾਨ ਦੇ ਤੌਰ ਤੇ ਹਾਜਿਰ ਹੋਏ ਅਤੇ ਸ। ਜਸਵੀਰ ਸਿੰਘ ਗੜੀ ਜੀ ਖਾਸ ਮਹਿਮਾਨ ਦੇ ਤੌਰ ਤੇ ਹਾਜਿਰ ਸਨ। ਮੁਖ ਮਹਿਮਾਨ ਸਾਹਿਬਾਨ ਦਾ ਐਡਵੋਕੇਟ ਸ਼੍ਰੀ।ਵਿਜੇ ਬੱਧਨ, ਸੈਕਟਰੀ, ਬੀ ਐੱਸ ਪੀ, ਪੰਜਾਬ, ਕੋਆਰਡੀਨੇਟਰ, ਬੀ ਐੱਸ ਪੀ ਪੰਜਾਬ ਲੀਗਲ ਸੈੱਲ ਅਤੇ ਐਡਵੋਕੇਟ ਸ਼੍ਰੀ। ਰਣਜੀਤ ਕੁਮਾਰ (ਹੁਸ਼ਿਆਰਪੁਰ) ਜਨਰਲ ਸੈਕਟਰੀ, ਬੀ ਐੱਸ ਪੀ,ਪੰਜਾਬ, ਕੋ ਕੋਆਰਡੀਨੇਟਰ, ਬੀ ਐੱਸ ਪੀ ਪੰਜਾਬ ਲੀਗਲ ਸੈੱਲ ਵੱਲੋ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਹਰ ਜਿਲੇ ਤੋ ਆਏ ਵਕੀਲ ਸਾਹਿਬਾਨਾਂ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਤੇ ਸ਼੍ਰੀ ਰਨਧੀਰ ਸਿੰਘ ਬੇਨਿਵਾਲ ਜੀ ਨੇ ਬੀਐਸਪੀ ਨੂੰ ਮਜਬੂਤ ਕਰਨ ਲਈ ਪੰਜਾਬ ਦੇ ਲੀਗਲ ਸੈਲ ਦਾ ਗਠਨ ਕੀਤਾ । ਇਸ ਮੌਕੇ ਤੇ ਸੂਬਾ ਪ੍ਰਧਾਨ ਸ। ਜਸਬੀਰ ਸਿੰਘ ਗੜ੍ਹੀ ਜੀ ਨੇ ਸੰਗਠਨ ਯਾ ਅੰਦਲਨ ਦੀ ਕਾਮਯਾਬੀ ਲਈ ਸਮਾਜ ਦੇ ਬੁੱਧੀਜੀਵੀ ਵਰਗ ਦੀ ਸ਼ਮੂਲੀਅਤ ਦੀ ਅਹਿਮੀਅਤ ਤੇ ਜੋਰ ਦਿੱਤਾ ਅਤੇ ਕਿਹਾ, ਜੇਕਰ ਬਸਪਾ ਸੱਤਾ ਵਿੱਚ ਆਉਂਦੀ ਹੈ ਤਾਂ ਸੱਤਰ ਸਾਲਾਂ ਤੋ ਵਕੀਲ ਸਹਿਬਾਨਾ ਦੇ ਮਸਲੇ ਪਹਿਲ ਦੇ ਆਧਾਰ ਤੇ ਹੱਲ ਕੀਤੇ ਜਾਣਗੇ। ਇਸ ਮੌਕੇ ਤੇ ਐਡਵੋਕੇਟ ਮੋਹਨ ਲਾਲ ਫਿਲੋਰੀਆ, ਐਡਵੋਕੇਟ ਰਾਜਿੰਦਰ ਪਾਲ ਬੋਪਾਰਾਏ, ਐਡਵੋਕੇਟ ਤੇਜਿੰਦਰ ਬੱਧਣ, ਐਡਵੋਕੇਟ ਆਰ ਕੇ ਅਜ਼ਾਦ ਅਤੇ ਐਡਵੋਕੇਟ ਮਧੂ ਰਚਨਾ ਜੀ ਨੇ ਆਪਣੇ ਕੀਮਤੀ ਵਿਚਾਰ ਰੱਖੇ। ਇਸ ਮੌਕੇ ਤੇ ਮੰਚ ਦਾ ਸੰਚਾਲਨ ਐਡਵੋਕੇਟ ਪ੍ਰਿਤਪਾਲ ਸਿੰਘ ਜੀ ਨੇ ਬਾਖੂਬੀ ਕੀਤਾ। ਅਖੀਰ ਵਿੱਚ ਐਡਵੋਕੇਟ ਨਰਿੰਦਰ ਸਿੰਘ, ਜਲੰਧਰ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਵੱਲੋ ਆਏ ਹੋਏ ਸਾਰੇ ਵਕੀਲ ਸਾਹਿਬਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਤੇ ਹੇਠ ਲਿਖੇ ਵਕੀਲ ਸਾਹਿਬਾਨ ਹਾਜਰ ਸਨ- ਐਡਵੋਕੇਟ ਆਰ ਕੇ ਮਹਿਮੀ, ਐਡਵੋਕੇਟ ਸੰਨੀ ਕੌਲ, ਐਡਵੋਕੇਟ ਹਰਪ੍ਰੀਤ ਸਿੰਘ ਬੱਧਣ, ਐਡਵੋਕੇਟ ਆਰ ਕੇ ਬੈਂਸ, ਐਡਵੋਕੇਟ ਪਵਨ ਬਿਰਦੀ, ਐਡਵੋਕੇਟ ਜੋਗਿੰਦਰ ਪਾਲ ਕੈਂਥ ਐਡਵੋਕੇਟ ਜਗਜੀਵਨ ਰਾਮ, ਐਡਵੋਕੇਟ ਕਰਨ ਖੁੱਲਰ, ਐਡਵੋਕੇਟ ਐਚ ਡੀ ਸਾਂਪਲਾ, ਐਡਵੋਕੇਟ ਦਿਨੇਸ਼ ਜੱਸੀ, ਐਡਵੋਕੇਟ ਰਾਜੂ ਅੰਬੇਡਕਰ, ਐਡਵੋਕੇਟ ਸੁਰਜੀਤ ਖੋਖਰ, ਐਡਵੋਕੇਟ ਸਤਨਾਮ ਸੁਮਨ, ਐਡਵੋਕੇਟ ਪਿਆਰਾ ਰਾਮ, ਐਡਵੋਕੇਟ ਨਵਜੋਤ ਵਿਰਦੀ, ਐਡਵੋਕੇਟ ਪਰਦੀਪ ਰਾਜਾ, ਐਡਵੋਕੇਟ ਵਰੁਣ ਸਿੱਧੂ, ਐਡਵੋਕੇਟ ਕਿਰਨ ਬਾਲਾ, ਐਡਵੋਕੇਟ ਪਰਵੀਨ ਕੈਂਥ, ਐਡਵੋਕੇਟ ਪੂਨਿਮਾ, ਐਡਵੋਕੇਟ ਸਾਕਸ਼ੀ ਕਲੇਰ, ਐਡਵੋਕੇਟ ਹਰਪ੍ਰੀਤ ਕੌਰ, ਐਡਵੋਕੇਟ ਸੰਗੀਤਾ, ਐਡਵੋਕੇਟ ਮਾਯਾ ਦੇਵੀ, ਐਡਵੋਕੇਟ ਬਲਵਿੰਦਰ ਕੌਰ, ਐਡਵੋਕੇਟ ਪ੍ਰੀਤੀ ਭਾਟੀਆ ਐਡਵੋਕੇਟ ਸੁਸ਼ਮਾ ਮੱਲ, ਐਡ-ਵੋਕੇਟ ਮਨੋਜ ਧਮੀਜਾ, ਐਡਵੋਕੇਟ ਪਵਨ ਬੈਂਸ, ਐਡਵੋਕੇਟ ਅਸ਼ਵਨੀ ਕੁਮਾਰ, ਐਡਵੋਕੇਟ ਕਿਰਪਾਲ ਬਾਲੀ, ਐਡਵੋਕੇਟ ਅਮਰਜੀਤ ਮੱਲ, ਐਡਵੋਕੇਟ ਰਵੀ ਕੌਲ, ਐਡਵੋਕੇਟ ਚਰਣਜੀਤ ਪੋਵਾਰੀ, ਐਡਵੋਕੇਟ ਆਰ ਏਲ ਦੁੱਗ ।

----

# ਕੇਜਰੀਵਾਲ ਨੇ ਪੰਜਾਬ ਦੀਆਂ ਔਰਤਾਂ ਨੂੰ 1000 ਰੁਪਏ ਦੇਣ ਦਾ ਐਲਾਨ ਕਰਕੇ ਪੰਜਾਬੀਆਂ ਨੂੰ ਬੇਇੱਜਤ ਕੀਤਾ- ਗੜ੍ਹੀ



**ਜਲੰਧਰ/ਫਗਵਾੜਾ–** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਬੀਤੇ ਦਿਨੀਂ ਮੋਗਾ ਵਿਖੇ ਰੈਲੀ ਦੇ ਦੌਰਾਨ ਪੰਜਾਬ ਦੀ ਮਾਂ, ਨੂੰਹ, ਬੇਟੀ ਅਤੇ ਹਰ ਉਸ ਮਹਿਲਾ ਜਿਸ ਦੀ ਉਮਰ 18 ਸਾਲ ਤੋਂ ਵੱਧ ਹੈ, ਦੇ ਖਾਤੇ ਵਿਚ ਹਰ ਮਹੀਨੇ 1000 ਰੁਪਏ ਦੇਣ ਦੇ ਐਲਾਨ ਨਾਲ ਪੰਜਾਬ ਦੀ ਸਿਆਸਤ ਗਰਮਾ ਗਈ ਹੈ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਅਰਵਿੰਦ ਕੇਜਰੀਵਾਲ ’ਤੇ ਹਮਲਾ ਬੋਲਦਿਆਂ ਕਿਹਾ ਕਿ ਦਿੱਲੀ ਦਾ ਮੁੱਖ ਮੰਤਰੀ ਪੰਜਾਬ ਵਿਚ ਆ ਕੇ ਡਰਾਮੇਬਾਜ਼ੀ ਕਰ ਰਿਹਾ ਹੈ।

ਕੇਜਰੀਵਾਲ ਨੇ ਪੰਜਾਬ ਵਿਚ ਆ ਕੇ 1000 ਰੁਪਏ ਦੇਣ ਦਾ ਐਲਾਨ ਕਰਕੇ ਪੰਜਾਬੀਆਂ ਦਾ ਮਜ਼ਾਕ ਉਡਾਇਆ ਹੈ। ਗੜ੍ਹੀ ਨੇ ਕਿਹਾ ਕਿ ਕੇਜਰੀਵਾਲ ਨੇ ਸਟੇਜ ’ਤੇ ਕਿਹਾ ਕਿ ਜਿਨ੍ਹਾਂ ਮਹਿਲਾਵਾਂ ਦੇ ਘਰਵਾਲਿਆਂ ਨੇ ਉਨ੍ਹਾਂ ਨੂੰ ਕਈ ਸਾਲਾਂ ਤੋਂ ਨਵਾਂ ਸੂਟ ਨਹੀਂ ਲੈ ਕੇ ਦਿੱਤਾ 1000 ਰੁਪਏ ਨਾਲ ਉਹ ਨਵਾਂ ਸੂਟ ਲੈ ਸਕਣਗੀਆਂ, ਮਾਂਵਾਂ ਆਪਣੇ ਬੱਚਿਆਂ ਨੂੰ ਖਾਣ ਪੀਣ ਦੀਆਂ ਚੀਜ਼ਾ ਲੈ ਕੇ ਦੇ ਸਕਦੀਆਂ ਹਨ, ਵਿਦਿਆਰਥਣਾਂ 1000 ਰੁਪਏ ਨਾਲ ਕਾਲਜ ਜਾਏਗੀ।

ਇਸ ਤਰ੍ਹਾਂ ਦੀ ਬੇਤੁਕੀ ਬਿਆਨਬਾਜ਼ੀ ਪੰਜਾਬ ਦੇ ਲੋਕਾਂ ਦੀ ਬਹੁਤ ਵੱਡੀ ਬੇਅਦਬੀ ਹੈ। ਗੜ੍ਹੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਪਹਿਲਾਂ ਸਾਡੀਆਂ ਪੰਜਾਬ ਦੀਆਂ ਮਾਂ, ਬੇਟੀ ਅਤੇ ਨੂੰਹਾਂ ਨੂੰ ਦਿੱਲੀ ਦਾ ਇਕ ਵੀ ਘਰ ਦਿਖਾ ਦੇਣ ਜਿੱਥੇ ਦਿੱਲੀ ਸਰਕਾਰ ਮਹਿਲਾਵਾਂ ਨੂੰ 1000 ਰੁਪਏ ਦੇ ਰਹੀ ਹੈ। ਗੜ੍ਹੀ ਨੇ ਦਿੱਲੀ ਦੇ ਮੁੱਖ ਮੰਤਰੀ ਨੂੰ ਚੇਤਾਵਨੀ ਦਿੱਤੀ ਕਿ 24 ਘੰਟੇ ਦੇ ਅੰਦਰ ਉਹ ਇਹ ਡਾਟਾ ਪੰਜਾਬ ਦੇ ਲੋਕਾਂ ਨਾਲ ਸਾਂਝਾ ਕਰੇ ਨਹੀਂ ਤਾਂ ਅਸੀਂ ਪੂਰੇ ਪੰਜਾਬ ਵਿਚ ਕੇਜਰੀਵਾਲ ਦੀ ਅਸਲ ਸੱਚਾਈ ਬੇਨਕਾਬ ਕਰਾਂਗੇ। ਗੜ੍ਹੀ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੇਜਰੀਵਾਲ ਦੀ ਡਰਾਮੇਬਾਜ਼ੀ ਵਿਚ ਨਾ ਆਉਣ ਕਿਉਂਕਿ ਇਹ ਪੰਜਾਬ ਵਿਚ ਆਪਣੇ ਪੈਰ ਜਮਾਉਣ ਦੇ ਲਈ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ।

# ਆਰਡੀਨੈਂਸ ਨਾਲ ਬਣਾਏ ਗਏ ਤਿੰਨ ਖੇਤੀ ਕਾਨੂੰਨ ਆਰਡੀਨੇਂਸ ਬਣਾਕੇ ਰੱਦ ਕੀਤੇ ਜਾਣ- ਜਸਵੀਰ ਗੜ੍ਹੀ

## ਕਿਸਾਨਾਂ ਦੇ ਪ੍ਰਤੀ ਭੱਦੀ ਸ਼ਬਦਾਵਲੀ ਅਤੇ 700 ਕਿਸਾਨਾਂ ਦੀ ਮੌਤ ਦੀ ਜਿੰਮੇਵਾਰ ਭਾਜਪਾ ਸਰਕਾਰ ਦੇਸ਼ ਤੋਂ ਮਾਫੀ ਮੰਗੇ

**ਜਲੰਧਰ/ਫਗਵਾੜਾ–** ਪੰਜਾਬ ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਦੇ ਫੈਸਲੇ ਨੂੰ ਕਿਸਾਨਾਂ ਦੇ ਸੰਘਰਸ਼ ਦੀ ਜਿੱਤ ਦੱਸਿਆ ਹੈ। ਸ। ਗੜ੍ਹੀ ਨੇ ਕਿਹਾ ਕਿ 360 ਦਿਨਾਂ ਤੋਂ ਦਿੱਲੀ ਦੇ ਬਾਰਡਰਾਂ ਤੇ ਕਿਸਾਨ ਸੰਗਠਨ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਸਨ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕਿਸਾਨਾਂ ਦੀ ਇਹ ਮੰਗ ਪੂਰੀ ਹੋਈ ਹੈ।

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਅਸ਼ੀਰਵਾਦ ਦੇ ਚਲਦੇ ਹੀ ਤਿੰਨਾਂ ਖੇਤੀਬਾੜੀ ਕਾਨੂੰਨ ਰੱਦ ਹੋਏ ਹਨ। ਸ। ਗੜ੍ਹੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਕਾਲੇ ਖੇਤੀਬਾੜੀ ਕਾਨੂੰਨਾਂ ਨੂੰ ਪਾਸ ਕਰਣਾ ਹੁਣ ਤੱਕ ਦਾ ਸਭ ਤੋਂ ਕਲੰਕਿਤ ਫੈਸਲਾ ਸੀ, ਜਿਸ ਵਿੱਚ 700 ਦੇ ਲੱਗਭੱਗ ਕਿਸਾਨ ਸ਼ਹੀਦ ਹੋਏ ਹਨ।

ਭਾਜਪਾ ਨੂੰ 700 ਕਿਸਾਨਾਂ ਦੀ ਮੌਤ ਦੀ ਜਿਮੇਵਾਰੀ ਲੈ ਕੇ ਕਿਸਾਨਾਂ ਤੋਂ ਮਾਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੂਰਵ ਦੇ ਮੌਕੇ ਤੇ ਗੁਰੂ ਜੀ ਨੇ ਭਾਜਪਾ ਨੇਤਾਵਾਂ ਨੂੰ ਬੁੱਧੀ ਬਲ ਬਖਸ਼ਿਆ ਹੈ, ਜਿਸਦੇ ਚਲਦੇ ਪ੍ਰਧਾਨਮੰਤਰੀ ਮੋਦੀ ਨੇ ਅੱਜ ਤਿੰਨਾਂ ਖੇਤੀਬਾੜੀ ਕਾਨੂੰਨਾਂ ਨੂੰ ਵਾਪਸ ਲਿਆ ਹੈ। ਸ। ਗੜ੍ਹੀ ਨੇ ਕਿਹਾ ਕਿ ਕਿਸਾਨੀ ਸੰਘਰਸ਼ ਨੂੰ ਬਦਨਾਮ ਕਰਨ ਵਿੱਚ ਵੀ ਭਾਜਪਾ ਨੇਤਾਵਾਂ ਨੇ ਕੋਈ ਕਸਰ ਨਹੀਂ ਛੱਡੀ ਹੈ ਅਤੇ ਕਿਸਾਨਾਂ ਦੇ ਸੰਘਰਸ਼ ਨੂੰ ਦਬਾਉਣ ਲਈ ਹਰ ਪ੍ਰਕਾਰ ਦੇ ਹਥਕੰਡੇ ਵੀ ਅਪਨਾਏ। ਜਿਸਦੇ ਤਹਿਤ ਦੇਸ਼ ਦੇ ਕਿਸਾਨਾਂ ਨੂੰ ਭਾਜਪਾ ਨੇਤਾਵਾਂ ਨੇ ਕਦੇ ਆਤੰਕਵਾਦੀ, ਕਦੇ ਪਾਕਿਸਤਾਨੀ, ਕਦੇ ਖਾਲਿਸਤਾਨੀ, ਕਦੇ ਪਰਜੀਵੀ ਅਤੇ ਕਦੇ ਅੰਦੋਲਨਜੀਵੀ ਕਿਹਾ।

ਸ ਗੜ੍ਹੀ ਜੀ ਨੇ ਮੰਗ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਕਿਸਾਨੀ ਅੰਦੋਲਨ ਵਿੱਚ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ 50 ਲੱਖ ਰੁਪਏ ਦਾ ਮੁਆਵਜਾ ਅਤੇ ਇੱਕ ਸਰਕਾਰੀ ਨੌਕਰੀ ਦੇਵੇ। ਉਨ੍ਹਾਂ ਕਿਹਾ ਕਿ ਪ੍ਰਧਾਨਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਕਿਸਾਨੀ ਸੰਘਰਸ਼ ਵਿੱਚ ਸ਼ਹੀਦ ਹੋਏ ਕਿਸਾਨਾਂ ਦੀ ਮੌਤ ਦੀ ਜ਼ਿੰਮੇਦਾਰੀ ਲੈਂਦੇ ਹੋਏ ਮਾਫੀ ਮੰਗਣ। ਉਹਨਾਂ ਕਿਹਾ ਕਿ ਜੇਕਰ ਮੋਦੀ ਸਰਕਾਰ ਇੰਨੀ ਹੀ ਕਿਸਾਨਾਂ ਦੀ ਹਮਦਰਦ ਹੈ ਤਾਂ ਕੇਂਦਰ ਸਰਕਾਰ ਆਰਡੀਨੇਂਸ ਪਾਸ ਕਰਦੇ ਹੋਏ ਇਸ ਖੇਤੀਬਾੜੀ ਕਨੂੰਨ ਰੱਦ ਕਰ ਦੇਣਾ ਚਾਹੀਦਾ ਹੈ ਸੀ। ਜਿਨ੍ਹਾਂ ਆਰਡੀਨੇਂਸ ਦੇ ਨਾਲ ਇਹ ਬਿਲ ਪਾਸ ਕੀਤੇ ਗਏ ਸਨ, ਉਸੀ ਤਰ੍ਹਾਂ ਆਰਡੀਨੇਂਸ ਦੇ ਨਾਲ ਇਨ੍ਹਾਂ ਨੂੰ ਰੱਦ ਕਰਣ ਦੀ ਪਰਿਕ੍ਰੀਆ ਸ਼ੁਰੂ ਕੀਤੀ ਜਾਂਦੀ ਅਤੇ ਫਿਰ ਆਉਣ ਵਾਲੇ ਸ਼ੀਤਕਾਲੀਨ ਸੰਸਦੀ ਸਤਰ ਵਿੱਚ ਇਸ ਤਿੰਨਾਂ ਖੇਤੀਬਾੜੀ ਕਾਨੂੰਨਾਂ ਨੂੰ ਪੂਰਨ ਰੂਪ ਵਿੱਚ ਰੱਦ ਕਰਣ ਦਾ ਕਾਨੂੰਨ ਪਾਸ ਕਰ ਦਿੱਤਾ ਜਾਂਦਾ।

# ਮੁੱਖ ਮੰਤਰੀ ਚੰਨੀ ਨੇ ਬਿਆਸ ਵਿਖੇ ਸਬ-ਤਹਿਸੀਲ ਦੀ ਇਮਾਰਤ ਲੋਕਾਂ ਨੂੰ ਸਮਰਪਿਤ ਕੀਤੀ

## ਰਾਧਾ ਸੁਆਮੀ ਸਤਿਸੰਗ ਬਿਆਸ ਨੇ ਜ਼ਮੀਨ ਦਾਨ ਕੀਤੀ ਅਤੇ ਲੋਕਾਂ ਦੀ ਸਹੂਲਤ ਲਈ ਅਤਿ-ਆਧੁਨਿਕ ਕੰਪਲੈਕਸ ਦਾ ਨਿਰਮਾਣ ਕੀਤਾ ਪੰਜਾਬ ਦੇ ਸਰਵਪੱਖੀ ਵਿਕਾਸ ਵਿੱਚ ਧਾਰਮਿਕ ਸੰਸਥਾਵਾਂ ਦਾ ਯੋਗਦਾਨ ਸ਼ਲਾਘਾਯੋਗ : ਮੁੱਖ ਮੰਤਰੀ ਚੰਨੀ





**ਰਈਆ—** ਨਵੇਂ ਬਣੇ ਸਬ-ਤਹਿਸੀਲ ਬਿਆਸ ਦੇ ਕੰਪਲੈਕਸ ਦੀ ਅਤਿ-ਆਧੁਨਿਕ ਇਮਾਰਤ ਨੂੰ ਲੋਕ ਅਰਪਣ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸੂਬੇ ਦੇ ਸਰਬਪੱਖੀ ਵਿਕਾਸ ਵਿੱਚ ਧਾਰਮਿਕ ਸੰਸਥਾਵਾਂ ਦੀ ਭੂਮਿਕਾ ਹਮੇਸ਼ਾ ਹੀ ਸ਼ਲਾਘਾਯੋਗ ਰਹੀ ਹੈ। ਆਧੁਨਿਕ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਰਾਧਾ ਸੁਆਮੀ ਸਤਿਸੰਗ ਬਿਆਸ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਸ੍ਰੀ ਚੰਨੀ ਨੇ ਕਿਹਾ ਕਿ ਹੁਣ ਬਿਆਸ ਵਿਖੇ ਇਸ ਸਹੂਲਤ ਦਾ ਸਿੱਧਾ ਲਾਭ ਲਗਭਗ 30 ਪਿੰਡਾਂ ਦੇ 70,000 ਤੋਂ ਵੱਧ ਵਸਨੀਕਾਂ ਨੂੰ ਮਿ-ਲੇਗਾ। ਉਨ੍ਹਾਂ ਕਿਹਾ ਕਿ ਇਹ ਕੰਪਲੈਕਸ ਪ੍ਰਸ਼ਾਸਨਿਕ ਕੰਮਾਂ ਅਤੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਜ਼ਮੀਨ ਦੀ ਰਜਿਸਟਰੀ, ਫਰਦ ਲੈਣ ਆਦਿ ਤੋਂ ਇਲਾਵਾ ਸੁਵਿਧਾ ਕੇਂਦਰ ਤੇ ਫਰਦ ਕੇਂਦਰ ਵਰਗੀਆਂ ਜਰੂਰੀ ਸੇਵਾਵਾਂ ਦੇਵੇਗਾ।

ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਵੱਧ ਤੋਂ ਵੱਧ ਨਾਗਰਿਕ ਸੇਵਾਵਾਂ ਇੱਕੋ ਛੱਤ ਹੇਠ ਮੁਹੱਈਆ ਕਰਵਾਈਆਂ ਜਾਣਗੀਆਂ, ਜਿਸ ਨਾਲ ਲੋਕਾਂ ਨੂੰ ਲੋੜੀਂਦੇ ਦਸਤਾਵੇਜ਼ ਸਮੇਂ ਸਿਰ ਅਤੇ ਤੁਰੰਤ ਜਾਰੀ ਹੋ ਸਕਣਗੇ।ਜ਼ਿਕਰਯੋਗ ਹੈ ਕਿ ਰਾਧਾਸੁਆਮੀ ਸਤਿਸੰਗ ਬਿਆਸ ਨੇ ਸਬ ਤਹਿਸੀਲ ਦਫ਼ਤਰ ਲਈ ਨਵਾਂ ਕੰਪਲੈਕਸ ਬਣਾ ਕੇ ਪੰਜਾਬ ਸਰਕਾਰ ਨੂੰ ਦਿੱਤਾ ਹੈ, ਜੋ ਕਿ ਪੰਜ ਏਕੜ ਜ਼ਮੀਨ ਵਾਲੇ ਵਿਸ਼ਾਲ ਖੇਤਰ ਦੇ ਨਾਲ ਸੂਬੇ ਦੀਆਂ ਆਧੁਨਿਕ ਇਮਾਰਤਾਂ ਵਿੱਚੋਂ ਇੱਕ ਹੈ। ਸਬ-ਤਹਿਸੀਲ ਕੰਪਲੈਕਸ ਵਿੱਚ 15,559 ਵਰਗ ਫੁੱਟ ਦੇ ਉਸਾਰੇ ਗਏ ਖੇਤਰ, 10492 ਵਰਗ ਫੁੱਟ ਦੇ ਖੁੱਲ੍ਹੇ ਸ਼ੈੱਡ, 22519 ਵਰਗ ਫੁੱਟ ਖੇਤਰ ਵਿੱਚ ਪਾਰਕਿੰਗ ਤੋਂ ਇਲਾਵਾ 128156 ਵਰਗ ਫੁੱਟ ਹਰੇ ਭਰੇ ਪਾਰਕ ਹਨ। ਪੂਰੀ ਤਰ੍ਹਾਂ ਸਜਾਏ ਇਸ ਕੰਪਲੈਕਸ ਵਿੱਚ ਉਪ ਤਹਿਸੀਲਦਾਰ ਦੇ ਦਫ਼ਤਰ ਅਤੇ ਅਦਾਲਤੀ ਕਮਰੇ ਸਮੇਤ ਕੁੱਲ 34 ਕਮਰੇ, ਸਮੁੱਚੇ ਸਟਾਫ਼ ਲਈ ਕਮਰੇ ਅਤੇ ਇੱਕ ਕਾਨਫਰੰਸ ਰੂਮ ਹੈ ਜਦਕਿ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਕੈਂਪ ਦਫ਼ਤਰ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

ਇਮਾਰਤ ਦਾ ਡਿਜ਼ਾਇਨ, ਲੇਆਉਟ ਅਤੇ ਆਰਕੀਟੈਕਚਰ ਭਵਿੱਖ ਵਿੱਚ ਬਣਨ ਵਾਲੀਆਂ ਅਜਿਹੀਆਂ ਇਮਾਰਤਾਂ ਲਈ ਨਮੂਨੇ ਵਜੋਂ ਵਰਤਿਆ ਜਾ ਸਕਦਾ ਹੈ।ਪੱਤਰਕਾਰਾਂ ਦੇ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ 5 ਕਰੋੜ ਰੁਪਏ ਦੀ ਲਾਗਤ ਨਾਲ ਸਬ-ਤਹਿਸੀਲ ਬਣਾਉਣ ਲਈ ਧੰਨਵਾਦ ਕੀਤਾ। ਇਕ ਸਵਾਲ ਦਾ ਜਵਾਬ ਦਿੰਦੇ ਹੋਏ ਸ੍ਰੀ ਚੰਨੀ ਨੇ ਕਿਹਾ ਕਿ ਡੀਜੀਪੀ ਦੀ ਨਿਯੁਕਤੀ ਦਾ ਪੈਨਲ ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ ਅਤੇ ਉਸ ਅਨੁਸਾਰ ਹੀ ਨਿਯੁਕਤੀ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੇ ਮੁੱਦੇ 'ਤੇ ਪੰਜਾਬ ਸਰਕਾਰ ਇਸ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਵੱਡੀਆਂ ਮੱਛੀਆਂ ਨੂੰ ਫੜਨ ਲਈ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ। ਇਸ ਮੌਕੇ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਤਰਸੇਮ ਸਿੰਘ ਡੀਸੀ ਅਤੇ ਬਲਵਿੰਦਰ ਸਿੰਘ ਲਾਡੀ, ਚੇਅਰਮੈਨ ਪਨਗ੍ਰੇਨ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਖਹਿਰਾ ਅਤੇ ਐਸਐਸਪੀ ਰਾਕੇਸ਼ ਕੌਸ਼ਲ ਵੀ ਹਾਜ਼ਰ ਸਨ।

# ਉਸਤਾਦ ਗਾਇਕਾ ਗੁਲਸ਼ਨ ਕੋਮਲ ਜੀ ਦਾ ਫਗਵਾੜਾ ਵਿਖੇ ਮਾਣਕ ਯਾਦਗਾਰੀ ਮੇਲੇ ਵਿਚ ਵਿਸ਼ੇਸ਼ ਸਨਮਾਨ

ਚੰਡੀਗੜ - ਦਹਾਕਿਆਂ ਤੋਂ ਆਪਣੇ ਅਨੇਕਾਂ ਸੁਪਰ ਹਿੱਟ ਦੋਗ-ਾਣਿਆਂ ਤੇ ਸੋਲੋ ਗੀਤਾਂ ਨਾਲ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਦੀ ਆ ਰਹੀ, ਸੁਰੀਲੀ ਤੇ ਬੁਲੰਦ ਆਵਾਜ਼ ਦੀ ਮਲਿਕਾ, ਉਸਤਾਦ ਗਾਇਕਾ ਬੀਬਾ ਗੁਲਸ਼ਨ ਕੋਮਲ (9876365336) ਜੀ ਨੂੰ ਬੀਤੇ ਦਿਨ ਫਗਵਾੜਾ ਵਿਖੇ ਕਲੀਆਂ ਦੇ ਬਾਦਸ਼ਾਹ ਸਵ: ਸ੍ਰੀ ਕੁਲਦੀਪ ਮਾਣਕ ਜੀ ਦੀ ਯਾਦ ਵਿੱਚ ਕਰਵਾਏ ਗਏ ਦਸਵੇਂ ਮਾਣਕ ਯਾਦਗਾਰੀ ਮੇਲੇ ਵਿਚ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਸਵ: ਮਾਣਕ ਜੀ ਦੀ ਧਰਮ ਪਤਨੀ ਬੀਬੀ ਸਰਬਜੀਤ ਕੌਰ ਜੀ ਦੀ ਸੁਚੱਜੀ ਅਗਵਾਈ ਹੇਠ ਕਰਵਾਏ ਗਏ ਇਸ ਯਾਦਗਾਰੀ ਮੇਲੇ ਦੌਰਾਨ ਬੀਬਾ ਕੋਮਲ ਜੀ ਨੂੰ ਸਨਮਾਨਿਤ ਕਰਨ ਦੇ ਲਏ ਗਏ ਦਰੁਸਤ ਤੇ ਹਰ ਪੱਖੋਂ ਵਾਜਿਬ ਫੈਸਲੇ ਦੀ ਪ੍ਰਬੰਧਕੀ ਟੀਮ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜੀ ਹੈ। ਪੰਜਾਬੀ ਪ੍ਰਸਿੱਧੀ ਪ੍ਰਾਪਤ ਗਾਇਕ ਸ੍ਰੀ ਸੁਰੇਸ਼ ਬਾਡੇਕਰ ਜੀ ਨਾਲ ਵੀ ਕੈਸਿਟਾਂ ਪੰਜਾਬੀ ਮਾਂ-ਬੋਲੀ ਦੀ ਝੋਲ਼ੀ 'ਚ ਪਾ ਕੇ ਭਾਰਤੀ ਸਿਨੇਮਾ ਯੁੱਗ




ਗੀਤ-ਸੰਗੀਤ ਜਗਤ ਦੇ ਮਹਾਂਰਥੀਆਂ ਵਿਚ ਨਿਰਪੱਖਤਾ ਨਾਲ ਲਏ ਗਏ ਇਸ ਮਹਾਨ ਫੈਸਲੇ ਦੀ ਖੂਬ ਚਰਚਾ ਹੈ। ਵਿਸੇਸ਼ ਜ਼ਿਕਰ ਯੋਗ ਹੈ ਕਿ ਜਿੱਥੇ ਬੀਬਾ ਗੁਲਸ਼ਨ ਕੋਮਲ ਜੀ ਵੱਲੋਂ ਕੁਲਦੀਪ ਮਾਣਕ ਜੀ ਨਾਲ ਕੀਤੇ ਦੋਗਾਣਿਆਂ ਨੇ ਕੋਮਲ ਜੀ ਦੀ ਗਾਇਕੀ ਦਾ ਗ੍ਰਾਫ ਬੁਲੰਦੀਆਂ ਉਤੇ ਪਹੁੰਚਾਇਆ, ਉਥੇ ਬਾਲੀਵੁੱਡ ਦੇ ਵਿਸ਼ਵ ਵਿਚ ਵੀ ਆਪਣੀ ਸਦਾ ਬਹਾਰ ਗਾਇਕੀ ਦੀ ਛਾਪ ਛੱਡੀ। ਸਤਿਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਿਹਾੜੇ 'ਤੇ, 'ਭੈਣ ਨਾਨਕੀ ਦਾ ਵੀਰ' ਮਾਰਕੀਟ ਵਿਚ ਧੁੰਮਾਂ ਪਾਉਂਦਾ ਕੋਮਲ ਜੀ ਦਾ ਸਿੰਗਲ ਟਰੈਕ ਉਨਾਂ ਦੇ ਸਦਾ ਬਹਾਰ ਗਾਇਕਾ ਹੋਣ ਦੀ ਤਾਜ਼ੀ ਗਵਾਹੀ ਭਰ ਰਿਹਾ ਹੈ। **- ਪ੍ਰੀਤਮ ਲੁਧਿਆਣਵੀ**






# ਗੁਰਮੀਤ ਬਾਵਾ ਅਤੇ ਕੁਲਵੰਤ ਸਿੰਘ ਸੂਰੀ ਦਾ ਸਦੀਵੀ ਵਿਛੋੜਾ

**ਚੰਡੀਗੜ੍ਹ–** ਅੰਮ੍ਰਿਤਸਰ ਸ਼ਹਿਰ ਦੀਆਂ ਕਲਾ ਅਤੇ ਸਾਹਿਤ ਨੂੰ ਸਮਰਪਿਤ ਦੋ ਉਘੀਆਂ ਸ਼ਖ਼ਸੀਅਤਾਂ ਕੁਲਵੰਤ ਸਿੰਘ ਸੂਰੀ ਅਤੇ ਲੋਕ ਗਾਇਕਾ ਗੁਰਮੀਤ ਬਾਵਾ ਦੇ ਸਦੀਵੀ ਵਿਛੋੜੇ ਦੇ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ।) ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਗੁਰਮੀਤ ਬਾਵਾ ਨੇ ਲਗਪਗ ਚਾਰ ਦਹਾਕੇ ਪੰਜਾਬੀ ਲੋਕ ਗਾਇਕੀ ਵਿੱਚ ਆਪਣੀ ਕਲਾ ਦੀ ਧਾਕ ਜਮਾਈ ਰੱਖੀ। ਉਸ ਨੇ ਪੰਜਾਬੀ ਲੋਕ ਸੰਗੀਤ ਅਤੇ ਪੰਜਾਬੀ ਲੋਕ ਗਾਇਕੀ ਨੂੰ ਸਿਖਰਲੇ ਮੁਕਾਮ ਤੱਕ ਪਹੁੰਚਾਇਆ। ਉਸ ਦੀ ਬੁਲੰਦ, ਪੁਰਸੋਜ਼ ਆਵਾਜ਼ ਅਤੇ ਲੰਮੀ ਹੇਕ ਉਸ ਦੀ ਲੋਕ ਗਾਇਕੀ ਦਾ ਵਿਲੱਖਣ ਅੰਗ ਹੈ। ਉਸ ਨੇ ਪੰਜਾਬੀ ਦੀਆਂ ਲੋਕ ਗਾਥਾਵਾਂ ਅਤੇ ਪ੍ਰੀਤ ਕਥਾਵਾਂ ਨੂੰ ਆਪਣੀ ਜ਼ੁਬਾਨ ਦੇ ਜਾਦੂ ਦੇ ਅਸਰ ਨਾਲ ਲੋਕ ਸਿਮਰਤੀ ਦਾ ਅੰਗ ਬਣਾ ਦਿੱਤਾ। ਉਸ ਦੀਆਂ ਦੋ ਧੀਆਂ ਨੇ ਪੰਜਾਬੀ ਲੋਕ ਗਾਇਕੀ ਦੀ ਪਰੰਪਰਾ ਅਤੇ ਆਪਣੀ ਮਾਂ ਦੇ ਮਖ਼ਸੂਸ ਅੰਦਾਜ਼ ਨੂੰ ਅੱਗੇ ਤੋਰਿਆ। ਪੰਜਾਬੀ ਦੇ ਉਘੇ ਪ੍ਰਕਾਸ਼ਕ ਕੁਲਵੰਤ ਸਿੰਘ ਸੂਰੀ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਨਾਨਕ





ਸਿੰਘ ਦੇ ਸਪੁੱਤਰ ਸਨ। ਸਾਹਿਤਕ ਫ਼ਿਜ਼ਾ ਵਿੱਚ ਪਲੇ ਅਤੇ ਪ੍ਰਵਾਨ ਹੋਏ ਕੁਲਵੰਤ ਸਿੰਘ ਸੂਰੀ ਨੇ ਨਾ ਕੇਵਲ ਪੰਜਾਬੀ ਦੀਆਂ ਸ੍ਰੇਸ਼ਠ ਪੁਸਤਕਾਂ ਨੂੰ ਛਾਪੇ ਦਾ ਜਾਮਾ ਪਹਿਨਾਇਆ ਸਗੋਂ ਪੰਜਾਬੀ ਸਾਹਿਤ ਦੀ ਰਵਾਇਤ ਨੂੰ ਹੋਰ ਅਮੀਰ ਬਣਾਇਆ। ਉਸ ਨੇ ਉਰਦੂ ਕਵੀਆਂ ਦੇ ਕਲਾਮ ਨੂੰ ਵੱਡੀ ਗਿਣਤੀ ਵਿੱਚ ਛਾਪ ਕੇ ਸਾਹਿਤਕ ਪਰੰਪਰਾ ਨੂੰ ਅਮੀਰ ਬਣਾਇਆ। ਉਸ ਦੀ ਜੀਵਨ ਸਾਥਣ ਅਤਰਜੀਤ ਸੂਰੀ ਪੰਜਾਬੀ ਦੀ ਉਘੀ ਕਹਾਣੀਕਾਰਾ ਹੈ ਅਤੇ ਪੁੱਤਰ ਨਵਦੀਪ ਸੂਰੀ ਵੀ ਅੰਗਰੇਜ਼ੀ ਦਾ ਉਘਾ ਲੇਖਕ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ।) ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਡਾ। ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਗੁਰਮੀਤ ਬਾਵਾ ਅਤੇ ਕੁਲਵੰਤ ਸਿੰਘ ਸੂਰੀ ਦੇ ਸਦੀਵੀ ਵਿਛੋੜੇ ਨਾਲ ਅਸੀਂ ਇਕ ਲੋਕ ਕਲਾਕਾਰ ਅਤੇ ਉਘੇ ਪ੍ਰਕਾਸ਼ਕ ਤੋਂ ਵਾਂਝੇ ਹੋ ਗਏ ਹਾਂ ਉਨ੍ਹਾਂ ਨੇ ਦੋਹਾਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਅਤੇ ਸਨੇਹੀਆਂ ਨਾਲ ਦੁੱਖ ਸਾਂਝਾ ਕੀਤਾ।

**ਸੁਖਦੇਵ ਸਿੰਘ ਸਿਰਸਾ**
**91-98156-36565**

# ਬਟੁਕੇਸ਼ਵਰ ਦੱਤ ਦੇ ਜਨਮ ਦਿਹਾੜੇ ’ਤੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਜਮਹੂਰੀ ਮੰਗਾਂ ਲਈ ਉਠਾਈ ਆਵਾਜ਼

**ਜਲੰਧਰ–** 18 ਨਵੰਬਰ 1910 ਨੂੰ ਖੰਡਾਗੋਸ (ਪੱਛਮੀ ਬੰਗਾਲ) ਵਿੱਚ ਜਨਮੇ ਬਟੁਕੇਸ਼ਵਰ ਦੱਤ ਦੇ ਜਨਮ ਦਿਹਾੜੇ ਮੌਕੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਨੇ ਉਹਨਾਂ ਵੱਲੋਂ ਆਜ਼ਾਦੀ ਦੀ ਜੱਦੋ ਜਹਿਦ ਵਿੱਚ ਨਿਭਾਈ ਇਤਿਹਾਸਕ ਭੂਮਿਕਾ ਨੂੰ ਸਿਜਦਾ ਕੀਤਾ ਗਿਆ। ਬਟੁਕੇਸ਼ਵਰ ਦੱਤ ਦੇ ਜਨਮ ਦਿਹਾੜੇ ਦੀ ਉਹਨਾਂ ਦੇ ਰਾਹਾਂ ਦੀ ਅਧੂਰੀ ਵਾਟ ਪੂਰੀ ਕਰਨ ਤੁਰੇ ਕਾਫ਼ਲਿਆਂ ਨੂੰ ਮੁਬਾਰਕਵਾਦ ਦਿੰਦਿਆਂ ਕਮੇਟੀ ਨੇ ਅਹਿਦ ਲਿਆ ਕਿ ਪੰਜਾਬ, ਬੰਗਾਲ, ਮਹਾਂਰਾਸ਼ਟਰ, ਯੂ.ਪੀ., ਕਸ਼ਮੀਰ ਆਦਿ ਦੇ ਸਭਨਾਂ ਖੇਤਰਾਂ ਦੇ ਇਨਕਲਾਬੀਆਂ ਵੱਲੋਂ ਆਜ਼ਾਦੀ ਸੰਗਰਾਮ ਦੇ ਸਾਂਝੇ ਇਤਿਹਾਸ ’ਚ ਪਾਏ ਯੋਗਦਾਨ ਨੂੰ ਸਲਾਮਤ ਰੱਖਿਆ ਜਾਏਗਾ।

ਜ਼ਿਕਰਯੋਗ ਹੈ ਕਿ ਬਟੁਕੇਸ਼ਵਰ ਦੱਤ ਅਤੇ ਭਗਤ ਸਿੰਘ ਨੇ 8 ਅਪ੍ਰੈਲ 1929 ਨੂੰ ਕਾਲ਼ੇ ਕਾਨੂੰਨਾਂ ਖਿਲਾਫ਼, 'ਬੋਲ਼ੇ ਹਾਕਮਾਂ ਨੂੰ ਸੁਣਾਉਣ ਲਈ ਧਮਾਕੇ ਦੀ ਲੋੜ ਹੈ’ ਸਿਰਲੇਖ ਹੇਠ ਲਿਖੇ ਪਰਚੇ ਸੁੱਟਕੇ ਅਤੇ ਬੰਬ ਧਮਾਕਾ ਕਰਕੇ 'ਸਾਮਰਾਜਵਾਦ ਮੁਰਦਾਬਾਦ’, ਇਨਕਲਾਬ-ਜਿੰਦਾਬਾਦ!’ ਨਾਅਰੇ ਮਾਰਦਿਆਂ ਗ੍ਰਿਫ਼ਤਾਰੀ ਦਿੱਤੀ ਸੀ। ਸਾਡੇ ਕੋਲੋਂ 20 ਜੁਲਾਈ 1965 ਨੂੰ ਵਿਛੜੇ ਬਟੁਕੇਸ਼ਵਰ ਦੱਤ ਦੀ ਯਾਦਗਾਰੀ ਸਮਾਧ ਵੀ ਹੁਸੈਨੀਵਾਲਾ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦਗਾਰ ਲਾਗੇ ਹੀ ਬਣਾਈ ਗਈ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਬਟੁਕੇਸ਼ਵਰ ਦੱਤ ਨੇ ਕਾਲ਼ੇ ਪਾਣੀ ਦੀ ਜੇਲ੍ਹ ’ਚ ਲੰਮੀ ਭੁੱਖ ਹੜਤਾਲ ਰੱਖਕੇ ਅਤੇ ਅਥਾਹ ਤਸੀਹੇ ਝੱਲਕੇ ਕਾਲ਼ ਕੋਠੜੀਆਂ, ਕਾਲ਼ੇ ਕਾਨੂੰਨਾਂ ਖਿਲਾਫ਼ ਆਖ਼ਰੀ ਦਮ ਤੱਕ ਸੰਘਰਸ਼ ਕੀਤਾ।



ਉਹਨਾਂ ਕਿਹਾ ਕਿ ਅਜੋਕੇ ਸਮਿਆਂ ਵਿਚ ਉਸ ਵੇਲੇ ਨਾਲੋਂ ਵੀ ਕਿਤੇ ਵੱਧ ਘਿਨੌਣੇ ਅਪਰਾਧ ਕਰਕੇ ਦੇਸ਼ ਭਗਤ ਇਨਕਲਾਬੀਆਂ ਨੂੰ ਬਿਨਾਂ ਮੁਕੱਦਮਾ ਚਲਾਏ ਸਾਲਾਂ ਬੱਧੀ ਜੇਲ੍ਹਾਂ ਵਿੱਚ ਤਾੜਕੇ ਰੱਖਿਆ ਜਾ ਰਿਹਾ ਹੈ, ਇਸ ਲਈ ਸਭਨਾਂ ਲੋਕ-ਪੱਖੀ, ਇਨਕਲਾਬੀ ਜਮਹੂਰੀ ਤਾਕਤਾਂ ਨੂੰ ਹੱਕ, ਸੱਚ, ਇਨਸਾਫ਼ ਲਈ ਮਿਲਕੇ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।

ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਦੁਆਰ ’ਤੇ ਲਿਖੀਆਂ ਮੰਗਾਂ ਦੇ ਪੱਖ ’ਚ ਹਜ਼ਾਰਾਂ ਲੋਕਾਂ ਵੱਲੋਂ ਦਸਤਖ਼ਤ ਕਰਕੇ ਉਠਾਈ ਆਵਾਜ਼ ਨੂੰ ਅੱਜ ਦੱਤ ਦੇ ਜਨਮ ਦਿਹਾੜੇ ਮੌਕੇ ਬੁਲੰਦ ਕਰਦਿਆਂ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਨ, ਖੇਤੀ ਵਿਰੋਧੀ ਕਾਲ਼ੇ ਕਾਨੂੰਨ ਰੱਦ ਕਰਨ, ਲਖੀਮਪੁਰ ਕਿਸਾਨਾਂ ਦੇ ਕਤਲੇਆਮ ਦੇ ਜ਼ਿੰਮੇਵਾਰਾਂ ਨੂੰ ਗ੍ਰਿਫ਼ਤਾਰ ਕਰਨ, ਕਿਰਤ ਕਾਨੂੰਨਾਂ ’ਚ ਕੀਤੀਆਂ ਸੋਧਾਂ ਰੱਦ ਕਰਨ, 1984 ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਕੁਦਰਤੀ ਆਫ਼ਤਾਂ ਦਾ ਸ਼ਿਕਾਰ ਕਿਸਾਨਾਂ-ਮਜ਼ਦੂਰਾਂ ਨੂੰ ਮੁਆਵਜ਼ਾ ਦੇਣ, ਗ੍ਰਿਫ਼ਤਾਰ ਬੁੱਧੀਜੀਵੀਆਂ ਨੂੰ ਰਿਹਾਅ ਕਰਨ, ਗੌਤਮ ਨਵਲੱਖਾ ਨੂੰ ਅੰਡਾ ਸੈੱਲ ਵਿੱਚ ਕੈਦ ਕਰਨ ਤੇ ਸਿਹਤ ਦੇ ਆਧਾਰ ’ਤੇ ਫੌਰੀ ਰਿਹਾਈ ਕਰਨ, ਸੀ.ਬੀ.ਐਸ.ਈ. ਦੁਆਰਾ ਵਰਗੀਕਰਣ ਕਰਕੇ ਮਾਤ ਭਾਸ਼ਾਵਾਂ ’ਤੇ ਕੀਤਾ ਹਮਲਾ ਬੰਦ ਕਰਨ ਅਤੇ ਪੰਜਾਬ ਸਮੇਤ ਸਰਹੱਦੀ ਖੇਤਰਾਂ ਦਾ ਫੌਜੀਕਰਨ ਕਰਨਾ ਬੰਦ ਕਰਨ ਦੀ ਮੰਗ ਕੀਤੀ ਗਈ।

# ਪ੍ਰਕਾਸ਼ ਪੁਰਬ ਮੌਕੇ ਬੌਰਨ ਰਨਰਜ਼ ਟੀਮ ਨੇ ਲਗਾਈ ਦੌੜ

**ਪਟਿਆਲਾ, 20 ਨਵੰਬਰ (ਚਮਨਦੀਪ ਸ਼ਰਮਾ)** ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸ਼ੁੱਭ ਅਵਸਰ ਨੂੰ ਬੌਰਨ ਰਨਰਜ਼ (ਰਜਿ) ਦੀ ਟੀਮ ਨੇ ਸਮੂਹਿਕ



ਦੌੜ ਲਗਾ ਕੇ ਮਨਾਇਆ। ਇਹ ਦੌੜ ਥਾਪਰ ਪੌਲੀਟੈਕਨਿਕ ਇੰਜ ਜ਼ਿਆਲਜ ਤੋਂ ਸ਼ੁਰੂ ਹੋਈ ਜਿਸ ਵਿੱਚ ਟੀਮ ਮੈਂਬਰਜ਼ ਨੇ ਪੰਜ ਕਿਲੋਮੀਟਰ ਅਤੇ ਦਸ ਕਿਲੋਮੀਟਰ ਦੀ ਦੂਰੀ ਤਹਿ ਕਰਕੇ ਨੇਂਚਰ ਪਾਰਕ ਵਿੱਚ ਸਮਾਪਤੀ ਕੀਤੀ।

ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਗਰੁੱਪ ਦੇ ਸੁਖਚੈਨ ਸਿੰਘ ਨੇ ਦੱਸਿਆ ਕਿ ਟੀਮ ਦੇ ਅਜਿਹੇ ਉਪਰਾਲੇ ਸਾਨੂੰ ਆਪਣੇ ਧਰਮ, ਵਿਰਸੇ ਅਤੇ ਇਤਿਹਾਸ ਨਾਲ ਜੋੜ ਕੇ ਰੱਖਣ ਵਿੱਚ ਮੱਦਦ ਕਰਦੇ ਹਨ ਜੋ ਕਿ ਸਮਾਜ ਦੀ ਬਿਹਤਰੀ ਲਈ ਬੜਾ ਜਰੂਰੀ ਹੈ।

ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਕੱਠੇ ਹੋ ਕੇ ਉਹਨਾਂ ਸਾਰੇ ਮਹਾਂਪੁਰਸ਼ਾਂ ਨੂੰ ਸਜਦਾ ਕਰੀਏ ਜਿਹਨਾਂ ਨੇ ਚੰਗੇ ਸਮਾਜ ਦੀ ਸਥਾਪਨਾ ਦੇ ਲਈ ਆਪਣਾ ਪੂਰਾ ਜੀਵਨ ਲਗਾ ਦਿੱਤਾ। ਟੀਮ ਦੇ ਵਿੱਤ ਸਕੱਤਰ ਪੂਰਨ ਸਿੰਘ ਗਰੇਵਾਲ ਨੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਆਦਿ ਨੂੰ ਜੀਵਨ ਵਿੱਚ ਧਾਰਣ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬੌਰਨ ਰਨਰਜ਼ ਟੀਮ ਨੇ ਤਿੰਨ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਕੇਂਦਰ ਸਰਕਾਰ ਵੱਲੋਂ ਵਾਪਸ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਫੈਸਲੇ ਦੀ ਸਰਾਹਨਾ ਕੀਤੀ।

# ਪ੍ਰਸਿੱਧ ਬਿਜ਼ਨਸ ‘ਜਨਰਲ ਆਟੋਮੋਟਿਵ ਸਲੂਸ਼ਨ’ ਮੈਨੂਰੇਵਾ ਪੰਜਾਬੀਆਂ (ਕੋਮਲ ਤੇ ਗਿੱਲ ਨੇ) ਖਰੀਦਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਦਿਹਾੜੇ ਉਤੇ ਦੇਸ਼-ਵਿਦੇਸ਼ ਖੂਬ ਰੌਣਕਾਂ ਹਨ। ਔਕਲੈਂਡ ਖੇਤਰ ਦੇ ਵਿਚ ਵੀ ਸਮੁੱਚੇ ਭਾਈਚਾਰੇ ’ਚ ਖੁਸ਼ੀ ਦੀ ਲਹਿਰ ਹੈ। ਸਾਰੇ ਜਾਣਦੇ ਹਨ ਕਿ ਇਥੇ ਵਸਦੇ ਪੰਜਾਬੀਆਂ ਨੇ ਆਪਣੇ ਵੱਖ-ਵੱਖ ਬਿਜ਼ਨਸ ਅਦਾਰਿਆਂ ਦੇ ਵਿਚ ਚੰਗੀ ਪੈਂਠ ਬਣਾਈ ਹੋਈ ਹੈ। ਅੱਜ ਪਵਿੱਤਰ ਗੁਰਪੁਰਬ ਮੌਕੇ ਸ। ਕੁਲਵਿੰਦਰ ਸਿੰਘ (ਕੋਮਲ) ਅਤੇ ਸ। ਕਮਲ ਸਿੰਘ ਗਿੱਲ ਨੇ ਮੈਨੁਰੇਵਾ ਦਾ ਪ੍ਰਸਿੱਧ ਬਿਜ਼ਨਸ ‘ਜਨਰਲ ਆਟੋਮੋਟਿਵ ਸਲੂਸ਼ਨ’ ਖਰੀਦ ਕੇ ਕਾਰੋਬਾਰ ਸ਼ੁਰੂ ਕਰ ਦਿੱਤਾ ਹੈ। ਅੱਜ ਇਸ ਸਬੰਧੀ ਅਰਦਾਸ ਕਰਕੇ ਗੁਰੂ ਸਾਹਿਬਾਂ ਤੋਂ ਬਿਜ਼ਨਸ ਦੀ ਆਰੰਭਤਾ ਦੀ ਆਗਿਆ ਲਈ ਗਈ ਅਤੇ ਪਰਿਵਾਰ ਦੇ ਸਤਿਕਾਰਯੋਗ ਬਜ਼ੁਰਗ ਸ। ਖੁਸ਼ਹਾਲ ਸਿੰਘ ਕੰਗ ਨੇ ਰੀਬਨ ਕੱਟ ਕੇ ਵਰਕਸ਼ਾਪ ਦਾ ਉਦਘਾਟਨ ਕੀਤਾ। ਇਸ ਬਿਜ਼ਨਸ ਅਦਾਰੇ ਉਤੇ ਮਕੈਨੀਕਲ ਰਿਪੇਅਰ, ਨਵੇਂ ਤੇ ਪੁਰਾਣੇ ਟਾਇਰਜ਼, ਵੀਲ੍ਹ ਅਲਾਈਨਮੈਂਟ, ਕੰਪਿਊਟਰ ਡਾਇਗਨੋਸਟਿਕ, ਦੁਰਘਟਨਾ ਗ੍ਰਸਤ ਵਾਹਨ ਰਿਪੇਅਰ, ਬਿਜਲਈ ਭੱਠੀ ਵਾਲਾ ਸੰਪੂਰਨ ਬੌਡੀ ਪੇਂਟ ਅਤੇ ਸੈਂਡ ਬਲਾਸਟਿੰਗ ਦੀ ਸਹੂਲਤ ਉਪਲਬਧ ਹੈ। ਜਲਦੀ ਹੀ ਇਥੇ ਇਨ ਹਾਊਸ ਵਾਰੰਟ ਆਫ ਫਿਟਨੈਸ ਵੀ ਸ਼ੁਰੂ ਹੋਣ ਵਾਲਾ ਹੈ।



ਅਦਾਰਾ ਮਾਲਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਗਈ ਹੈ ਕਿ ਇਕ ਵਾਰ ਸੇਵਾ ਦਾ ਮੌਕਾ ਜਰੂਰ ਦੇਣਾ ਤਾਂ ਕਿ ਵਪਾਰਕ ਸਬੰਧ ਵੀ ਬਣੇ ਰਹਿਣ ਅਤੇ ਆਪਣੇ ਬੰਦੇ-ਆਪਣਾ ਬਿਜ਼ਨਸ ਵੀ ਚਲਾਉਂਦੇ ਰਹਿਣ। ਉਦਘਾਟਨ ਮੌਕੇ ਮਕੈਨਿਕ ਮਾਰਵਿਨ, ਪੇਂਟਰ ਜੌਨੀ, ਪੇਂਟਰ ਮਿਗੇਲ, ਸ। ਗੁਰਪ੍ਰੀਤ ਸਿੰਘ ਧਾਲੀਵਾਲ, ਸ। ਕੁਲਵੰਤ ਸਿੰਘ ਗਿੱਲ, ਸ। ਇੰਦਰਜੀਤ ਸਿੰਘ ਧਾਰੀਵਾਲ, ਸ। ਮਨਜੀਤ ਸਿੰਘ ਸੈਣੀ, ਸ। ਸੁਖਵਿੰਦਰ ਸਿੰਘ ਗਿੱਲ ਕੈਂਬਰਿੱਜ, ਮਿਸਟਰ ਸੈਮੁਅਲ ਤੇ ਹੋਰ ਪਰਿਵਾਰਕ ਮੈਂਬਰ ਹਾਜ਼ਿਰ ਸਨ। ਪੰਜਾਬੀ ਮੀਡੀਆ ਕਰਮੀਆਂ ਵੱਲੋਂ ਵੀਰ ਕੋਮਲ ਅਤੇ ਗਿੱਲ ਨੂੰ ਬਹੁਤ ਬਹੁਤ ਮੁਬਾਰਕਾਂ।

# ਸਬਰ, ਸਿਦਕ ਤੇ ਸਿਰੜ ਨੇ ਦਿਵਾਈ ਕਿਸਾਨ ਮਜਦੂਰ ਸੰਘਰਸ਼ ਨੂੰ ਜਿੱਤ

**ਸੰਤੋਖ ਸਿੰਘ ਜੱਸੀ**
**91-70876–19800**

ਵਿਸ਼ਵ ਭਰ ਵਿੱਚ ਪ੍ਰਥਮ ਤੌਰ ਤੇ ਦੋ ਵਿਵਸਥਾਵਾਂ ਸਾਸ਼ਨ ਤੇ ਪ੍ਰਧਾਨ ਨੂੰ ਚਲਾਉਣ ਲਈ ਤਰਜਮਾਨੀ ਕਰ ਰਹੀਆਂ ਹਨ। ਇੱਕ ਲੋਕਤੰਤਰ ਦੂਜਾ ਤਾਨਾਸ਼ਾਹ ਲੋਕਤੰਤਰ ਦਾ, ਲੋਕਾਂ ਲਈ, ਲੋਕਾਂ ਦੁਆਰਾ ਅਤੇ ਤਾਨਾਸ਼ਾਹੀ ਪੁਰਾਤਨ ਸਮੇਂ ਤੋਂ ਰਜਵਾੜਾ ਸ਼ਾਹੀ ਦਾ ਵਰਤਮਾਨ ਨਾਮ ਹੈ, ਜਿੱਥੇ ਪੁਸ਼ਤ ਦਰ ਪੁਸ਼ਤ (ਖਾਨਦਾਨੀ) ਰਾਜ ਪ੍ਰਬੰਧ ਚਲਾਇਆ ਜਾਂਦਾ ਹੈ। ਭਾਰਤ ਵਿੱਚ ਲੋਕਤੰਤਰ ਨੂੰ ਸੰਵਿਧਾਨ ਦੇ ਰਚੇਤਿਆਂ ਨੇ ਚੁਣਿਆ ਹੈ ਤੇ ਇਹ ਭਾਰਤੀ ਲੋਕਤੰਤਰੀ ਵਿਵਸਥਾ ਚਲਾਉਣ ਲਈ ਸੰਵਿਧਾਨ ਦੀ ਖੂਬਸੂਰਤੀ ਹੈ ਕਿ ਸੰਵਿਧਾਨ ਦੀ ਪ੍ਰਸਤਾਵਨਾ (ਸ਼ੁਰੂਆਤ) ਅਸੀਂ ਭਾਰਤ ਦੇ ਲੋਕ’ ਤੋਂ ਸ਼ੁਰੂ ਹੁੰਦੀ ਹੈ। ਅੱਜ ਭਾਰਤ ਦੀ ਅਬਾਦੀ ਵਧਕੇ ਕਰੀਬ 1 ਅਰਬ 35 ਕਰੋੜ ਤੱਕ ਪਹੁੰਚ ਗਈ ਹੈ। ਇੰਨੀ ਵੱਡੀ ਅਬਾਦੀ ਵਾਲੇ ਦੇਸ਼ ਨੂੰ ਚਲਾਉਣਾ ਇਹ ਸੰਵਿਧਾਨ ਦੀ ਵੱਡੀ ਪ੍ਰਾਪਤੀ ਮੰਨੀ ਗਈ ਹੈ ਕਿਉਂਕਿ ਸੰਵਿਧਾਨ ਦੇ ਇੱਕ ਇੱਕ ਅੱਖਰ ਤੇ ਵੱਡੀਆਂ ਵਿਚਾਰਾਂ, ਸੰਵਾਦ ਉਪਰੰਤ ਸ਼ਾਮਿਲ ਕੀਤਾ ਗਿਆ ਹੈ। ਗੱਲ ਸਾਲ 2020 ਵਿੱਚ ਭਾਰਤ ਸਰਕਾਰ ਵਲੋਂ ਪਾਸ ਕੀਤੇ 3 ਕਾਨੂੰਨਾਂ ਦੀ ਹੈ, ਜਿਹਨਾਂ ਨੂੰ ਪ੍ਰਭਾਵਤ ਤੇ ਅੰਦੋਲਨਕਾਰੀ ਆਗੂਆਂ ਵਲੋਂ ਕਾਲੇ ਕਾਨੂੰਨ ਕਹਿਕੇ ਇਤਿਹਾਸ ਵਿੱਚ ਹਮੇਸ਼ ਜਾਣਿਆ ਜਾਵੇਗਾ। ਇਸ ਤਿੰਨੇ ਕਾਲੇ ਕਾਨੂੰਨਾਂ ਖਿਲਾਫ ਬਲਵੀਰ ਸਿੰਘ ਰਾਜੇਵਾਲਾ ਦੇ ਕਿਸਾਨੀ ਧੜੇ ਵਲੋਂ ਪਹਿਲ ਕੀਤੀ ਗਈ, ਉਪਰੰਤ 31 ਹੋਰ ਵੱਖ ਵੱਖ ਕਿਸਾਨ ਜਥੇਬੰਦੀਆਂ ਨੇ ਸਹਿਯੋਗ ਦਿੱਤਾ ਗਿਆ। ਇਹ ਇੱਕਮੁੱਠਤਾ ਅੱਜ ਵੀ ਕਾਇਮ ਹੈ। ਇਹ ਹੀ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਮਿਤੀ 19/11/2021 ਨੂੰ ਤਿੰਨ ਕਾਨੂੰਨ ਰੱਦ ਕਰਨ ਦੀ ਅਤੇ ਦੇਸ਼ ਤੋਂ ਮੁਆਫੀ ਮੰਗਣ ਦਾ ਕਾਰਨਾਂ ਵਿੱਚ ਇੱਕ ਪ੍ਰਮੁੱਖ ਕਾਰਨ ਹੈ। ਸਮੁੱਚੀ ਲੀਡਰਸ਼ਿਪ ਨੇ ਸਬਰ, ਸਿਦਕ ਤੇ ਸਿਰੜ ਨਾਲ ਇਸ ਅੰਦੋਲਨ ਨੂੰ ਕਾਮਯਾਬੀ ਦੀ ਦਹਿਲੀਜ ਤੱਕ ਲੈ ਆਂਦਾ ਹੈ, ਵਰਨਾ ਪੂਰਨ ਬਹੁਮੱਤ ਵਾਲੀ ਸਰਕਾਰ ਨੂੰ ਝੁਕਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ।



1947 ਦੀ ਵੰਡ ਬਾਰੇ ਇਤਿਹਾਸ ਦੀ ਕਿਤਾਬ ’ਚ ਪਹਿਲਾਂ ਹੀ ਲੱਖਾਂ ਲੋਕ ਮਾਰੇ ਗਏ ਤੇ ਪ੍ਰਭਾਵਤ ਹੋਏ। ਉਪਰੰਤ 31 ਅਕਤੂਬਰ 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਦਾ ਗੋਲੀਆਂ ਮਾਰਕੇ ਕਤਲ ਕਰਨਾ ਤੇ ਬਦਲੇ ਵਿੱਚ 3 ਹਜਾਰ ਨਿਰਦੋਸ਼ ਸਿੱਖਾਂ ਨੂੰ ਗਲੇ ’ਚ ਟਾਇਰ ਪਾ ਕੇ ਦਿੱਲੀ ਤੇ ਹੋਰ ਅਨੇਕਾਂ ਥਾਵਾਂ ਤੇ ਸਾੜਨ ਵਾਲੇ ਖਤਰਨਾਕ ਸਮੇਂ ਨੂੰ ਜੀਵਿਆ। ਹਰ ਪੰਜਾਬੀ ਤੇ ਭਾਰਤ ਵਾਸੀ ਕਦੇ ਵੀ ਇਹਨਾਂ ਵਰਤਾਰਿਆਂ ਨੂੰ ਭੁੱਲ ਨਹੀਂ ਸਕਦਾ।

ਹੁਣ 3 ਕਾਲੇ ਕਾਨੂੰਨਾਂ ਦੇ ਖਿਲਾਫ ਚੱਲੇ ਅੰਦੋਲਨ ਚ ਦੋ ਵਾਰ ਸਿੰਘੂ ਬਾਰਡਰ ਤੇ ਜਾਕੇ ਅੱਖੀਂ ਦੇਖਣ ਦਾ ਮੌਕਾ ਮਿਲਿਆ। ਜਿੱਥੇ ਕਿਸਾਨ ਤੇ ਮਜਦੂਰਾਂ ਦੀ ਦੋਸਤੀ, ਸਦਭਾਵਨਾ ਦੇਖਕੇ ਬਾਬਾ ਨਾਨਕ ਦੀ ਫਿਲਾਸਫੀ ਅਤੇ ਭਾਰਤੀ ਸੰਵਿਧਾਨ ਦੇ ਪ੍ਰਮੁੱਖ ਰਚੇਤਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਦੀ ਸਮਾਨਤਾ, ਸਮਤਾ ਤੇ ਭਾਈਚਾਰੇ ਬਾਰੇ ਲਏ ਸੁਪਨੇ ਨੂੰ ਬੂਰ ਪੈਂਦਾ ਦੇਖਿਆ। ਹਰ ਖੇਤਰ, ਹਰ ਵਰਗ ਨੇ ਆਪੋ ਆਪਣੇ ਢੰਗ ਤਰੀਕਿਆਂ ਨਾਲ ਆਪੋ ਆਪਣਾ ਬਣਦਾ ਯੋਗਦਾਨ ਪਾਇਆ। ਸੱਚਮੁੱਚ ਪਹਿਲੀ ਵਾਰ ’ਇਨਸਾਨੀਅਤ ਅਜੇ ਜਿੰਦਾ ਹੈ’ ਦੇਖੀ। ਦੇਸ਼ ਤੋਂ ਇਲਾਵਾ ਵਿਦੇਸ਼ਾਂ ’ਚ ਬੈਠੇ ਹੋਰ ਵਤਨੀ ਭਰਾਵਾਂ ਦਾ ਇਸ ਸੰਘਰਸ਼ ਵਿੱਚ ਜਿੱਥੇ ਮਾਇਕ ਯੋਗਦਾਨ ਪਾਇਆ ਉੱਥੇ ਹੋਰ ਵੀ ਲੋੜਾਂ ਪੂਰੀਆਂ ਕਰਨ ਹਿੱਤ ਯੋਗਦਾਨ ਪਾਇਆ। ਜਦੋਂ ਸਰਕਾਰਾਂ ਨੇ ਸਖਤੀ ਕਰਨੀ ਸ਼ੁਰੂ ਕਰ ਦਿੱਤੀ, ਪੈਰ ਪੈਰ ਤੇ ਸੂਇਆਂ ਵਾਲੇ ਕਿੱਲ ਠੋਕ ਦਿੱਤੇ। ਇਨਕੁਆਰੀਆਂ ਸ਼ੁਰੂ ਕਰ ਦਿੱਤੀਆਂ, ਫਿਰ ਗੁਪਤ ਦਾਨ ਵਜੋਂ ਆਪਣੇ ਤਿੱਲ ਫੁੱਲ ਤੇ ਸੇਵਾਵਾਂ ਜਾਰੀ ਰੱਖੀਆਂ।

ਅਖਬਾਰਾਂ ਟੀ.ਵੀ. ਚੈਨਲਾਂ ਨੇ ਕਿਸਾਨਾਂ ਨੇ ਗਲਤ ਠਹਿਰਾਉਣ ਲਈ ਕੋਈ ਕਸਰ ਬਾਕੀ ਨਹੀਂ ਰਹੀ, ਪਰ ਸਦਕੇ ਜਾਈਏ ਪੰਜਾਬ ਦੇ ਬਹੁਗਿਣਤੀ ਬਜੁਰਗ, ਨੌਜਵਾਨ ਤੇ ਔਰਤਾਂ ਨੇ ਮੰਨ ’ਚ ਅਡੋਲ ਫੈਂਸਲਾ ਕਰ ਲਿਆ ਕਿ ਜਾਣਾ ਜਿੱਤਕੇ ਭਾਵੇਂ ਮਰਨਾ ਪੈ ਜਾਵੇ। ਜਦੋਂ ਅਜਿਹੀ ਜਨੂੰਨੀ ਭਾਵਨਾ ਹਰ ਵਰਗ ’ਚ ਪੈਦਾ ਹੋ ਜਾਵੇ ਫਿਰ ਸਫਲਤਾ ਤੁਹਾਡੇ ਪੈਰ ਚੁੰਮਦੀ ਹੈ। ਸੱਚਮੁੱਚ ਅਜਿਹਾ ਹੀ ਹੋਇਆ।

ਸੋਚਣ ਵਿਚਾਰਨ ਤੇ ਧਿਆਨ ਹਿੱਤ ਹੈ ਕਿ ਕਰੀਬ 680 ਮਨੁੱਖੀ ਜਾਨਾਂ ਇਸ ਅੰਦੋਲਨ ਦੀ ਭੇਂਟ ਚੜ੍ਹ ਗਈਆਂ। ’ਇਨਸਾਫ ਦੀ ਦੇਵੀ’ ਲਈ ਵੱਡਾ ਸਵਾਲ ਹੈ। ਦੂਰ ਅੰਦੇਸ਼ੀ ਸਰਕਾਰ ਜਾਂ ਮਨੁੱਖ ਤਾਂ ਉਹ ਮੰਨਿਆ ਜਾਂਦਾ ਜਿਹੜਾ ਫੈਂਸਲਾ ਲੈਣ ਵਿੱਚ ਦੇਰੀ ਨਾ ਲਾਵੇ। ਦੂਜੇ ਪਾਸੇ ਮਨੁੱਖੀ ਜਾਨਾਂ ਤੋਂ ਇਲਾਵਾ ਕਰੋੜਾਂ-ਅਰਬਾਂ ਦਾ ਘਾਟਾ ਪਿਆ ਅਤੇ ਆਮ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਕਿਸ ਸਿਰ ਦੋਸ਼ ਮੜੀਏ ਜਿਹਨਾਂ ਲਈ ਇੱਕ ਪਾਸੇ ਕਰੋਨਾਂ ਦੂਜੇ ਪਾਸੇ ਕਾਨੂੰਨਾਂ ਕਾਰਨ ਪਏ ਘਾਟੇ ਦਾ ਜੁੰਮੇਵਾਰ ਕੌਣ ਹੈ ਇਸ ਸਵਾਲ ਦਾ ਜਵਾਬ ਮੋਦੀ ਸਰਕਾਰ ਨੂੰ ਦੇਣਾ ਹੀ ਪਵੇਗਾ।

# ਬਾਬਾ ਨਾਨਕ ਅਸਾਧਾਰਨ ਸ਼ਖਸੀਅਤ ਦੇ ਧਨੀ ਸਨ, ਜਿਸ ਕਰਕੇ ਹਿੰਦੂ, ਸਿੱਖ, ਮੁਸਲਮਾਨ ਸਭ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਹਨ: ਅਸ਼ਵਨੀ ਸ਼ਰਮਾ

## ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਭਾਜਪਾ ਆਗੂਆਂ ਦੇ ਜੱਥੇ ਨੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਮੱਥਾ ਟੇਕ ਕੇ ਬਾਬੇ ਨਾਨਕ ਦਾ ਲਿਆ ਅਸ਼ੀਰਵਾਦ

**ਚੰਡੀਗੜ੍ਹ–**19 ਨਵੰਬਰ ਨੂੰ ਸਮਸਤ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਮਨਾਏ ਜਾਣ ਵਾਲੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਪੁਰਬ 'ਤੋਂ ਪਹਿਲਾਂ ਪਾਕਿਸਤਾਨ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ 'ਤੋਂ ਸੜਕ ਮਾਰਗ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਦੇ ਪਹਿਲੇ ਜਥੇ ਵਿੱਚ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗੁਵਾਈ ਹੇਠ ਭਾਜਪਾ ਆਗੂ ਬਾਬੇ ਨਾਨਕ ਦਾ ਆਸ਼ੀਰਵਾਦ ਲੈਣ ਲਈ ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ ਪੁੱਜੇ, ਜਿੱਥੇ ਉਨ੍ਹਾਂ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਅਰਦਾਸ ਕੀਤੀ ਅਤੇ ਗੁਰੂ ਚਰਨਾਂ ਵਿੱਚ ਮੱਥਾ ਟੇਕ ਕੇ ਅਸ਼ੀਰਵਾਦ ਲਿਆ।



ਅਸ਼ਵਨੀ ਸ਼ਰਮਾ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਸ਼ਰਧਾਲੂ ਸੁਭਾਅ ਦੇ ਮਾਲਕ ਸਨ, ਜਿਨ੍ਹਾਂ ਨੂੰ ਹਿੰਦੂ, ਸਿੱਖ ਅਤੇ ਮੁਸਲਮਾਨ ਸਾਰੇ ਆਪਣਾ ਗੁਰੂ ਮੰਨਦੇ ਹਨ। ਉਹਨਾਂ ਨੇ ਘਰ ਛੱਡ ਦਿੱਤਾ ਅਤੇ ਦੂਰ-ਦੁਰਾਡੇ ਦੇਸ਼ਾਂ ਦੀ ਯਾਤਰਾ ਕੀਤੀ। ਬਾਬੇ ਨਾਨਕ ਦੀ ਸ਼ਖ਼ਸੀਅਤ ਬੇਮਿਸਾਲ ਸੀ।

ਉਨ੍ਹਾਂ ਵਿੱਚ ਪੈਗੰਬਰ, ਦਾਰਸ਼ਨਿਕ, ਰਾਜ ਯੋਗੀ, ਗ੍ਰਹਿਸਥੀ, ਤਿਆਗੀ, ਧਰਮ ਸੁਧਾਰਕ, ਸਮਾਜ ਸੁਧਾਰਕ, ਕਵੀ, ਸੰਗੀਤਕਾਰ, ਦੇਸ਼ ਭਗਤ, ਸੰਸਾਰ-ਭਾਈ ਆਦਿ ਗੁਣ ਉੱਤਮ ਮਾਤਰਾ ਵਿੱਚ ਮੌਜੂਦ ਸਨ। ਉਹਨਾਂ ਕੋਲ ਵਿਚਾਰ-ਸ਼ਕਤੀ ਅਤੇ ਕਰਮ-ਸ਼ਕਤੀ ਦਾ ਅਦੁੱਤੀ ਸੁਮੇਲ ਸੀ। ਉਹਨਾਂ ਦੇ ਵਿਚਾਰਾਂ ਦਾ ਲੋਕਾਂ 'ਤੇ ਅਸਾਧਾਰਨ ਪ੍ਰਭਾਵ ਸੀ। ਉਨ੍ਹਾਂ ਦੀ ਰਚਨਾ 'ਜਪੁਜੀ ਸਾਹਿਬ' ਦਾ ਸਿੱਖ ਸਮਾਜ ਲਈ ਓਨਾ ਹੀ ਮਹੱਤਵ ਹੈ, ਜਿੰਨਾ ਹਿੰਦੂਆਂ ਲਈ ਗੀਤਾ। ਬਾਬੇ ਨਾਨਕ ਦੇ ਸੁਭਾਅ 'ਚ ਸਾਦਗੀ ਅਤੇ ਹਉਮੈ-ਹੀਣਤਾ ਉਜਾਗਰ ਹੁੰਦੀ ਹੈ। ਬਾਬਾ ਨਾਨਕ ਜੀ ਸੰਨ 1539 ਈ: ਵਿਚ ਗੁਰਗੱਦੀ ਦਾ ਭਾਰ ਗੁਰੂ ਅੰਗਦ ਦੇਵ ਜੀ (ਬਾਬਾ ਲਾਹਣਾ) ਨੂੰ ਸੌਂਪ ਕੇ ਆਪ ਕਰਤਾਰਪੁਰ ਵਿਚ 'ਜੋਤਿ' ਵਿਚ ਲੀਨ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਅੰਦਰੂਨੀ ਅਧਿਆਤਮਿਕ ਅਭਿਆਸ ਨੂੰ ਸਰਬ-ਵਿਆਪਕ ਪਰਮਾਤਮਾ ਦੀ ਪ੍ਰਾਪਤੀ ਦਾ ਇਕਮਾਤਰ ਸਾਧਨ ਮੰਨਿਆ ਜਾਂਦਾ ਹੈ। ਉਹ ਰੂੜੀਵਾਦ ਦੇ ਕੱਟੜ ਵਿਰੋਧੀ ਸਨ। ਸ਼ਰਮਾ ਨੇ ਕਿਹਾ ਕਿ ਬਾਬਾ ਨਾਨਕ ਜੀ ਦੇ ਪਵਿੱਤਰ ਤੀਰਥ ਅਸਥਾਨ ਦੇ ਦਰਸ਼ਨ ਕਰਕੇ ਮਨ ਅਤੇ ਆਤਮਾ ਨੂੰ ਬਹੁਤ ਸਕੂਨ ਮਿਲਿਆ ਹੈ ਅਤੇ ਅਸੀਂ ਸਾਰਿਆਂ ਨੇ ਬਾਬਾ ਜੀ ਅੱਗੇ ਸਰਬੱਤ ਦੇ ਭਲੇ ਅਤੇ ਪੰਜਾਬ ਦੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀ ਅਰਦਾਸ ਕੀਤੀ ਹੈ। ਬਾਬਾ ਜੀ ਨੇ ਸਾਨੂੰ ਕਿਰਤ ਕਰੋ-ਵੰਡ ਛੱਕੋ ਦਾ ਸੰਦੇਸ਼ ਦਿੱਤੀ ਸਾਨੂੰ ਸਾਰੀਆਂ ਨੂੰ ਬਾਬੇ ਨਾਨਕ ਦੇ ਦਰਸ਼ਾਏ ਰਸਤੇ 'ਤੇ ਚੱਲਣ ਦੀ ਲੋੜ ਹੈ। ਸੂਬਾ ਭਾਜਪਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਸਮੇਤ ਸੁਖਵੰਤ ਸਿੰਘ ਧਨੌਲਾ, ਜਸਵਿੰਦਰ ਸਿੰਘ ਢਿੱਲੋਂ, ਐਸ ਐਸ ਚੰਨੀ, ਹਰਜੀਤ ਸਿੰਘ ਗਰੇਵਾਲ, ਬਿਕਰਮਜੀਤ ਸਿੰਘ ਚੀਮਾ, ਰਜਿੰਦਰ ਮੋਹਨ ਸਿੰਘ ਛੀਨਾ, ਡਾ: ਸੁਭਾਸ਼ ਸ਼ਰਮਾ, ਰਾਜੇਸ਼ ਬਾਗਾ, ਤੀਕਸ਼ਨ ਸੂਦ, ਸ਼ਿਵਬੀਰ ਸਿੰਘ ਰਾਜਨ, ਮਨਜੀਤ ਸਿੰਘ ਰਾਏ ਅਤੇ ਕੇ।ਡੀ। ਭੰਡਾਰੀ ਆਦਿ ਸ਼ਾਮਲ ਸਨੀ ਇਨ੍ਹਾਂ ਸਾਰਿਆਂ ਨੇ ਗੁਰੂ ਚਰਨਾਂ ਤੋਂ ਵਿਛੜੀ ਧਰਤੀ ਸ੍ਰੀ ਕਰਤਾਰਪੁਰ ਸਾਹਿਬ 'ਤੇ ਬਾਬਾ ਨਾਨਕ ਜੀ ਦੀ ਯਾਦ 'ਚ ਬਣੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਗੁਰੂ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਹੈ।

# ਪ੍ਰਧਾਨ ਮੰਤਰੀ ਨੇ ਗੁਰਪੁਰਬ ਦੇ ਸ਼ੁਭ ਮੌਕੇ 'ਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਕੇ ਦਿੱਤਾ ਦਿਆਲਤਾ ਦਾ ਸਬੂਤ- ਅਸ਼ਵਨੀ ਸ਼ਰਮਾ

**ਚੰਡੀਗੜ੍ਹ–** ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀਬਾੜੀ ਐਕਟ ਨੂੰ ਵਾਪਸ ਲੈਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਮੁੜ ਦਰਿਆਦਿਲੀ, ਸਪੱਸ਼ਟਤਾ ਅਤੇ ਸੂਬਾਈ ਹੁਨਰ ਦਾ ਪ੍ਰਦਰਸ਼ਨ ਕੀਤਾ ਹੈ। ਸ਼ਰਮਾ ਨੇ ਕਿਹਾ ਕਿ ਗੁਰਪੁਰਬ ਦੇ ਸ਼ੁਭ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਇਕ ਵਾਰ ਫਿਰ ਦਰਸਾਇਆ ਹੈ ਕਿ ਉਨ੍ਹਾਂ ਅਤੇ ਉਨ੍ਹਾਂ ਦੀ ਪਾਰਟੀ ਨੇ ਖੇਤੀਬਾੜੀ ਖੇਤਰ, ਖਾਸ ਕਰਕੇ ਛੋਟੇ ਕਿਸਾਨਾਂ, ਜੋ ਕਿ ਕਿਸਾਨ ਭਾਈਚਾਰੇ ਦਾ 80 ਫੀਸਦੀ ਹਿੱਸਾ ਹਨ, ਨੂੰ ਉੱਚਾ ਚੁੱਕਣ ਲਈ ਕੰਮ ਕੀਤਾ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਭਾਜਪਾ ਦਾ ਇੱਕ ਉੱਚ ਪੱਧਰੀ ਵਫ਼ਦ 15 ਨਵੰਬਰ ਨੂੰ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਕਰਤਾਰਪੁਰ ਲਾਂਘਾ ਮੁੜ ਖੋਲ੍ਹਣ ਦੀ ਬੇਨਤੀ ਕੀਤੀ ਸੀ ਅਤੇ ਪੰਜਾਬ ਨਾਲ ਸਬੰਧਤ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ ਸੀ। ਕਰਤਾਰਪੁਰ ਲਾਂਘਾ 17 ਨਵੰਬਰ ਨੂੰ ਖੋਲ੍ਹਿਆ ਗਿਆ ਅਤੇ ਅੱਜ ਪ੍ਰਧਾਨ ਮੰਤਰੀ ਨੇ ਬਾਬਾ ਨਾਨਕ ਦੇ ਗੁਰੂ ਪੁਰਬ ਮੌਕੇ ਰਾਸ਼ਟਰ ਨੂੰ ਆਪਣੇ ਸੰਬੋਧਨ ਵਿੱਚ ਐਲਾਨ ਕੀਤਾ ਕਿ ਤਿੰਨ ਸੋਧੇ ਹੋਏ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਸ਼ਰਮਾ ਨੇ ਕਿਹਾ ਕਿ ਪ੍ਰਧਾਨ



ਮੰਤਰੀ ਮੋਦੀ ਨੇ ਬੜੀ ਨਿਮਰਤਾ ਨਾਲ ਕਿਹਾ ਹੈ ਕਿ ਸਾਡੀ ਤਪੱਸਿਆ ਵਿੱਚ ਕੋਈ ਕਮੀ ਜ਼ਰੂਰ ਰਹੀ ਹੋਵੇਗੀ ਕਿ ਕੁਝ ਕਿਸਾਨ ਅੰਦੋਲਨ ਕਰ ਰਹੇ ਹਨ। ਹਾਲਾਂਕਿ, ਸਾਡੀ ਵਚਨਬੱਧਤਾ ਹਮੇਸ਼ਾ ਖੇਤੀਬਾੜੀ ਸੈਕਟਰ ਦੀ ਆਰਥਿਕ ਸਥਿਤੀ ਨੂੰ ਵਧਾਉਣ ਲਈ ਰਹੀ ਹੈ। ਖਾਦਾਂ 'ਤੇ ਸਬਸਿਡੀ, ਫਸਲੀ ਕਰਜ਼ਾ, ਫਸਲੀ ਬੀਮਾ ਜਾਂ ਕਿਸਾਨਾਂ ਦੇ ਖਾਤਿਆਂ ਵਿਚ ਸਿੱਧੇ ਪੈਸੇ ਜਮ੍ਹਾ ਕਰਵਾਉਣਾ ਭਾਜਪਾ ਦੀ ਰਾਸ਼ਟਰੀ ਸਰਕਾਰ ਦੀਆਂ ਪਿਛਲੇ ਕੁਝ ਸਾਲਾਂ ਵਿਚ ਵੱਡੀਆਂ ਪ੍ਰਾਪਤੀਆਂ ਅਤੇ ਵੱਡੇ ਫੈਸਲੇ ਰਹੇ ਹਨ।

ਸ਼ਰਮਾ ਨੇ ਕਿਹਾ ਕਿ ਖੇਤੀਬਾੜੀ ਬਿੱਲਾਂ ਨੂੰ ਰੱਦ ਕਰਕੇ ਪ੍ਰਧਾਨ ਮੰਤਰੀ ਮੋਦੀ ਨੇ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਆਪਣਾ ਵਿਸ਼ੇਸ਼ ਪਿਆਰ ਮੁੜ ਤੋਂ ਸਾਬਤ ਕਰ ਦਿੱਤਾ ਹੈ ਅਤੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਪਹਿਲਾਂ ਵੀ ਕਿਸਾਨ ਹਿਤੈਸ਼ੀ ਸਨ ਅਤੇ ਹੁਣ ਵੀ ਹਨ। ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਰ ਪਾਰਟੀ ਦੀ ਸਰਕਾਰ ਵੇਖੀ ਹੈ, ਪਰ ਇਸ ਵਾਰ 2022 'ਚ ਪੰਜਾਬ 'ਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੇਗੀ, ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਜਪਾ ਨਵੇਂ ਰਿਕਾਰਡ ਕਾਇਮ ਕਰੇਗੀ। ਭਾਜਪਾ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਕੰਮ ਕਰਕੇ ਪੰਜਾਬ ਨੂੰ ਭਾਰਤ ਦਾ ਨੰਬਰ 1 ਸੂਬਾ ਬਣਾਵੇਗੀ।

# ਪ੍ਰਧਾਨ ਮੰਤਰੀ ਮੋਦੀ ਕਿਸਾਨ ਹਿਤੈਸ਼ੀ ਸਨ ਅਤੇ ਹਨ, ਖੇਤੀਬਾੜੀ ਬਿੱਲ ਵਾਪਸ ਲੈ ਕੇ ਪੇਸ਼ ਕੀਤਾ ਫਿਰ ਇੱਕ ਉਦਾਹਰਣ: ਜੀਵਨ ਗੁਪਤਾ



## ਜੀਵਨ ਗੁਪਤਾ ਨੇ ਖੇਤੀ ਕਾਨੂੰਨ ਦੀ ਵਾਪਸੀ ਲਈ ਪ੍ਰਧਾਨ ਮੰਤਰੀ ਮੋਦੀ ਦਾ ਕੀਤਾ ਧੰਨਵਾਦ, ਕਿਸਾਨਾਂ ਨੂੰ ਦਿੱਤੀ ਵਧਾਈ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀਬਾੜੀ ਕਾਨੂੰਨ ਵਾਪਸ ਲੈਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪੰਜਾਬ ਦੇ ਕਿਸਾਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਦਾ ਫੈਸਲਾ ਬਹੁਤ ਹੀ ਸ਼ਲਾਘਾਯੋਗ ਹੈ। ਗੁਪਤਾ ਨੇ ਕਿਸਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਇਸ ਫੈਸਲੇ ਨਾਲ ਹੁਣ ਕਿਸਾਨਾਂ ਦਾ ਅੰਦੋਲਨ ਵੀ ਖਤਮ ਹੋ ਗਿਆ ਹੈ।

ਜੀਵਨ ਗੁਪਤਾ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਆਪਣਾ ਫੈਸਲਾ ਬਦਲ ਕੇ ਕਿਸਾਨਾਂ ਦੀ ਵੱਡੀ ਮੰਗ ਨੂੰ ਪੂਰਾ ਕਰ ਦਿੱਤਾ ਹੈ, ਜੋ ਪਿਛਲੇ ਇੱਕ ਸਾਲ ਤੋਂ ਲਗਾਤਾਰ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੇਤੀ ਕਾਨੂੰਨ ਨੂੰ ਵਾਪਸ ਲੈਣ ਦਾ ਐਲਾਨ ਕਰਦਿਆਂ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਆਪਣੇ ਵਿਸ਼ੇਸ਼ ਲਗਾਵ ਦੀ ਮਿਸਾਲ ਵੀ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਿੰਨੋਂ ਖੇਤੀਬਾੜੀ ਕਾਨੂੰਨਾਂ ਨੂੰ ਖ਼ਤਮ ਕਰਕੇ ਸਾਡੇ ਸਾਰਿਆਂ ਲਈ ਬਹੁਤ ਖੁਸ਼ੀ ਦਾ ਦਿਨ ਲੈ ਕੇ ਆਏ ਹਨ।

# ਵਿਰੋਧੀ ਧਿਰ ਭ੍ਰਿਸ਼ਟਾਚਾਰ ਤੇ ਮਾਫੀਆ ਦਾ ਸਰਪ੍ਰਸਤ, ਜਨਤਾ ਨਾਲ ਕਰ ਰਿਹਾ ਹਵਾਈ ਵਾਅਦੇ

## ਲੋਕਾਂ ਨੂੰ ਹੁਣ ਇਹਨਾਂ ਕੋਲੋਂ ਕੁਝ ਨਹੀਂ ਮਿਲੇਗਾ : ਗਜੇਂਦਰ ਸਿੰਘ ਸ਼ੇਖਾਵਤ

**ਚੰਡੀਗੜ੍ਹ–** ਕੇਂਦਰੀ ਜਲ-ਸ਼ਕਤੀ ਮੰਤਰੀ ਅਤੇ ਪੰਜਾਬ ਭਾਜਪਾ ਦੇ ਚੋਣ ਇੰਚਾਰਜ ਗਜੇਂਦਰ ਸਿੰਘ ਸ਼ੇਖਾਵਤ ਜੋ ਕਿ ਭਾਜਪਾ ਦੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਜਥੇਬੰਦੀ ਦੀ ਨਬਜ਼ ਜਾਣਨ ਅਤੇ ਵਰਕਰਾਂ ਦਾ ਮਾਰਗਦਰਸ਼ਨ ਕਰਨ ਲਈ ਪੁੱਜੇ, ਉਹਨਾਂ ਜਥੇਬੰਦੀ ਦੀ ਮਜ਼ਬੂਤੀ ਲਈ ਵਰਕਰਾਂ ਦਾ ਮਾਰਗਦਰਸ਼ਨ ਕੀਤਾ।




ਗਜੇਂਦਰ ਸਿੰਘ ਸ਼ੇਖਾਵਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਸੂਬੇ ਦੀਆਂ 23 ਸੀਟਾਂ 'ਤੋਂ ਵੱਧ ਕੇ ਪਹਿਲੀ ਵਾਰ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜ ਰਹੀ ਹੈ ਅਤੇ ਇਸ ਲਈ ਉਹ ਪੂਰੀ ਤਰ੍ਹਾਂ ਤਿਆਰ ਹੈ ਅਤੇ ਸੂਬੇ 'ਚ ਵਰਕਰ ਇਸ ਲਈ ਚੋਂਣ ਮੈਦਾਨ 'ਚ ਉਤਰ ਚੁੱਕੇ ਹਨ। ਇਸੇ ਕੜੀ ਵਿੱਚ ਭਾਜਪਾ ਦੀਆਂ ਜਥੇਬੰਦਕ ਮੀ-ਟਿੰਗਾਂ ਦਾ ਦੌਰ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਜਾਬ ਵਿੱਚ ਵਿਰੋਧੀ ਧਿਰਾਂ ਜਨਤਾ ਨੂੰ ਲੁਭਾਉਣ ਲਈ ਤਰ੍ਹਾਂ-ਤਰ੍ਹਾਂ ਦੇ ਮੁਫਤ ਜਾਂ ਹੋਰ ਤਰ੍ਹਾਂ ਦੇ ਲੁਭਾਉਣੇ ਵਾਦੇ ਕਰ ਰਹੀਆਂ ਹਨ, ਕਿਉਂਕਿ ਉਹ ਸਭ ਜਾਣਦੇ ਹਨ ਕਿ ਜਨਤਾ ਹੁਣ ਇਨ੍ਹਾਂ ਸਾਰਿਆਂ ਨੂੰ ਘਾਹ ਨਹੀਂ ਪਾਵੇਗੀ, ਕਿਉਂਕਿ ਇਹ ਸਭ ਭ੍ਰਿਸ਼ਟਾਚਾਰ ਅਤੇ ਮਾਫੀਆ ਦੇ ਸਰਪ੍ਰਸਤ ਹਨ ਅਤੇ ਜਨਤਾ ਨੂੰ ਹੁਣ ਇਨ੍ਹਾਂ ਕੋਲੋਂ ਕੁਝ ਨਹੀਂ ਮਿਲੇਗਾ। ਪੰਜਾਬ ਸਰਕਾਰ ਦੇ ਰਾਜ 'ਚ ਜਿਸ ਤਰ੍ਹਾਂ ਨਾਲ ਹਰ ਵਰਗ ਦੁਖੀ ਤੇ ਜ਼ੁਲਮ ਦਾ ਸ਼ਿਕਾਰ ਹੈ, ਹਰ ਉਦਯੋਗ ਬਰਬਾਦੀ ਦੇ ਪੱਧਰ 'ਤੇ ਹੈ, ਨੌਂ-ਜਵਾਨ ਨਸ਼ਿਆਂ ਦੀ ਮਾਰ ਹੇਠ ਹਨ, ਬੇਰੁਜ਼ਗਾਰੀ ਆਪਣੇ ਚਰਮ 'ਤੇ ਹੈ, ਹਰ ਵਰਗ ਪਿਛਲੀਆਂ ਚੋਣਾਂ 'ਚ ਕੀਤੇ ਵਾਅਦਿਆਂ ਤੋਂ ਦੁਖੀ ਹੈ ਅਤੇ ਕੁਰਲਾ ਰਿਹਾ ਹੈ।


ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਦੇ ਵਿਕਾਸ ਅਤੇ ਉਨ੍ਹਾਂ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਸੰਸਦ ਵਿੱਚ ਤਿੰਨੋਂ ਸੋਧੇ ਹੋਏ ਖੇਤੀ ਕਾਨੂੰਨ ਪਾਸ ਕਰਵਾਏ ਸਨ, ਪਰ ਕਿਸਾਨ ਜਥੇਬੰਦੀਆਂ ਨੇ ਵਿਰੋਧੀ ਪਾਰਟੀਆਂ ਦੇ ਪ੍ਰਭਾਵ ਵਿੱਚ ਆ ਕੇ ਇਨ੍ਹਾਂ ਕਾਨੂੰਨਾਂ ਖਿਲਾਫ਼ ਅੰਦੋਲਨ ਸ਼ੁਰੂ ਕਰ ਦਿੱਤਾ ਹੈ। ਆਖਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਨ੍ਹਾਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਫੈਸਲਾ ਲਿਆ। ਲੋਕਤਾਂਤਰਿਕ ਰਵਈਆ ਅਪਣਾਉਂਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਅਸੀਂ ਕਿਸਾਨਾਂ ਦੇ ਇੱਕ ਵਰਗ ਨੂੰ ਇਨ੍ਹਾਂ ਖੇਤੀ ਕਾਨੂੰਨਾਂ ਦੇ ਲਾਭਾਂ ਬਾਰੇ ਸਮਝਾਉਣ 'ਚ ਨਾਕਾਮ ਰਸ਼ੇ, ਇਸ ਲਈ ਅਸੀਂ ਜਮਹੂਰੀ ਸੀਮਾਵਾਂ ਵਿੱਚ ਵਿਸ਼ਵਾਸ ਕਰਦੇ ਹੋਏ ਇਨ੍ਹਾਂ ਨੂੰ ਵਾਪਸ ਲੈ ਰਹੇ ਹਾਂ। ਪੰਜਾਬ ਭਾਜਪਾ ਵਫਦ ਨੇ ਸਮਸਤ ਨਾਨਕ ਨਾਮ ਲੇਵਾ ਸੰਗਤ ਦੀ ਅਵਾਜ਼ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਪਹੁੰਚਾਇਆ ਅਤੇ ਪ੍ਰਧਾਨ ਮੰਤਰੀ ਦੇ ਪੰਜਾਬ ਪ੍ਰਤੀ ਪਿਆਰ ਕਾਰਨ ਗੁਰਪੁਰਬ ਤੋਂ ਪਹਿਲਾਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹ ਕੇ ਪ੍ਰਧਾਨ ਮੰਤਰੀ ਨੇ ਸੰਗਤ ਨੂੰ ਵਿਛੜੇ ਗੁਰੂ-ਧਾਮਾਂ ਦੇ ਦਰਸ਼ਨ ਦੀਦ-ਾਰੇ ਦੋਬਾਰਾ ਕਰਨ ਦੀ ਅਨਮੋਲ ਦਾਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨਾ ਲਗਭਗ ਤੈਅ ਹੈ, ਕਿਉਂਕਿ ਪੰਜਾਬ ਦੇ ਲੋਕ ਵਿਰੋਧੀ ਧਿਰ ਵੱਲੋਂ ਕੀਤੀ ਜਾ ਰਹੀ ਲੁੱਟ ਤੋਂ ਤੰਗ ਆ ਚੁੱਕੇ ਹਨ ਅਤੇ ਉਨ੍ਹਾਂ ਨੂੰ ਜਵਾਬ ਦੇਣ ਦਾ ਮਨ ਬਣਾ ਚੁੱਕੇ ਹਨ।

# ਵਲੇਹੋ ਵਿਖੇ ਗੁਰੂ ਵਾਲਮੀਕ ਪਰਗਟ ਦਿਵਸ ਮਨਾਇਆ ਗਿਆ

ਵਲੇਹੋ ਵਾਲਮੀਕ ਸਮਾਜ ਵੱਲੋਂ ਮਿਤੀ 14 ਨਵੰਬਰ 2021 ਦਿਨ ਐਤਵਾਰ ਨੂੰ ਵਲੇਹੋ ਵਿਖੇ ਗੁਰੂ ਵਾਲਮੀਕ ਪਰਗਟ ਦਿਵਸ ਮਨਾਇਆ ਗਿਆ। ਵਲੇਹੇ , ਬੇ-ਏਰੀਆ ਅਤੇ ਕੈਲੀਫੋਰਨੀਆ ਦੇ ਕਈ ਹੋਰ ਸ਼ਹਿਰਾਂ ਤੋਂ ਸੰਗਤਾਂ ਨੇ ਸ਼ਮੂਲੀਅਤ ਕੀਤੀ ਅਤੇ ਬਹੁਤ ਸਹਿਯੋਗ ਦਿੱਤਾ। ਬਾਣੀ ਦੇ ਪਾਠਾਂ ਦੀ ਸੇਵਾ ਰਾਜ ਕੁਮਾਰ ਅਤੇ ਸੋਢੀ ਨਾਹਰ ਨੇ ਸ਼ਰਧਾਂ ਪੂਰਬਕ ਨਿਭਾਈ। ਬਹੁਤ ਸਾਰੇ ਬੁਲਾਰਿਆਂ ਨੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ। ਡਾਕਟਰ ਹਰਮੇਸ਼ ਕੁਮਾਰ, ਕੇਵਲ ਸਿੱਧੂ, ਮੋਹਨ ਗਿੱਲ, ਦੀਪਕ ਸਹੋਤਾ, ਸੰਤੋਖ ਗਿੱਲ, ਗੁਰਦਿਆਲ ਨੂਰਪੁਰੀ ਅਤੇ ਕਈ ਹੋਰ ਭੈਣਾਂ-ਭਾਈਆਂ ਨੇ ਜੋ ਸਿੱਖਿਆ ਗੁਰੂ ਵਾਲਮੀਕ ਜੀ ਦੇ ਰਚੇ ਗ੍ਰੰਥਾਂ ਵਿੱਚੋਂ ਮਾਨਵਤਾ ਨੂੰ ਮਿਲਦੀ ਹੈ, ਵਿਸਤਾਰ ਪੂਰਬਕ ਸੰਗਤਾਂ ਨਾਲ ਸਾਂਝੇ ਕੀਤੇ। ਰਾਗੀ ਜਥਾ ਰਾਜ ਕੁਮਾਰ, ਭੁਪਿੰਦਰ ਭਿੰਦਾ, ਅਮਰਜੀਤ ਲਾਲੀ, ਵਿਸ਼ਾਲ ਸ਼ਰਬਤੀ ਅਤੇ ਅਰਸ਼ ਜੀ ਨੇ ਆਪਣੇ ਆਪਣੇ ਮਨੋਹਰ ਕੀਰਤਨਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਪ੍ਰੀਤੀ ਭੋਜਨ ਅਤੇ ਲੰਗਰਾਂ ਦੇ ਭੰਡਾਰੇ ਦੀ ਸੇਵਾ ਅਵਤਾਰ ਉੱਪਲ਼ ਅਤੇ ਫੈਮਲੀ ਵੱਲੋਂ ਬੜੀ ਸ਼ਰਧਾ ਨਾਲ ਨਿਭਾਈ ਗਈ । ਵੀਡੀਓ - ਫੋਟੋਗਰਾਫੀ ਦੀ ਸੇਵਾ ਪਾਲ ਫਿਲਮਜ਼ ਰਿਕੀ ਪਾਲ ਅਤੇ ਸਹਿਜਯੋਗੀਆਂ ਵੱਲੋਂ ਨਿਭਾਈ ਗਈ। ਸਾਰਿਆਂ ਦਾ ਧੰਨਵਾਦ।

















ਤਸਵੀਰਾਂ- ਰਿੱਕੀ ਪਾਲ (ਪਾਲ ਫਿਲਮਸ)

























# ਵਲੇਹੋ ਵਿਖੇ ਗੁਰੂ ਵਾਲਮੀਕ ਪਰਗਟ ਦਿਵਸ ਮਨਾਇਆ ਗਿਆ
















'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਭਾਰਤ ਸਰਕਾਰ ਦੀ ਬੇਰੁਖੀ ਕਿਉਂ?



ਹਰਦੀਪ ਸਿੰਘ ਚੁੰਬਰ
+91-94636-01616

1857 ਦੇ ਵਿਦਰੋਹ ਨੂੰ ਦਬਉਣ ਸਮੇਂ ਸ਼ਾਸ਼ਨ ਕਰਤਾ ਦਾ ਲੱਕ ਤੋੜ ਦਿਤਾ ਸੀ, ਈਸ਼ਟ ਇੰਡੀਆ ਕੰਪਨੀ ਨੇ ਸੱਤਾ ਦੀ ਵਾਗਡੋਰ ਛੱਡਕੇ ਬ੍ਰਿਟਿਸ਼ ਸਰਕਾਰ ਦੇ ਹਵਾਲੇ ਕਰ ਦਿਤੀ ਸੀ। ਦੂਜੇ ਵਿਸ਼ਵ ਯੁੱਧ ਦੇ ਕਾਰਨ ਬ੍ਰਿਟਿਸ਼ ਸਰਕਾਰ ਦੀ ਵੀ ਕਮਰ ਟੁੱਟ ਗਈ ਸੀ ਉਸ ਨੂੰ ਭਾਰਤ ਸਮੇਤ ਕਈ ਦੇਸ਼ ਖੁਦ-ਬਖੁਦ ਛੱਡਣ ਪਏ ਸਨ। 1947 ਵਿੱਚ ਅੰਗਰੇਜ ਸਾਸ਼ਨਕਰਤਾਵਾਂ ਨੇ ਦੇਸ਼ ਦੇ ਉਹਨਾ ਨਾਗਰਿਕਾਂ ਨੂੰ ਸੱਤਾ ਦੀਆਂ ਚਾਬੀਆਂ ਦਿਤੀਆਂ ਜਿਰੜੇ ਉਹਨਾ ਦੇ ਕਰੀਬੀ ਸਨ, ਕਿਸੇ ਯੁੱਧ ਵਿੱਚ ਹਾਰੇ ਬਿਨਾ। ਇਸ ਸਮੇਂ ਭਾਰਤ ਅਤੇ ਚੀਨ ਵਿੱਚ ਅੰਤਰ ਦੀ ਬਹੁਤ ਸਾਰੇ ਤਰਾਂ ਸੰਸਾਰ ਦੇ ਦੇਸ਼ਾਂ ਦੇ ਪੱਧਰ ਉੱਤੇ ਤਕਰੀਬ ਬਰਾਬਰ ਹੀ ਸੀ। ਫਰਕ ਕੇਵਲ ਇਹ ਸੀ ਕਿ ਭਾਰਤ ਨੂੰ ਬ੍ਰਿਟਿਸ਼ ਰਾਜ ਦੇ ਦੂਜੇ ਵਿਸ਼ਵ ਯੁੱਧ ਵਿੱਚ ਕਮਜੋਰ ਹੋਣ ਕਾਰਨ ਭਾਰਤ ਹੀ ਨਹੀ ਵਿਸ਼ਵ ਦੇ ਬਹੁਤ ਸਾਰੇ ਰਾਜਾਂ ਦਾ ਸ਼ਾਸ਼ਨ ਛੱਡਣ ਲਈ ਮਜਬੂਰ ਹੋਣਾ ਪਿਆ। ਉਸ ਨੇ ਜਾਰਡਨ 1946,ਭਾਰਤ 1947, ਮਿਆਂਮਾਰ 1948, ਇਜ਼ਰਾਈਲ 1948, ਲੀਬੀਆ ਅਤੇ ਓਮਾਨ 1951 ਵਰਗੇ ਦੇਸ਼ਾਂ ਦੇ ਨਾਗਰਿਕਾਂ ਨੂੰ ਦੇਸ਼ ਦੀ ਵਾਗਡੋਰ ਸੰਭਾਲ ਦਿੱਤੀ ਸੀ। ਭਾਰਤ ਦਾ ਮੁਕਾਬਲਾ ਕਿਸੇ ਵੀ ਕਮਜੋਰ ਦੇਸ਼ ਨਾਲ ਕਰਕੇ ਦੇਸ਼ ਅੱਗੇ ਨਹੀਂ ਵਧ ਸਕਦਾ। ਦੇਸ ਦੇ ਅਗਾਹਾਂ ਪਧਣ ਅਤੇ ਪਛੜ ਜਾਣ ਦੇ ਬਹੁਤ ਸਾਰੇ ਪਹਿਲੂ ਹੁੰਦੇ ਹਨ। ਕੁੱਝ ਪਹਿਲੂ ਅਸੀਂ ਦੇਖਾਂਗੇ।

### ਰਾਜ ਦੀ ਆਮਦਨ ਦਾ ਸਰੋਤ ਖੇਤੀ, ਕਿਸਾਨੀ

ਹਜਾਰਾਂ ਸਾਲਾਂ ਤੋ ਭਾਰਤ ਹੀ ਨਹੀਂ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਦੇ ਵਿੱਚ ਰਾਜਸ਼ਾਹੀ ਹੀ ਰਹੀ ਹੈ। ਮਹਾਰਾਜਾ ਸਮੁੱਚੇ ਰਾਜ ਦਾ ਮਾਲਕ ਅਤੇ ਰਾਜਾ ਕੇਵਲ ਆਪਣੇ ਦੀ ਸੰਪੱਤੀ ਦਾ ਅਧਿਕਾਰੀ ਹੁੰਦਾ ਸੀ। ਰਾਜਾ ਦੀ ਆਮਦਨ ਦਾ ਸਾਧਨ ਖੇਤੀਬਾੜੀ ਸੀ। ਜਮੀਨ, ਕਿਸਾਨੀ ਰਾਜ ਦੀ ਆਮਦਨ ਦੇ ਮੁੱਖ ਸਰੋਤ ਰਹੇ ਹਨ। ਰਾਜਾ ਜਗੀਰਦਾਰਾਂ/ਜਮੀਨਦਾਰਾਂ/ਸਾਮੰਤਾਂ ਨੂੰ ਸੌ ਸਵਾ ਸੌ ਪਿੰਡ ਅਲਾਟ ਕਰ ਦਿੱਤੇ ਜਾਂਦੇ ਸਨ। ਉਹਨਾ ਪਿੰਡਾਂ ਦੀ ਜਮੀਨ ਕਿਸਾਨਾਂ ਨੂੰ ਪੱਟੇ ਉੱਤੇ ਦੇ ਦਿਤੀ ਜਾਂਦੀ ਸੀ। ਸਾਰੇ ਕਿਸਾਨ ਪੱਟੇਦਾਰ ਸਨ, ਉਸ ਦੇ ਬਦਲੇ ਹਰ ਫਸ਼ਲ ਉੱਤੇ ਸਾਮੰਤ ਉਗਰਾਹੀ ਕਰਕੇ ਰਾਜ ਦੇ ਖਜਾਨੇ ਨੂੰ ਭੇਜਦਾ ਸੀ ਅਤੇ ਉਸ ਵਿੱਚੋ ਕੁੱਝ ਹਿੱਸਾ ਆਪ ਰੱਖ ਲੈਂਦਾ ਸੀ। ਰਾਜਾ ਮਹਾਰਾਜੇ ਨੂੰ, ਜਾ ਕਿਤੇ ਸਾਮੰਤ ਸਿੱਧੇ ਵੀ ਵੱਡੇ ਖਜਾਨੇ ਨੂੰ ਬਣਦਾ ਮੁਆਵਜਾ ਪੁਹੰਚਾ ਦਿੰਦੇ ਸਨ।

### ਪੱਟੇਦਾਰਾਂ ਨੂੰ ਜਮੀਨਾਂ ਦੇ ਮਾਲਕ ਬਣਾਇਆ


ਲੰਮੇ ਸਮੇਂ ਬਾਅਦ ਬਹੁਤ ਸਾਰੇ ਰਾਜ ਬਦਲੇ, ਰਾਜ ਕਰਨ ਦੇ ਢੰਗ ਬਦਲੇ। ਇਹ ਸਾਰੇ ਬਦਲਾਓ ਦਾ ਕਾਰਨ ਮੁੱਖ ਰਾਜ ਦੀ ਆਮਦਨ ਵਧਾਉਣਾ ਹੀ ਸੀ। ਭਾਰਤ ਵਿੱਚ ਵੱਡਾ ਬਦਲਾਓ ਅੰਗਰੇਜਾਂ ਦੇ ਸ਼ਾਸ਼ਨ ਦੌਰਾਨ ਹੋਇਆ।ਪੁਰਾਤਨ ਢੰਗ ਨਾਲ ਜਾ ਰਾਜੱਸਵ ਇੱਕਠਾ ਹੁੰਦਾ ਸੀ ਉਸ ਵਿੱਚ ਬਹੁਤ ਤਰੁਟੀਆਂ ਸਨ। ਕਿਸਾਨਾਂ ਤੋਂ ਅਧਿਕ ਲਗਾਨ ਇੱਕਠਾ ਕੀਤਾ ਜਾਂਦਾ ਸੀ, ਪਰ ਰਾਜਸੀ ਖਜਾਨੇ ਵਿੱਚ ਬਣਦੇ ਹਿੱਸੇ ਨਾਲੋਂ ਘੱਟ ਦਿੱਤਾ ਜਾਂਦਾ ਸੀ। ਇਸ ਤਰਾਂ ਰਾਜਕੋਸ਼ ਦੀ ਚੋਰੀ ਹੁੰਦੀ ਸੀ ਅਤੇ ਕਿਸਾਨਾਂ ਦੀ ਲੁੱਟ ਵੀ ਵਧੇਰੇ ਹੁੰਦੀ ਸੀ। ਇਸ ਨੂੰ ਬਦਲਣ ਲਈ ਅੰਗਰੇਜ ਸਰਕਾਰ ਨੇ ਪੜ੍ਹੇ ਲਿਖੇ ਕੰਪੀਟੀਸ਼ਨ ਰਾਹੀਂ ਸਰਕਾਰੀ ਕਰਮਚਾਰੀ ਭਰਤੀ ਕਰਨੇ ਸੁਰੂ ਕੀਤੇ, ਜਿਹਨਾ ਕੁਲੈਕਟਰ ਕਿਹਾ ਜਾਂਦਾ ਸੀ। ਅੱਜ ਕਲ ਇਹਨਾ ਔਹਦਿਆਂ ਉੱਤੇ ਆਈਏਐਸ ਅਫਸਰ ਹਨ। ਇਹਨਾ ਨੂੰ ਕਮਿਸ਼ਨਰ, ਡਿਪਟੀ ਕਮਿਸ਼ਨਰ ਕਿਹਾ ਜਾਂਦਾ ਹੈ, ਮੈਜਿਸਟ੍ਰੇਟ ਅਤੇ ਡੀ।ਐਮ। ਵੀ ਜਾ ਬਹੁਤ ਸਾਰੇ ਇਲਾਕਿਆਂ ਵਿੱ ਕੁਲੈਕਟਰ ਵੀ ਕਿਹਾ ਜਾਂਦਾ ਹੈ। ਕੁਲੈਕਟਰ ਦੇ ਰੂਪ ਵਿੱਚ ਸਰਕਾਰੀ ਕਰਮਚਾਰੀ ਲਾਉਣ ਦੇ ਨਾਲ ਸਾਮੰਤਵਾਦ ਖਤਮ ਕਰਕੇ ਪੱਟੇਦਾਰਾਂ ਨੂੰ ਜਮੀਨਾਂ ਦੇ ਅਧਿਕਾਰ ਦੇ ਦਿਤੇ ਗਏ, ਜਗੀਰਦਾਰਾਂ/ਜਮੀਨਦਾਰਾਂ/ਸਾਮੰਤਾਂ ਦੇ ਅਧਿਕਾਰ ਖਤਮ ਕਰ ਦਿੱਤੇ ਗਏ। ਬਹੁਤ ਸਾਰੇ ਰਾਜਾਣ ਦੇ ਵਿੱਚ ਭਾਰਤੀ ਰਜਵਾੜੇ ਅੰਗਰੇਜ ਸਕਕਾਰ ਦੀ ਰਹਿਨੁਮਾਈ ਵਿੱਚ ਨਾਲ ਕਰਦੇ, ਉਹਨਾ ਨੂੰ ਨਿਰਧਾਰਤ ਕੀਤਾ ਮੁਆਵਜਾ ਅਦਾ ਕਰਦੇ ਰਹੇ। ਉਹਨਾ ਰਾਜਾਂ ਵਿੱਚ ਸਾਮੰਤਵਾਦ ਖਤਮ ਨਹੀਂ ਹੋਇਆ, ਜਿਵੇਂ ਦਾ ਤਿਵੇਂ ਹੀ ਚਲਦਾ ਰਿਹਾ॥ ਪੰਜਾਬ ਵਿੱਚ ਸਿੱਖ ਰਾਜ ਵਿੱਚ ਇਹੇ ਕੰਮ ਹੋਇਆ, ਪਰ ਸਾਮੰਤਵਾਦ ਨੂੰ ਜਿੰਦਾ ਰਖਿਆ, ਇਹ ਖਤਮ ਨਹੀਂ ਕੀਤਾ ਗਿਆ।

### ਬੀਸੀ ਅਤੇ ਐਸਸੀ-ਐਸਟੀ ਸਮਾਜ ਨਾਲ ਹੋਈ ਬੇਇਨਸਾਫੀ

ਭਾਰਤ ਨੂੰ ਖੇਤੀ ਪ੍ਰਧਾਨ ਦੇਸ਼ ਹੀ ਬਣਾਕੇ ਰਖਿਆ ਗਿਆ। ਜਿਹੜੇ ਕਿਸਾਨ ਪੱਟੇਦਾਰ ਸਨ ਉਹਨਾ ਨੂੰ ਮਾਲਕ ਬਣਾ ਦਿਤਾ ਗਿਆ। ਇਸ ਨਾਲ ਰਾਜ ਦੀ ਆਮਦਨ ਵੀ ਵਧੀ ਅਤੇ ਸਾਮੰਤਾਂ ਦੀ ਲੁੱਟ ਖਤਮ ਹੋਈ, ਕਿਸਾਨਾ ਦੀ ਹਾਲਤ ਵੀ ਸੁਧਰੀ। ਇਹ ਬਹੁਤ ਹੀ ਇਨਕਲਾਬੀ ਕੰਮ ਸੀ ਜਿਸ ਨੂੰ ਅੰਗਰੇਜਾਂ ਨੇ ਉਹਨਾ ਰਾਜਾਂ ਵਿੱਚ ਕੀਤਾ ਜਿਹੜੇ ਸਿੱਧੇ ਅੰਗਰੇਜ ਸ਼ਾਸ਼ਨ ਅਧੀਨ ਸਨ। ਜਿਹੜੇ ਰਾਜ ਦੀ ਗਵਰਨੈਸ ਰਾਜ ਦੇ ਰਾਜੇ ਕਰਦੇ ਸਨ ਉਹਨਾ ਦਾ ਪ੍ਰਬੰਧ ਪੁਰਾਣਾ ਹੀ ਸੀ। ਕਿਸਾਨੀ ਦੇ ਹਾਲਤ ਸੁਧਰੇ, ਲੇਕਿਨ ਬਾਕੀ ਕਾਰੋਬਾਰੀ ਉਹ ਸਮਾਜ ਜੋ ਅੱਜ ਦਾ ਬੀਸੀ, ਓਬੀਸੀ ਅਤੇਐਸਸੀ-ਐਸਟੀ ਹੈ ਉਹਨਾ ਦੇ ਜੀਵਨ ਵਿੱਚ ਕੋਈ ਅੰਤਰ ਨਹੀਂ ਆਇਆ। ਕਾਰੋਬਾਰੀ ਸਮਾਜ ਦੇ ਕਾਰਖਾਨੇ ਵਾਲੇ, ਵਪਾਰੀ, ਕਾਰੋਬਾਰੀ, ਦੁਕਾਨਦਾਰ, ਪਸੂਪਾਲਕ (ਲੱਕੜ, ਪੱਥਰ, ਲੋਹਾ, ਮਿੱਟੀ, ਚਮੜਾ ਆਦਿ) ਵਰਗੇ ਕੰਮ ਕਰਨ ਵਾਲੇਸਮਾਜ ਨੂੰ ਹਜਾਰਾਂ ਸਾਲਾਂ ਤੋਂ ਅੱਖੋਂ ਪਰੋਖੇ ਕਰਦੇ ਰਹੇ। ਉਹਨਾ ਦੇ ਕਾਰੋਬਾਰ ਵਧਾਉਣ ਲਈ ਨਿਗੁਣੇ ਜਿਹੇ ਉਪਰਾਲੇ ਕੀਤੇ ਹਨ। ਜਿਸ ਤਰਾਂ ਰਾਜ ਦੀ ਆਮਦਨ ਲਈ ਖੇਤੀ ਕਿਸਾਨੀ ਵੱ.ਲ ਧਿਆਨ ਦਿਤਾ ਗਿਆ ਉਸੇ ਤਰਾਂ ਇਹਨਾ ਕਾਰੋਬਾਰੀਆਂ ਦੇ ਕੰਮ ਨੂੰ ਉਤਸ਼ਾਹ ਦਿਤਾ ਜਾਂਦਾ। ਉਹਨਾ ਨੂੰ ਵੀ ਕਾਰੋਬਾਰ ਦੀ ਚੰਗੀ ਸਿਖਲਾਈ ਦਾ ਪ੍ਰਬੰਧ ਹੁੰਦਾ, ਉਹਨਾ ਵੀ ਕਾਰੋਬਾਰ ਲਈ ਕਿਸਾਨਾਂ ਦੀ ਤਰਾਂ ਹੀ ਮੁਫ਼ਤ ਵਿੱਚ ਜਮੀਨਾਂ ਅਲਾਟ ਕਰਦੇ, ਉਹਨਾ ਤੋਂ ਵੀ ਰਾਜ ਦੇ ਖਜਾਨੇ ਲਈ ਟੈਕਸ ਲਏ ਜਾਂਦੇ ਅਤੇ ਉਹਨਾਂ ਲਈ ਦੇਸ਼ ਵਿਦੇਸ਼ ਵਿੱਚ ਉਤਪਾਦ ਵੇਚਣ ਦੇ ਰਾਹ ਖੋਲੇ ਜਾਂਦੇ। ਜਿਸ ਨਾਲ ਦੇਸ਼ ਵੀ ਅਮੀਰ ਹੁੰਦਾ ਅਤੇ ਦੇਸ਼ ਦੇ ਨਾਗਰਿਕ ਵੀ ਅਮੀਰ ਹੁੰਦੇ।

### ਚੀਨ, ਜਪਾਨ ਅਤੇ ਹੋਰ ਅਗਾਹਾਂਵਧੂ ਦੇਸ਼

1945 ਵਿੱਚ ਦੂਜੇ ਸੰਸਾਰ ਯੁੱਧ ਵਿਚ ਜਪਾਨ ਤਬਾਹ ਹੋ ਚੁੱਕਾ ਸੀ। ਹੀਰੋਸੀਮਾਂ, ਨਾਗਾਸਾਕੀ ਐਟਮ ਬੰਬਾਂ ਨੇ ਖਤਮ ਹੀ ਕਰ ਦਿੱਤਾ ਸੀ। ਜਪਾਨ ਦੀ ਜਮੀਨ 70% ਪੱਥਰੀਲੀ ਹੈ, ਖੇਤੀ ਯੋਗ ਨਹੀਂ ਹੈ। ਫੇਰ ਵੀ ਲੋਕ ਹੱਦ ਦੇ ਮਿਹਨਤੀ ਹਨ, ਬਹੁਤੇ ਲੋਕ ਬੁੱਧ ਦੇ ਉਪਾਸ਼ਕ ਹਨ। ਅਜਿਹੇ ਹਾਲਾਤਾਂ ਵਿੱਚ ਜਪਾਨ ਸੰਸਾਰ ਦੇ ਪਹਿਲੇ ਦੇਸ਼ਾਂ ਵਿੱਚ ਆਉਂਦਾ ਹੈ, ਆਮ ਨਾਗਰਿਕ ਦੀ ਉਮਰ ਭਾਰਤ ਦੇ ਨਾਗਰਿਕ ਦੀ ਔਸਤ ਨਾਲੋ ਲਗਭਗ ਦੁਗਣੀ ਹੈ। ਟੈਕਨੌਲੋਜੀ ਅਤੇ ਸਿਖਿਆ ਵਿੱਚ ਹਰ ਇੱਕ ਨਾਗਰਿਕ ਸੰਸਾਰ ਦੇ ਸਾਰੇ ਦੇਸ਼ਾਂ ਨੂੰ ਟੱਕਰ ਦੇ ਰਿਹਾ ਹੈ।




ਚੀਨ ਵਿੱਚ ਸ਼ਿਨਹਾਈ ਕ੍ਰਾਂਤੀ ਤੋਂ ਬਾਅਦ 1 ਜਨਵਰੀ 1912 ਨੂੰ ਰਸਮੀ ਤੌਰ 'ਤੇ ਗਣਰਾਜ ਦੀ ਸਥਾਪਨਾ ਕੀਤੀ ਗਈ, ਜਿਸ ਦੀ ਸ਼ੁਰੂਆਤ 10 ਅਕਤੂਬਰ 1911 ਨੂੰ ਵੁਚਾਂਗ ਵਿਦਰੋਹ ਨਾਲ ਹੋਈ ਸੀ, ਜਿਸ ਨੇ ਕਿੰਗ ਰਾਜਵੰਸ਼ ਨੂੰ ਸਫਲਤਾਪੂਰਵਕ ਉਖਾੜ ਦਿੱਤਾ ਸੀ ਅਤੇ ਚੀਨ ਵਿੱਚ ਦੋ ਹਜ਼ਾਰ ਸਾਲ ਤੋਂ ਵੱਧ ਚਲਦੇ ਆ ਰਹੇ ਸ਼ਾਹੀ ਸ਼ਾਸਨ ਦਾ ਅੰਤ ਕੀਤਾ ਸੀ। ਇਸਦੀ ਸਥਾਪਨਾ ਤੋਂ ਲੈ ਕੇ 1949 ਤੱਕ, ਗਣਰਾਜ ਮੁੱਖ ਭੂਮੀ ਚੀਨ 'ਤੇ ਅਧਾਰਤ ਸੀ।ਜੰਗੀ ਸ਼ਾਸਕਵਾਦ (1915-28), ਨਾਨਜਿੰਗ ਦਹਾਕੇ (1927-37) ਦੌਰਾਨ ਕੇਂਦਰੀ ਅਥਾਰਟੀ ਸਭ ਤੋਂ ਮਜ਼ਬੂਤ ਹੋਣਦੇਨਾਲ, ਇੱਕ ਜਾਪਾਨੀ ਹਮਲੇ (1937-45), ਅਤੇ ਘਰੇਲੂ ਜੰਗ (1927-49) ਦੇ ਜਵਾਬ ਵਿੱਚ ਕੇਂਦਰੀ ਅਥਾਰਟੀ ਮੋਮ ਅਤੇ ਕਮਜ਼ੋਰ ਹੋ ਗਈ। , ਜਦੋਂ ਚੀਨ ਦਾ ਬਹੁਤਾ ਹਿੱਸਾ ਤਾਨਾਸ਼ਾਹ, ਕੁਓਮਿਨਤਾਂਗ (ਖੰਠ) ਦੀ ਇੱਕ-ਪਾਰਟੀ ਫੌਜੀ ਤਾਨਾਸ਼ਾਹੀ ਦੇ ਅਧੀਨ ਆ ਗਿਆ।

1945 ਵਿੱਚ, ਦੂਜੇ ਵਿਸ਼ਵ ਯੁੱਧ ਦੇ ਅੰਤ ਵਿੱਚ, ਜਾਪਾਨ ਦੇ ਸਾਮਰਾਜ ਨੇ ਤਾਇਵਾਨ ਅਤੇ ਇਸਦੇ ਟਾਪੂ ਸਮੂਹਾਂ ਦਾ ਨਿਯੰਤਰਣ ਸਹਿਯੋਗੀ ਦੇਸ਼ਾਂ ਨੂੰ ਸੌਂਪ ਦਿੱਤਾ; ਅਤੇ ਤਾਈਵਾਨ ਨੂੰ ਚੀਨ ਗਣਰਾਜ ਦੇ ਪ੍ਰਸ਼ਾਸਨਿਕ ਨਿਯੰਤਰਣ ਅਧੀਨ ਰੱਖਿਆ ਗਿਆ ਸੀ। ਚੀਨੀ ਘਰੇਲੂ ਯੁੱਧ ਤੋਂ ਬਾਅਦ, 1949 ਵਿੱਚ ਮੁੱਖ ਭੂਮੀ ਚੀਨ ਉੱਤੇ ਕਮਿਊਨਿਸਟ ਕਬਜ਼ੇ ਨੇ, ਸੱਤਾਧਾਰੀ ਕੁਓਮਿਨਤਾਂਗ ਨੂੰ ਸਿਰਫ਼ ਤਾਇਵਾਨ, ਪੇਂਗੂ, ਕਿਨਮੇਨ, ਮਾਤਸੂ ਅਤੇ ਹੋਰ ਛੋਟੇ ਟਾਪੂਆਂ ਉੱਤੇ ਕੰਟਰੋਲ ਛੱਡ ਦਿੱਤਾ। ਮੁੱਖ ਭੂਮੀ ਦੇ ਨੁਕਸਾਨ ਦੇ ਨਾਲ,ੌ੍ਛ ਸਰਕਾਰ ਤਾਈਵਾਨ ਵੱਲ ਪਿੱਛੇ ਹਟ ਗਈ ਅਤੇ ਖੰਠਨੇ ਤਾਈਪੇ ਨੂੰ ਅਸਥਾਈ ਰਾਜਧਾਨੀ ਘੋਸ਼ਿਤ ਕੀਤਾ। ਇਸ ਦੌਰਾਨ, ਸੀਸੀਪੀ ਨੇ ਸਾਰੇ ਮੁੱਖ ਭੂਮੀ ਚੀਨ ਉੱਤੇ ਕਬਜ਼ਾ ਕਰ ਲਿਆ ਅਤੇ ਬੀਜਿੰਗ ਵਿੱਚ ਪੀਪਲਜ਼ ਰੀਪਬਲਿਕ ਆਫ਼ ਚਾਈਨਾ (ਪੀਆਰਸੀ) ਦੀ ਸਥਾਪਨਾ ਕੀਤੀ।

### ਭਾਰਤ, ਚੀਨ ਅਤੇ ਹੋਰ ਦੇਸ਼ ਵੀ ਅਜਾਦ ਹੋਏ

ਭਾਰਤ ਦੀ ਕਾਂਗਰਸ ਪਾਰਟੀ ਨੂੰ 1947 ਵਿੱਚ ਅੰਗਰੇਜ ਸਾਸ਼ਨ ਦੀਆਂ ਚਾਬੀਆਂ ਦੇ ਦਿਤੀਆਂ, ਕਿਸੇ ਯੁੱਧ ਵਿੱਚ ਹਾਰੇ ਬਿਨਾ। ਇਸ ਸਮੇਂ ਭਾਰਤ ਅਤੇ ਚੀਨ ਵਿੱਚ ਅੰਤਰ ਦੀ ਬਹੁਤ ਸਾਰੇ ਤਰਾਂ ਸੰਸਾਰ ਦੇ ਦੇਸ਼ਾਂ ਦੇ ਪੱਧਰ ਉੱਤੇ ਤਕਰੀਬ ਬਰਾਬਰ ਹੀ ਸੀ। ਫਰਕ ਕੇਵਲ ਇਹ ਸੀ ਕਿ ਭਾਰਤ ਨੂੰ ਬ੍ਰਿਟਿਸ਼ ਰਾਜ ਦੇ ਦੂਜੇ ਵਿਸ਼ਵ ਯੁੱਧ ਵਿੱਚ ਕਮਜੋਰ ਹੋਣ ਕਾਰਨ ਭਾਰਤ ਹੀ ਨਹੀ ਵਿਸ਼ਵ ਦੇ ਬਹੁਤ ਸਾਰੇ ਰਾਜਾਂ ਦਾ ਸ਼ਾਸ਼ਨ ਛੱਡਣ ਲਈ ਮਜਬੂਰ ਹੋਣਾ ਪਿਆ। ਉਸ ਨੇ ਜਾਰਡਨ 1946, ਭਾਰਤ 1947, ਮਿਆਂਮਾਰ 1948, ਇਜ਼ਰਾਈਲ 1948, ਲੀਬੀਆ ਅਤੇ ਓਮਾਨ 1951 ਵਰਗੇ ਦੇਸ਼ਾਂ ਦੇ ਨਾਗਰਿਕਾਂ ਨੂੰ ਦੇਸ਼ ਦੀ ਵਾਗਡੋਰ ਸੰਭਾਲ ਦਿੱਤੀ ਸੀ। ਲੇਕਿਨ 1949 ਬੀਜਿੰਗ ਵਿੱਚ ਪੀਪਲਜ਼ ਰੀਪਬਲਿਕ ਆਫ਼ ਚਾਈਨਾ (ਪੀਆਰਸੀ) ਦੀ ਸਥਾਪਨਾ ਹਥਿਆਬੰਦ ਸੰਘਰਸ਼ ਨਾਲ ਹੋਈ ਸੀ। ਭਾਰਤ ਦੇ ਸੱਤਾਧਾਰੀਆਂ ਦੇ ਹੱਥ ਵਿੱਚ ਵਾਗਡੋਰ 1947 ਵਿਚ ਆਉਂਣ ਅਤੇ 1949 ਵਿੱਚ ਚਾਈਨਾ ਪੀਆਰਸੀ ਦੇ ਸ਼ਾਸਨ ਥੱਲੇ ਆਉਣ ਦਾ ਅੰਤਰ 1962 ਦੀ ਭਾਰਤ-ਚੀਨ ਯੁੱਧ ਵਿੱਚ ਹੋਏ ਹਾਲਾਤ ਬਾਖੂਬੀ ਵਰਨਣ ਕਰ ਸਕਦੇ ਹਨ ਕਿ ਭਾਰਤ ਕਿਉਂ ਕਮਜੋਰ ਪਿਆ ਸੀ। ਪੁਰਾਣੀ ਕਹਾਣੀ ਨੂੰ ਛੱਡ ਵੀ ਦਈਏ ਤਾਂ ਸੰਸਾਰ ਦੇ ਦੇਸ਼ਾਂ ਵਿੱਚ ਭਾਰਤ ਅਤੇ ਚੀਨ ਦੇ ਵਿਕਾਸ਼ ਦਾ ਪੱਧਰ ਸ਼ਾਸ਼ਨ, ਕੁਸ਼ਾਸ਼ਨ ਦੀ ਕਹਾਣੀ ਕਹਿਣ ਵਿੱਚ ਪੂਰੀ ਤਰਾਂ ਸਮਰੱਥ ਹੈ।

### ਭਾਰਤ ਅਤੇ ਚੀਨ, ਜਪਾਨ ਦਾ ਅੰਤਰ

ਭਾਰਤ ਅਤੇ ਚੀਨ, ਜਪਾਨ ਦੇਸ਼ਾਂ ਦੇ ਵਿੱਚ ਬਹੁਤ ਸਾਰੇ ਅੰਤਰ ਹਨ। ਭਾਰਤ ਦੇ ਉਹਨਾ ਦੇਸ਼ਾਂ ਨਾਲੋਂ ਪਛੜ ਜਾਣ ਦੇ ਬਹੁਤ ਸਾਰੇ ਕਾਰਨ ਹਨ। ਬਾਰਾਬਰੀ ਗੈਰ ਬਰਾਬਰੀ ਸਾਰੇ ਹੀ ਦੇਸ਼ਾਂ ਦੇ ਵਿੱਚ ਹਾਲੇ ਵੀ ਮੌਜੂਦ ਹੈ। ਲੇਕਿਨ ਜੋ ਗੈਰ ਬਰਾਬਰੀ ਅਤੇ ਸਮਾਜ ਦੇ ਵਿੱਚ ਮਨੁੱਖ ਦੀ ਤਰੱਕੀ, ਸਿੱਖਿਆ ਅਤੇ ਸੰਸਾਧਨ ਉੱਤੇ ਭਾਰਤ ਵਿੱਚ ਹੈ ਉਸ ਤਰਾਂ ਦਾ ਸ਼ਾਇਦ ਹੀ ਸੰਸਾਰ ਦੇ ਐਨੇ ਵੱਡੇ ਵੱਰਗ ਉੱਤੇ ਹੋਵੇ। ਕੇਵਲ ਖੇਤੀ ਨੂੰ ਅੱਗੇ ਵਧਾਇਆ ਹੈ ਕੁੱਝ ਸਮੇ ਲਈ ਭਾਰਤੀ ਸਰਕਾਰਾਂ ਨੇ। ਜਿਸ ਤਰਾਂ ਸਰੀਰ ਦੇ ਸਾਰੇ ਅੰਗ ਮਜਬੂਤ ਹੋਣ ਨਾਲ ਹੀ ਮਨੁੱਖ ਨੂੰ ਪੂਰਨ ਤੰਦਰੁਸਤ ਕਿਹਾ ਦਾ ਸਕਦਾ ਹੈ ਇਸੇ ਤਰਾਂ ਸਮਾਜ ਦੇ ਕਿਸੇ ਵੀ ਅੰਗ ਦੇ ਕਮੋਜਰ ਹੋਣ ਨਾਲ ਦੇਸ਼ ਵੀ ਤੰਦਰੁਸਤ ਨਹੀਂ ਕਿਹਾ ਜਾ ਸਕਦਾ। ਭਾਰਤ ਇਸ ਬਿਮਾਰੀ ਨੂੰ ਦੂਰ ਕਰਨ ਵਿੱਚ ਅਸਫਲ ਰਿਹਾ ਹੈ। ਭਾਰਤ ਦੇ ਕਿਸੇ ਵੀ ਪਿੰਡ, ਸ਼ਹਿਰ ਜਾ ਕਸਬੇ ਵਿੱਚ ਦਾਖਲ ਹੁੰਦੇ ਹੀ ਸਮਾਜ ਦੇ ਜਮੀਨਦਾਰ, ਕਾਰੋਬਾਰੀ ਅਤੇ ਸਾਧਨਹੀਣ ਬੇਜਮੀਨਿਆਂ ਦੇ ਘਰਾਂ, ਮੁਹਲਿਆਂ ਅਤੇ ਬਸਤੀਆਂ ਦੇ ਫਰਕ ਦਾ ਭਾਰਤ ਦੇ ਪਛੜੇ ਹੋਣ ਦ ਸੱਚ ਦਸ ਦਿੰਦਾ ਹੈ। ਅਗਰ ਉਹਨਾ ਬੇਜਮੀਨਿਆਂ ਕਾਰੋਬਾਰੀਆਂ ਨੂੰ ਦੂਜੇ ਦੇਸ਼ਾਂ ਦੀ ਤਰਾਂ ਹੀ ਆਤਮ ਨਿਰਭਰ ਬਣਾਉਂਦੇ ਦੇਸ਼ ਦੀ ਦਸ਼ਾ ਹੀ ਹੋਰ ਹੋਣੀ ਸੀ। ਸਾਧਨਹੀਣ ਸਮਾਜ ਦੇ ਮੁਹਲਿਆਂ ਅਤੇ ਬਸਤੀਆਂ ਇਹਨਾ ਦੇ ਰਹਿਣ ਸਹਿਣ ਅਤੇ ਸਹੂਲਤਾਂ ਦਾ ਬਹੁਤਾ ਵੱਡਾ ਅੰਤਰ ਹੁੰਦਾ ਹੈ।

### ਜਮੀਨ ਜਾਇਦਾਦ ਵਾਲੇ ਪ੍ਰਿਵਾਰ ਅਤੇ ਬੇਜਮੀਨੇ ਪ੍ਰਿਵਾਰ ਦੇ ਕਮਾਊ ਦੇ ਨਾ ਰਹਿਣ ਦਾ ਅੰਤਰ

ਬਹੁਤ ਅੰਤਰ ਹੁੰਦਾ ਹੈ ਜਦੋਂ ਕਿਸੇ ਵੀ ਜਮੀਨ ਜਾਇਦਾਦ ਵਾਲੇ ਪ੍ਰਿਵਾਰ ਅਤੇ ਬੇਜਮੀਨੇ ਪ੍ਰਿਵਾਰ ਦਾ ਇੱਕਲ ਕਹਿਰਾ ਕਮਾਊ ਮਨੁੱਖ ਕਿਸੇ ਬਿਮਾਰੀ ਜਾ ਹੋਰ ਕਾਰਨ ਕਮਾਉਣ ਤੋਂ ਅਸਰੱਥ ਹੋ ਜਾਂਦਾ ਹੈ। ਉਸ ਪ੍ਰਿਵਾਰ ਦੇ ਸਕੂਲਾਂ ਕਾਲਿਜਾਂ ਦੀ ਪੜਾਈ ਖੇਢਾਂ ਅਤੇ ਹੋਰ ਐਕਟੀਵਿਟੀਆਂ ਤਾਂ ਦੂਰ ਦੀ ਗੱਲ ਪ੍ਰਿਵਾਰ ਦੀ ਰੋਜਾਨਾ ਖਾਣ ਪੀਣ ਵਰਗੀਆਂ ਲੋੜਾਂ ਨੂੰ ਪੂਰ ਕਰਨਾ ਵੀ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਬਹੁਤ ਹੀ ਦਰਦਨਾਕ ਕਿਸੇ ਵੀ ਮਨੁੱਖ ਦੀ ਜਮੀਰ ਨੂੰ ਝੰਜੋੜ ਸਕਦੀ ਹੈ।ਉਧਾਰਨ ਲਈ ਦੋ ਘਟਨਾਵਾਂ ਦਾ ਜਿਕਰ ਜਰੂਰੀ ਹੈ।

### ਉੱਤਰ ਪ੍ਰਦੇਸ਼ ਮਹਾਰਾਜਗੰਜ ਥਾਣਾ ਖੇਤਰ ਦੇ ਅਹਿਰੋਲੀ ਪਿੰਡ ਤਿੰਨ ਭੈਣਾ ਦੁਆਰਾ ਖੁਦਕਸੀ

ਬੇਹੱਦ ਖੌਫਨਾਕ ਘਟਨਾ ਹੈ ਉੱਤਰ ਪ੍ਰਦੇਸ਼ ਮਹਾਰਾਜਗੰਜ ਥਾਣਾ ਖੇਤਰ ਦੇ ਅਹਿਰੋਲੀ ਪਿੰਡ ਦੀ ਖਬਰ ਹਰ ਮਨੁੱਖ ਦਾ ਦਿਲ ਦਹਿਲਾ ਦੇਣ ਵਾਲੀ ਹੈ। ਘਰ ਦੀ ਜਾਂਚ ਪੜਤਾਲ ਕਰਨ ਵਾਲਿਆਂ ਦਾ ਕਹਿਣਾ ਸੀ ਕਿ ਘਰ ਵਿੱਚ ਇੱਕ ਵੀ ਕਿਸੇ ਵੀ ਤਰਾਂ ਦਾ ਦੇ ਅਨਾਜ ਦਾ ਦਾਣਾ ਤੱਕ ਨਹੀਂ ਮਿਲਿਆ। ਬੇਜਮੀਨੇ ਪ੍ਰਿਵਾਰ ਹੋਣ ਅਤੇ ਗਰੀਬੀ ਰੇਖਾ ਤੋਂ ਥੱਲੇ ਹੋਣ ਦੇ ਬਾਵਜੂਦ ਵੀ ਕੋਟੇਦਾਰ ਦੁਆਰਾ ਰਾਸ਼ਨ ਕਾਰਡ ਨਹੀਂ ਬਣ-ਾਇਆ ਗਿਆ। ਇਸ ਕਾਰਨ ਉਹਨਾ ਨੂੰ ਕਿਸੇ ਵੀ ਤਰਾਂ ਦੀ ਸਰਕਾਰੀ ਸਹਾਇਤਾ ਵੀ ਨਹੀਂ ਮਿਲ ਪਾ ਰਹੀਂ ਸੀ।

ਜੌਨਪੁਰ ਜ਼ਿਲ੍ਹੇ ਦੇ ਬਦਲਾਪੁਰ ਥਾਣਾ ਖੇਤਰ ਦੇ ਫੱਤੂਪੁਰ ਰੇਲਵੇ ਕਰਾਸਿੰਗ 'ਤੇ ਵੀਰਵਾਰ ਦੇਰ ਰਾਤ ਤਿੰਨ ਭੈਣਾਂ ਨੇ ਕਥਿਤ ਤੌਰ 'ਤੇ ਰੇਲ-ਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਿਸ ਸੁਪਰਡੈਂਟ (ਸਿਟੀ) ਡਾ ਸੰਜੇ ਕੁਮਾਰ ਨੇ ਦੱਸਿਆ ਕਿ ਤਿੰਨ ਭੈਣਾਂ ਪ੍ਰੀਤੀ (16), ਕਾਜਲ (14) ਅਤੇ ਆਰਤੀ (11) ਵਾਸੀ ਜੌਨਪੁਰ ਦੇ ਮਹਾਰਾਜਗੰਜ ਥਾਣਾ ਖੇਤਰ ਦੇ ਅਹਿਰੋਲੀ ਪਿੰਡ ਦੀਆਂ ਰਹਿਣ ਵਾਲੀਆਂ ਹਨ, ਜੋ ਜ਼ਫਰਾਬਾਦ 'ਤੇ ਆਪਣੇ ਘਰ ਤੋਂ 18 ਕਿਲੋਮੀਟਰ ਦੂਰ ਹਨ। -ਸੁਲਤਾਨਪੁਰ ਰੇਲ ਸੈਕਸ਼ਨ, ਸ਼ਰੇਆਮ ਲਿਆ ਸੀ ਐਕਸਪ੍ਰੈਸ ਅੱਗੇ ਛਾਲ ਮਾਰ ਕੇ ਖੁਦਕੁਸ਼ੀ। ਦੱਸਿਆ ਜਾ ਰਿਹਾ ਹੈ ਕਿ ਆਰਥਿਕ ਤੰਗੀ ਕਾਰਨ ਤਿੰਨਾਂ ਨੇ ਇਹ ਕਦਮ ਚੁੱਕਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਭੈਣਾਂ ਦੇ ਪਿਤਾ ਰਾਜਿੰਦਰ ਪ੍ਰਸਾਦ ਗੌਤਮ ਦੀ 9 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ ਅਤੇ ਇਨ੍ਹਾਂ ਦੀ ਮਾਤਾ ਤਿੰਨ ਸਾਲ ਤੋਂ ਪੂਰੀ ਤਰ੍ਹਾਂ ਨੇਤਰਹੀਣ ਹੈ। ਉਸਦੀ ਇੱਕ ਵੱਡੀ ਭੈਣ ਵਿਆਹੀ ਹੋਈ ਹੈ। ਸਾਰਾ ਪਰਿਵਾਰ ਆਰਥਿਕ ਪੱਖੋਂ ਬਹੁਤ ਹੀ ਮਾੜੀ ਹਾਲਤ ਵਿੱਚੋਂ ਗੁਜ਼ਰ ਰਿਹਾ ਸੀ। ਤਿੰਨੇ ਭੈਣਾਂ ਅਤੇ ਉਨ੍ਹਾਂ ਦਾ ਭਰਾ ਗਣੇਸ਼ ਮਜ਼ਦੂਰੀ ਦਾ ਕੰਮ ਕਰਦੇ ਸਨ।ਪੁਲਸ ਸੂਤਰਾਂ ਮੁਤਾਬਕ ਤਿੰਨੇ ਭੈਣਾਂ ਵੀਰਵਾਰ 19 ਨਵੰਬਰ ਸ਼ਾਮ 7 ਵਜੇ ਤੋਂ ਲਾਪਤਾ ਸਨ। ਜਦੋਂ ਉਨ੍ਹਾਂ ਦੇ ਗੁਆਂਢੀਆਂ ਨੇ ਉਨ੍ਹਾਂ ਦੀ ਭਾਲ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਰਾਤ ਕਰੀਬ 11 ਵਜੇ ਸੂਚਨਾ ਮਿਲੀ ਕਿ ਤਿੰਨਾਂ ਨੇ ਰੇਲਗੱਡੀ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਗੇਟਮੈਨ ਪ੍ਰਦੀਪ ਨੇ ਲੜਕੀਆਂ ਦੀਆਂ ਵਿਗੜੀਆਂ ਲਾਸ਼ਾਂ ਦੇਖ ਕੇ ਸ਼੍ਰੀ ਕ੍ਰਿਸ਼ਨਾ ਨਗਰ ਰੇਲਵੇ ਸਟੇਸ਼ਨ ਦੇ ਸਟੇਸ਼ਨ ਸੁਪਰਡੈਂਟ ਮਨੋਜ ਕੁਮਾਰ ਨੂੰ ਸੂਚਨਾ ਦਿੱਤੀ। ਪੁਲਸ ਨੇ ਤਿੰਨੋਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

### ਰਾਸ਼ਟਰੀ ਖਿਡਾਰੀ ਤੇ ਹਾਕੀ ਖਿਡਾਰਨ ਦੀ ਬੇਬਸੀ

ਜਿਹੜੇ ਹੱਥ ਕਦੇ ਦੇਸ਼ ਲਈ ਹਾਕੀ ਸਟਿੱਕ ਫੜਦੇ ਸਨ, ਉਹ ਹੱਥ ਹੁਣ ਪਰਿਵਾਰ ਦੇ ਪਾਲਣ-ਪੋਸ਼ਣ ਲਈ ਫਾਸਟ ਫੂਡ ਦੀ ਗੱਡੀ ਅੱਗੇ ਧੱਕਣ ਲਈ ਮਜਬੂਰ ਹਨ। ਨੇਹਾ ਸਿੰਘ ਹੁਣ ਹਾਕੀ ਖੇਡਦੀ ਹੈ ਭਾਵੇਂ ਸਿਰਫ 1500 ਰੁਪਏ ਕਮਾਉਣ ਲਈ। ਬਿਮਾਰ ਪਿਤਾ ਦੇ ਇਲਾਜ ਦੇ ਨਾਲ-ਨਾਲ ਉਹ ਆਪਣੇ ਭੈਣ-ਭਰਾ ਦੀ ਪੜ੍ਹਾਈ ਅਤੇ ਹੋਰ ਘਰੇਲੂ ਖਰਚਿਆਂ ਨੂੰ ਪੂਰਾ ਕਰਨ ਲਈ ਹਮੀਰਪੁਰ ਦੇ ਬਾਜ਼ਾਰ ਵਿੱਚ ਫਾਸਟ ਫੂਡ ਸਟਰੀਟ ਵਿਕਰੇਤਾ ਸਥਾਪਤ ਕਰ ਰਹੀ ਹੈ। ਉਹ ਆਪਣੀ ਪੜ੍ਹਾਈ ਵੀ ਛੱਡਣੀ ਪਈ ਹੈ।

### ਪਿਤਾ ਦੀ ਬੀਮਾਰੀ ਨੇ ਉਸ ਦੀ ਕਮਰ ਤੋੜ ਦਿੱਤੀ

ਰਾਸ਼ਟਰੀ ਖੇਡ ਹਾਕੀ ਦੀ ਰਾਸ਼ਟਰੀ ਖਿਡਾਰਨ ਨੇਹਾ ਸਿੰਘ ਦੇ ਪਿਤਾ ਚੰਦਰ ਸਿੰਘ ਫਿਸ਼ ਕਾਰਨਰ ਚਲਾਉਂਦੇ ਸਨ। ਕੁਝ ਮਹੀਨੇ ਪਹਿਲਾਂ ਜਦੋਂ ਉਹ ਬੀਮਾਰ ਹੋ ਗਿਆ ਪਹਿਲੇਂ ਉਸ ਨੂੰ ਮੈਡੀਕਲ ਕਾਲਿਜ ਹਮੀਰਪੁਰ ਅਲਾਜ ਲਈ ਲੈਕੇ ਗਏ ਫਿਰ ਉਸ ਦਾ ਮੈਡੀਕਲ ਕਾਲਜ ਟਾਂਡਾ ਇਲਾਜ ਇਲਾਜ ਕਰਵਾਇਆ। ਉਹ ਕਈ ਮਹੀਨੇ ਤੋਂ ਬਿਮਾਰ ਚਲ ਰਹੇ ਹਨ, ਹਣ ਉਹ ਕੰਮ ਵੀ ਨਹੀਂ ਕਰ ਸਕਦੇ ਬਿਸਤਰ ਉੱਤੇ ਹੀ ਪਏ ਹਨ ਤਾਂ ਪਰਿਵਾਰ ਨੂੰ ਸੰਭਾਲਣ ਦੀ ਸਾਰੀ ਜ਼ਿੰਮੇਵਾਰੀ ਨੇਹਾ ਸਿੰਘ ਤੇ ਉਸ ਦੀ ਛੋਟੀ ਭੈਣ 'ਤੇ ਆ ਪਈ।ਪਰਿਵਾਰ ਦੀ ਆਰਥਿਕ ਹਾਲਤ ਇੰਨੀ ਮਾੜੀ ਹੋ ਗਈ ਕਿ ਕਾਲਜ ਅਤੇ ਖੇਡਾਂ ਦਾ ਕਰੀਅਰ ਅੱਧ ਵਿਚਾਲੇ ਛੱਡ ਕੇ ਨੇਹਾ ਨੂੰ ਹਮੀਰਪੁਰ ਦੇ ਬਾਜ਼ਾਰ ਵਿੱਚ ਫਾਸਟ ਫੂਡ ਦਾ ਸਟਾਲ ਲਾਉਣਾ ਪਿਆ।

### ਪਰਿਵਾਰ ਝੁੱਗੀਆਂ ਵਿੱਚ ਰਹਿਣ ਲਈ ਮਜਬੂਰ ਹਨ

ਨੇਹਾ ਦੇ ਪਰਿਵਾਰ, ਜੋ ਮੂਲ ਰੂਪ ਤੋਂ ਮੰਡੀ ਦੇ ਕੋਟਲੀ ਦੇ ਰਹਿਣ ਵਾਲੇ ਹਨ, ਉਹਨਾ ਕੋਲ ਜ਼ਮੀਨ ਵੀ ਨਹੀਂ ਹੈ। ਉਹ ਪਰਿਵਾਰ ਦੇ ਚਾਰ ਹੋਰ ਮੈਂਬਰਾਂ ਨਾਲ ਹਮੀਰਪੁਰ ਬਜ਼ਾਰ ਦੇ ਕੇਂਦਰ ਵਿੱਚ ਇੱਕ ਝੁੱਗੀ ਵਿੱਚ ਰਹਿੰਦੀ ਹੈ। ਇੱਥੇ ਨਾ ਤਾਂ ਨਹਾਉਣ ਦੀ ਸਹੂਲਤ ਹੈ ਅਤੇ ਨਾ ਹੀ ਸੌਚਾਲਿਆ ਦੀ ਸਹੂਲਤ ਹੈ। ਝੁੱਗੀ ਵਿੱਚ 5 ਜੀਆਂ ਵਾਲਾ ਨੇਹਾ ਦਾ ਟਬਰ ਬਿਮਾਰ ਪਿਤਾ ਵੀ ਰਹਿੰਦੇ ਹਨ, ਜਿਨ੍ਹਾਂ ਨੂੰ ਡਾਕਟਰ ਨੇ ਸਾਫ਼-ਸੁਥਰੇ ਮਾਹੌਲ ਵਿੱਚ ਰਹਿਣ ਦੀ ਸਲਾਹ ਦਿੱਤੀ ਹੈ। ਉਹਨਾ ਨੇ ਪਿਛਲੇ ਵਿਹੜੇ ਵਿੱਚ ਇੱਕ ਬੱਕਰੀ ਅਤੇ ਇੱਕ ਮੁਰਗੀ ਰੱਖੀ ਹੋਈ ਹੈ। ਨੇਹਾ ਖੇਢ ਅਤੇ ਪੜਾਈ ਛੱਡਕੇ ਆਪਣੀ ਭੈਣ ਦਾ ਮਦਦ ਨਾਲ ਘਰ ਦੇ ਖਰਚੇ ਅਤੇ ਪਿਤਾ ਦੀ ਇਲਾਜ ਅਤੇ ਦਵਾਈਆਂ ਦਾ ਖਰਚਾ ਬੜੀ ਮੁਸ਼ਕਿਲ ਨਾਲ ਹੀ ਕੱਢ ਪਾ ਰਹੀ ਹੈ।

### ਭਰਾ-ਭੈਣ ਦੀ ਜ਼ਿੰਮੇਵਾਰੀ ਲਈ

ਨੇਹਾ ਸਿੰਘ ਦੀ ਸਕੂਲੀ ਪੜ੍ਹਾਈ ਦੌਰਾਨ ਸਾਈਂ ਹੋਸਟਲ ਧਰਮਸ਼ਾਲਾ ਲਈ ਚੋਣ ਕੀਤੀ ਗਈ ਸੀ। ਸਪੋਰਟਸ ਅਥਾਰਟੀ ਆਫ ਇੰਡੀਆ ਦੇ ਹੋਸਟਲ ਵਿੱਚ ਰਹਿੰਦਿਆਂ ਨੇਹਾ ਨੇ ਸਕੂਲ ਵਿੱਚ ਹੀ ਸਾਲ 2015 ਵਿੱਚ ਪੰਜਾਬ ਵਿੱਚ ਹੋਈ ਸਬ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ।

ਹਿਮਾਚਲ ਦੀ ਟੀਮ ਦੋ ਰਾਸ਼ਟਰੀ ਹਾਕੀ ਮੈਚ ਖੇਡ ਚੁੱਕੀ ਹੈ। ਉਸਨੇ 2018 ਵਿੱਚ ਪੰਜਾਬ ਯੂਨੀਵਰਸਿਟੀ ਤੋਂ ਵੇਟਲਿਫਟਿੰਗ ਵਿੱਚ ਰਾਸ਼ਟਰੀ ਛਾਲ ਵੀ ਮਾਰੀ ਹੈ। ਜਦੋਂ ਪਿਤਾ ਅਚਾਨਕ ਬਿਮਾਰ ਹੋ ਗਏ ਤਾਂ ਨੇਹਾ ਨੂੰ ਛੋਟੀ ਭੈਣ ਨਿਕਿਤਾ ਦੀ ਬੀਏ ਅਤੇ ਛੋਟੇ ਭਰਾ ਅੰਕੁਸ਼ ਦੀ ਪੜ੍ਹਾਈ ਦਾ ਖਰਚਾ ਚੁੱਕਣਾ ਪੈਂਦਾ ਹੈ।

(ਬਾਕੀ ਅਗਲੇ ਸਫੇ 'ਤੇ)

# ਪ੍ਰਧਾਨ ਮੰਤਰੀ ਨਰਿੰਦਰ ਮੋਦੀ / ਜਥੇਦਾਰ ਗਿਆਨੀ ਹਰਪ੍ਰੀਤ ਸਿੰਘ

ਸਮਾਜਿਕ, ਧਾਰਮਿਕ ਅਤੇ ਰਾਜਨਿਤਿਕ ਵਰਗੇ ਵਿਸ਼ਿਆਂ ਉੱਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਕਾਲ ਤੱਖਤ ਬੇਬਾਕ ਟਿ-ਪਣੀਆਂ ਕਰਦੇ ਰਹਿੰਦੇ ਹਨ।ਖੇਤੀ ਕਾਨੂੰਨ ਨੂੰ ਵਾਪਸ ਲੈਣ 'ਤੇ ਸੁਪਰੀਮ ਸਿੱਖ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਿਸਾਨ ਅੰਦੋਲਨ ਦੀ ਆੜ 'ਚ ਕੁਝ ਲੋਕ ਇਸ ਨੂੰ ਸਿੱਖ ਬਨਾਮ ਭਾਰਤ ਸਰਕਾਰ ਅਤੇ ਸਿੱਖ ਬਨਾਮ ਹਿੰਦੂ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਦੀਆਂ ਯੋਜਨਾਵਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਨੂੰਨ ਨੂੰ ਵਾਪਸ ਲੈਣ ਦੇ ਫੈਸਲੇ ਨੇ ਅਸਫਲ ਕਰ ਦਿੱਤੀਆਂ। ਕਾਨੂੰਨ ਵਾਪਸ ਲੈਣ ਨਾਲ ਇੱਕ ਵੱਡੀ ਕੌਮੀ ਆਫ਼ਤ ਟਲ ਗਈ ਹੈ। ਉਨ੍ਹਾਂ ਦਾ ਇਹ ਬਿਆਨ ਬਹੁਤ ਮਹੱਤਵਪੂਰਨ ਹੈ ਕਿਉਂਕਿ ਕਿਸਾਨ ਅੰਦੋਲਨ ਪੰਜਾਬ ਤੋਂ ਹੀ ਸ਼ੁਰੂ ਹੋਇਆ ਸੀ। ਦਿੱਲੀ ਬਾਰਡਰ 'ਤੇ ਵੀ ਬਹੁਤੇ ਸਿੱਖ ਪਰਿਵਾਰ ਨਾਲ ਹੀ ਰਹੇ।

ਸਿੱਖ ਸੋਚ, ਨਿਸ਼ਾਨ ਅਤੇ ਇਤਿਹਾਸ ਨੂੰ ਲਾਂਭੇ ਕਰ ਰਹੇ ਸਨ

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਚਿੰਤਾ ਸੀ ਕਿ ਲਹਿਰ ਵਿੱਚ ਕੁਝ ਅਜਿਹੇ ਧੜੇ ਸਨ, ਜੋ ਸਿੱਖ ਸੋਚ, ਨਿਸ਼ਾਨ, ਫਲਸਫੇ, ਇਤਿਹਾਸ ਅਤੇ ਭਾਵਨਾਵਾਂ ਨੂੰ ਦਰਕਿਨਾਰ ਕਰ ਰਹੇ ਸਨ।ਸਿੱਖ ਸੋਚ, ਨਿਸ਼ਾਨ ਅਤੇ ਇਤਿਹਾਸ ਨੂੰ ਲਾਂਭੇ ਕਰ ਰਹੇ ਸਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਚਿੰਤਾ ਸੀ ਕਿ ਲਹਿਰ ਵਿੱਚ ਕੁਝ ਅਜਿਹੇ ਧੜੇ ਸਨ, ਜੋ ਸਿੱਖ ਸੋਚ, ਨਿਸ਼ਾਨ, ਫਲਸਫੇ, ਇਤਿਹਾਸ ਅਤੇ ਭਾਵਨਾਵਾਂ ਨੂੰ ਦਰਕਿਨਾਰ ਕਰ ਰਹੇ ਸਨ।

ਨਫ਼ਰਤ ਪੈਦਾ ਕਰਕੇ ਸਿਆਸੀ ਜ਼ਮੀਨ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ

ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਦੀ ਆੜ ਵਿੱਚ ਕੁਝ ਸ਼ਰਾਰਤੀ ਅਨਸਰ ਆਪਸੀ ਭਾਈਚਾਰਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਦਕਿ ਕੁਝ ਆਪਣਾ ਸਿਆਸੀ ਆਧਾਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਹ ਸਿੱਖ ਭਾਵਨਾਵਾਂ ਨੂੰ ਕਮਜ਼ੋਰ ਕਰਕੇ ਸਿੱਖ ਇਤਿਹਾਸ ਨੂੰ ਨਿਸ਼ਾਨਾ ਬਣਾ ਰਿਹਾ ਸੀ। ਸਿੱਖ ਨਿਸ਼ਾਨ ਉਸ ਨੂੰ ਵਿੰਨ੍ਹ ਰਿਹਾ ਸੀ। ਇਸ ਦੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾ ਸਕੇ।

ਲਹਿਰ ਵਿੱਚ ਗੁਆਚਿਆ, ਉਹ ਹਮੇਸ਼ਾ ਪਛਤ-



ਾਇਆ ਜਾਵੇਗਾ।

ਅੰਦੋਲਨ ਦੌਰਾਨ ਕੁਝ ਜਾਨਾਂ ਗਈਆਂ ਹਨ, ਉਨ੍ਹਾਂ ਦਾ ਹਮੇਸ਼ਾ ਪਛਤਾਵਾ ਰਹੇਗਾ। ਇਸ ਲਹਿਰ ਵਿਚ ਵਿਦੇਸ਼ੀ ਸਿੱਖਾਂ ਦਾ ਭਾਰੀ ਪੈਸਾ ਖਰਚਿਆ ਗਿਆ। ਇਸ ਲਹਿਰ ਵਿਚ ਸ਼ਾਮਲ ਹੋਣ ਵਾਲੇ ਲੋਕ ਸਿੱਖ ਪਰਿਵਾਰ ਸਨ। ਸਿੱਖਾਂ ਨੇ ਇਸ ਵਿੱਚ ਵਿੱਤੀ ਮਦਦ ਅਤੇ ਸਹੂਲਤ ਦੇ ਰੂਪ ਵਿੱਚ ਤਨ-ਮਨ ਨਾਲ ਯੋਗਦਾਨ ਪਾਇਆ। ਅਸੀਂ ਹਮੇਸ਼ਾ ਚਾਹੁੰਦੇ ਹਾਂ ਕਿ ਸਿੱਖ ਭਾਰਤ ਵਿੱਚ ਚੰਗਾ ਜੀਵਨ ਬਤੀਤ ਕਰਨ। ਅਸੀਂ ਹਮੇਸ਼ਾ ਹਿੰਦੂ-ਸਿੱਖ ਰਿਸ਼ਤੇ ਨੂੰ ਮਜ਼ਬੂਤ ਰੱਖਣ ਦੀ ਕੋਸ਼ਿਸ਼ ਕੀਤੀ ਹੈ।

ਮੁੱਖ ਮੰਤਰੀ ਨੇ ਸਿੱਖ ਜਾਂ ਹਿੰਦੂ ਹੋਣ ਨੂੰ ਗੌਣ ਕਿਹਾ ਹੈ

ਇਸ ਤੋਂ ਪਹਿਲਾਂ ਵੀ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਆਇਆ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਸਿੱਖ ਹੋਵੇ ਜਾਂ ਹਿੰਦੂ, ਇਹ ਗੌਣ ਹੈ। ਪੰਜਾਬ ਦੇ ਪਹਿਲੇ ਹਿੰਦੂ ਮੁੱਖ ਮੰਤਰੀ ਨਾ ਬਣ ਸਕਣ 'ਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਟਵੀਟ ਕਰਕੇ ਆਪਣਾ ਬਿਆਨ ਦਿੱਤਾ ਹੈ।ਜਿਸ ਵਿੱਚ ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਇਨ੍ਹਾਂ ਦੂਰਅੰਦੇਸ਼ੀ ਸ਼ਬਦਾਂ ਲਈ ਇਸ ਤੋਂ ਵਧੀਆ ਸਮਾਂ ਨਹੀਂ ਹੋ ਸਕਦਾ ਸੀ। ਜਦੋਂ ਸੌੜੀ ਸੋਚ ਵਾਲੇ ਛੋਟੇ ਲੋਕਾਂ ਨੇ ਉੱਚ ਅਹੁਦਾ ਹਾਸਲ ਕਰਨ ਲਈ ਪੰਜਾਬ ਨੂੰ ਵਰਗ, ਜਾਤ ਅਤੇ ਪਛਾਣ ਦੇ ਆਧਾਰ 'ਤੇ ਵੰਡਣ ਦੀ ਕੋਸ਼ਿਸ਼ ਕੀਤੀ।

"ਦੇਵੀ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ।

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ। ਸ਼ਬਦ ਨੂੰ "ਦੇਵੀ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ। ਕਹਿਣ ਦੇ ਸਬੰਧ ਵਿੱਚ ਚੁੱਪ ਰਹੇ।

19 ਨਵੰਬਰ ਨੂੰ ਸਵੇਰ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕਿਸਾਨਾਂ ਦੇ 3 ਖੇਤੀ ਬਿਲਾਂ ਨੂੰ ਵਾਪਸ ਲੈਣ ਸਮੇਂ ਕਿਹਾ ਗਿਆ ਸੀ

"ਦੇਵੀ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ।

ਇਸ ਦੀ ਵਿਆਖਿਆ ਵੀ ਕੀ ਤੀ ਗਈ ਸੀ, ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ, " ਹੇ ਦੇਵੀ ਮੈਨੂੰ ਬਰ ਦੇ ")



ਹਰਦੀਪ ਸਿੰਘ ਚੁੰਬਰ
+91-94636-01616

ਦਸਮ ਗ੍ਰੰਥ ਵਿੱਚ "ਚੰਡੀ ਚਰਿਤ੍ਰ (ਉਕਤਿ ਬਿਲਾਸ) " ਦਰਜ਼ ਕੀਤਾ ਹੋਇਆ ਹੈ, ਜਿਸ ਦੇ (੨੩੩, ੧ ਤੋਂ ਲੈ ਕੇ ੨੩੩ ਤੱਕ) ਲੜੀਵਾਰ ਪੈਰੇ ਹਨ। ਪੈਰਾ ੨੩੧ ਇੰਜ ਹੈ:

ਸਵੈਯਾ

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ।
ਨ ਡਰੋ ਅਰਿ ਸੋ ਜਬ ਜਾਇ ਲਰੇ
ਨਿਸਚੈ ਕਰਿ ਅਪੁਨੀ ਜੀਤ ਕਰੋ।
ਅਰੁ ਸਿਖ ਹੋ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋ।
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤੁਬ ਜੂਝ ਮਰੋ। ੨੩੧।

ਡਾ ਰਤਨ ਸਿੰਘ ਜੱਗੀ ਅਤੇ ਡਾ ਗੁਰਸ਼ਰਨ ਕੌਰ ਜੱਗੀ ਨੇ ਇਸ ਦੀ ਵਿਆਖਿਆ ਕੀਤੀ ਹੈ:

ਹੇ ਸ਼ਿਵਾ! ਮੈਨੂੰ ਇਹ ਵਰ ਦੇ ਕਿ (ਮੈਂ) ਸ਼ੁਭ ਕੰਮਾਂ (ਨੂੰ ਕਰਨੋ) ਨ ਟਲਾਂ। ਜਦੋਂ ਵੈਰੀ ਨਾਲ (ਰਣ-ਭੂਮੀ ਵਿੱਚ ਜਾ ਕੇ) ਲੜਾਂ ਤਾਂ (ਜ਼ਰਾ) ਨ ਡਰਾਂ ਅਤੇ ਨਿਸ਼ਚੇ ਹੀ ਆਪਣੀ ਜਿਤ ਪ੍ਰਾਪਤ ਕਰਾਂ। ਅਤੇ ਆਪਣੇ ਮਨ ਨੂੰ ਸਿਖਿਆ ਦੇਵਾਂ ਕਿ ਮੈਨੂੰ (ਸਦਾ) ਇਹ ਲਾਲਚ (ਬਣਿਆ ਰਹੇ ਕਿ ਮੈਂ) ਤੇਰੇ ਗੁਣਾਂ ਨੂੰ ਉਚਾਰਦਾ ਰਹਾਂ। ਅਤੇ ਜਦੋਂ ਉਮਰ ਦਾ ਅੰਤਿਮ ਸਮਾਂ ਆ ਜਾਏ ਤਾਂ ਅਤਿ ਦੇ ਯੁੱਧ ਵਿੱਚ ਲੜਦਾ ਹੋਇਆ ਮਰ ਜਾਵਾਂ। ੨੩੧।

# ਸਰਕਾਰ ਨੇ 6 ਬੀਐਸਐਨਐਲ, ਐਮਟੀਐਨਐਲਸੰਪਤੀਆਂ ਨੂੰ ਵੇਚਣ ਲਈ ਬੋਲੀਆਂ ਨੂੰ ਸੱਦਾ ਦਿੱਤਾ

ਕੇਂਦਰ ਸਰਕਾਰ ਨੇ ਜਨਤਕ ਖੇਤਰ ਦੀਆਂ ਦੂਰਸੰਚਾਰ ਕੰਪਨੀਆਂ ਐਮਟੀਐਨਐਲ ਅਤੇ ਬੀਐਸਐਨਐਲ ਦੀਆਂ ਜਾਇਦਾਦਾਂ ਨੂੰ ਵੇਚਣ ਦਾ ਫੈਸਲਾ ਕੀਤਾ ਹੈ। ਨਿਵੇਸ਼ ਅਤੇ ਜਨਤਕ ਸੰਪੱਤੀ ਪ੍ਰਬੰਧਨ ਵਿਭਾਗ (ਡੀਆਈਪੀਏਐਮ) ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਦਸਤਾਵੇਜ਼ਾਂ ਦੇ ਅਨੁਸਾਰ, ਐਮਟੀਐਨਐਲਅਤੇ ਬੀਐਸਐਨਐਲਦੀਆਂ ਅਚੱਲ ਜਾਇਦਾਦਾਂ ਨੂੰ ਲਗਭਗ 1,100 ਕਰੋੜ ਰੁਪਏ ਦੀ ਰਾਖਵੀਂ ਕੀਮਤ 'ਤੇ ਵਿਕਰੀ ਲਈ ਸੂਚੀਬੱਧ ਕੀਤਾ ਗਿਆ ਹੈ।

ਕਿੱਥੇ ਅਤੇ ਕਿੰਨੀਆਂ ਸੰਪਤੀਆਂ: ਬੀ ਐਸ ਐਨ ਐਲ ਦੀਆਂ ਜਾਇਦਾਦਾਂ ਹੈਦਰਾਬਾਦ, ਚੰਡੀਗੜ੍ਹ, ਭਾਵਨਗਰ ਅਤੇ ਕੋਲਕਾਤਾ ਵਿੱਚ ਸਥਿਤ ਹਨ, ਅਤੇ ਵਿਕਰੀ ਲਈ 800 ਕਰੋੜ ਰੁਪਏ ਦੀ ਰਾਖਵੀਂ ਕੀਮਤ ਹੈ। ਇਸ ਦੇ ਨਾਲ ਹੀ, ਵਸਰੀ ਹਿੱਲ, ਗੋਰੇਗਾਂਵ, ਮੁੰਬਈ ਵਿੱਚ ਸਥਿਤ ਐਮ ਟੀ ਐਨ ਐਲ ਸੰਪਤੀਆਂ ਨੂੰ ਲਗਭਗ 270 ਕਰੋੜ ਰੁਪਏ ਦੀ ਰਾਖਵੀਂ ਕੀਮਤ 'ਤੇ ਵਿਕਰੀ ਲਈ ਸੂਚੀਬੱਧ ਕੀਤਾ ਗਿਆ ਹੈ।

ਇਸੇ ਤਰ੍ਹਾਂ, ਓਸ਼ੀਵਾਰਾ ਵਿੱਚ ਸਥਿਤ ਐਮ ਟੀ ਐਨ ਐਲ ਦੇ 20 ਫਲੈਟ ਵੀ ਕੰਪਨੀ ਦੀ ਸੰਪੱਤੀ ਮੁਦਰੀਕਰਨ ਯੋਜਨਾ ਦੇ ਹਿੱਸੇ ਵਜੋਂ ਵਿਕਰੀ ਲਈ ਰੱਖੇ ਗਏ ਹਨ। ਇਨ੍ਹਾਂ ਦੀ ਰਾਖਵੀਂ ਕੀਮਤ 52-26 ਲੱਖ ਰੁਪਏ ਤੋਂ 1.159 ਕਰੋੜ ਰੁਪਏ ਤੱਕ ਹੈ। ਐਮਟੀਐਨਐਲਦੀਆਂ ਜਾਇਦਾਦਾਂ ਦੀ ਈ-ਨਿਲਾਮੀ 14 ਦਸੰਬਰ ਨੂੰ ਹੋਵੇਗੀ।

ਗੈਰ-ਮੁੱਖ ਸੰਪੱਤੀ ਵਿਕਰੀ ਅਭਿਆਸ ਨੂੰ ਸ਼ੁਰੂ ਕਰਦੇ ਹੋਏ, ਨਿਵੇਸ਼ ਅਤੇ ਜਨਤਕ ਸੰਪੱਤੀ ਪ੍ਰਬੰਧਨ ਵਿਭਾਗ (ਡੀਆਈਪੀਏਐਮ) ਨੇ ਆਪਣੇ ਨਵੇਂ ਸੰਪੱਤੀ ਮੁਦਰੀਕਰਨ ਪੋਰਟਲ ਰਾਹੀਂ ਭਾਰਤ ਸੰਚਾਰ ਨਿਗਮ ਲਿਮਟਿਡ (ਬੀ ਐਸ ਐਨ ਐਲ) ਅਤੇ ਮਹਾਂਨਗਰ ਟੈਲੀਫੋਨ ਨਿਗਮ ਲਿਮਟਿਡ (ਐਮ ਟੀ ਐਨ ਐਲ) ਦੀਆਂ ਛੇ ਸੰਪਤੀਆਂ ਨੂੰ ਵੇਚਣ ਲਈ ਬੋਲੀਆਂ ਦਾ ਸੱਦਾ ਦਿੱਤਾ ਹੈ।

ਡੀਆਈਪੀਏਐਮ ਦੇ ਸਕੱਤਰ ਤੁਹਿਨ ਕਾਂਤਾ ਪਾਂਡੇ ਨੇ ਟਵੀਟ ਕੀਤਾ, "ਗੈਰ-ਕੋਰ (ਐਸਆਈਸੀ) ਸੰਪੱਤੀ ਮੁ-ਦਰੀਕਰਨ ਬੀ ਐਸ ਐਨ ਐਲ/ਐਮ ਟੀ ਐਨ ਐਲ ਦੀਆਂ ਛੇ ਸੰਪਤੀਆਂ ਦੇ ਪਹਿਲੇ ਸੈੱਟ ਦੇ ਨਾਲ ਐਮ ਐਸ ਟੀ ਸੀ ਪੋਰਟਲ 'ਤੇ ਬੋਲੀ ਦੇ ਨਾਲ ਸ਼ੁਰੂ ਹੁੰਦਾ ਹੈ।

ਬਿਜ਼ਨਸ ਸਟੈਂਡਰਡ ਨੇ ਪਹਿਲਾਂ ਰਿਪੋਰਟ ਦਿੱਤੀ ਸੀ ਕਿ ਸਰਕਾਰ ਨਵੇਂ ਔਨਲਾਈਨ ਬਿਡਿੰਗ ਪਲੇਟਫਾਰਮ ਰਾਹੀਂ ਪਹਿਲੇ ਪੜਾਅ ਵਿੱਚ 600 ਕਰੋੜ ਰੁਪਏ ਤੋਂ ਵੱਧ ਮੁੱਲ ਦੇ ਜ਼ਮੀਨੀ ਪਾਰਸਲ ਵੇਚਣ ਦੀ ਯੋਜਨਾ ਬਣਾ ਰਹੀ ਹੈ। ਰਾਜ ਦੁ-ਆਰਾ ਸੰਚਾਲਿਤ ਐਮਐਸਟੀਸੀਦੁਆਰਾ ਵਿਕਸਤ ਕੀਤੇ ਗਏ ਨਵੇਂ ਈ-ਬਿਡਿੰਗ ਪਲੇਟਫਾਰਮ ਦੁਆਰਾ ਸੰਪਤੀਆਂ ਦੀ ਇਹ ਪਹਿਲੀ ਵਿਕਰੀ ਹੋਵੇਗੀ।

ਗੈਰ-ਕੋਰ ਸੰਪਤੀਆਂ ਦੀ ਵਿਕਰੀ ਜਿਵੇਂ ਕਿ ਜ਼ਮੀਨ ਦੇ ਪਾਰਸਲ ਜਾਂ 100 ਕਰੋੜ ਰੁਪਏ ਤੋਂ ਵੱਧ ਦੀ ਰੀਅਲ ਅਸਟੇਟ ਦਾ ਪ੍ਰਬੰਧਨ ਡੀਆਈਪੀਏਐਮਦੁਆਰਾ ਕੀਤਾ ਜਾ ਰਿਹਾ ਹੈ, ਅਤੇ ਇਹ ਨੀਤੀ ਆਯੋਗ ਦੁਆਰਾ ਮੁਦਰੀਕਰਨ ਲਈ ਬਣਾਈ ਗਈ ਕੋਰ ਸੰਪਤੀਆਂ ਦੀ ਪਾਈਪਲਾਈਨ ਦੇ ਸਮਾਨ ਹੈ। ਇਹ ਵਿਚਾਰ ਸਰਕਾਰੀ ਮਾਲਕੀ ਵਾਲੀਆਂ ਸੰਸਥਾਵਾਂ ਦੇ ਵਿਹਲੇ ਜ਼ਮੀਨੀ ਪਾਰਸਲਾਂ ਨੂੰ ਵਰਤਣ ਲਈ, ਅਤੇ ਉਹਨਾਂ ਦੀ ਕੀਮਤ ਦਾ ਅਹਿਸਾਸ ਕਰਨਾ ਹੈ। ਇਹ ਕੋਸ਼ਿਸ਼ ਰਾਸ਼ਟਰੀ ਮੁ-ਦਰੀਕਰਨ ਪਾਈਪਲਾਈਨ (ਐਨ ਐਮ ਪੀ) ਦੀ ਤਰਜ਼ 'ਤੇ ਹੈ - ਜਿੱਥੇ ਸਰਕਾਰ ਦਾ ਉਦੇਸ਼ ਘੱਟ ਵਰਤੋਂ ਵਾਲੀਆਂ ਸੰਪਤੀਆਂ ਦਾ ਮੁਦਰੀਕਰਨ ਕਰਨਾ ਹੈ), ਪਰ ਇਸ ਵਿੱਚ ਸਿਰਫ ਗੈਰ-ਮੁਦਰ ਸੰਪਤੀਆਂ ਸ਼ਾਮਲ ਹੋਣਗੀਆਂ। ਐਨ ਐਮ ਪੀ ਦੇ ਉਲਟ, ਫ੍ਰੰਸ ਦੀ ਜ਼ਮੀਨ ਦੀ ਵਿਕਰੀ ਦੇ ਮਾਮਲੇ ਵਿੱਚ, ਸੰ-ਪਤੀਆਂ ਦੀ ਮਲਕੀਅਤ ਟ੍ਰਾਂਸਫਰ ਕੀਤੀ ਜਾਵੇਗੀ।

ਬਿਜ਼ਨਸ ਸਟੈਂਡਰਡ ਨੇ ਪਹਿਲਾਂ ਰਿਪੋਰਟ ਕੀਤੀ ਸੀ ਕਿ ਸਰਕਾਰ ਨਵੇਂ ਈ-ਬਿਡਿੰਗ-ਪਲੇਟਫਾਰਮ ਰਾਹੀਂ 10,000 ਕਰੋੜ ਰੁਪਏ ਦੇ ਜ਼ਮੀਨੀ ਪਾਰਸਲਾਂ ਦਾ ਮੁਦਰੀਕਰਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭੂਮੀ ਸੰਪਤੀਆਂ ਦੀ ਪਾਈਪਲਾਈਨ ਡੀਆਈਪੀਏਐਮ ਦੁਆਰਾ ਨਿਯੁਕਤ ਸਲਾਹਕਾਰਾਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਤਿਆਰ ਕੀਤੀ ਗਈ ਹੈ, ਜਿਸ ਵਿੱਚ ਸੀਬੀਆਰਈ ਸਾਊਥ ਏਸ਼ੀਆ, ਡੇਲੋਇਟ ਟਚ ਟੋਹਮਤਸੂ ਇੰਡੀਆ, ਬੋਸਟਨ ਕੰਸਲਟਿੰਗ ਗਰੁੱਪ, ਜੇਐਲਐਲ ਪ੍ਰਾਪਰਟੀ ਕੰਸਲਟੈਂਟਸ (ਇੰਡੀਆ), ਨਾਈਟ ਫਰੈਂਕ ਇੰਡੀਆ ਆਦਿ ਸ਼ਾਮਲ ਹਨ।

"ਇਹ ਐਮਟੀਐਨਐਲਅਤੇ ਬੀਐਸਐਨਐਲ 'ਤੇ ਸੰਪੱਤੀ ਮੁਦਰੀਕਰਨ ਦਾ ਪਹਿਲਾ ਪੜਾਅ ਹੈ। ਬੀ ਐਸ ਐਨ ਐਲ ਦੀ 660 ਕਰੋੜ ਰੁਪਏ ਦੀ ਜਾਇਦਾਦ ਅਤੇ 310 ਕਰੋੜ ਰੁਪਏ ਦੀ ਐਮਟੀਐਨਐਲਦੀ ਜਾਇਦਾਦ ਲਈ ਬੋਲੀਆਂ ਮੰਗੀਆਂ ਗਈਆਂ ਹਨ। ਅਸੀਂ ਡੇਢ ਮਹੀਨੇ ਦੇ ਅੰਦਰ ਪੂਰੀ ਪ੍ਰਕਿਰਿਆ ਨੂੰ ਪੂਰਾ ਕਰਨ ਦੀ ਯੋਜਨਾ ਬਣਾ ਰਹੇ ਹਾਂ, "ਬੀਐਸਐਨਐਲਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਪੀਕੇ ਪੁਰਵਾਰ ਨੇ ਕਿਹਾ।

ਐਮਟੀਐਨਐਲਸੰਪਤੀਆਂ ਲਈ ਈ-ਨਿਲਾਮੀ 14 ਦਸੰਬਰ ਨੂੰ ਹੋਵੇਗੀ। "ਅਸੀਂ ਸੰਪੱਤੀ ਮੁਦਰੀਕਰਨ ਲਈ ਮਾਰਕੀਟ ਦੀ ਮੰਗ ਦੇ ਅਨੁਸਾਰ ਅੱਗੇ ਵਧਾਂਗੇ," ਪੁਰਵਾਰ ਨੇ ਅੱਗੇ ਕਿਹਾ। ਸੰਪੱਤੀ ਮੁਦਰੀਕਰਨ ਐਮਟੀਐਨਐਲਅਤੇ ਬੀ ਐਸ ਐਨ ਐਲ ਲਈ 69,000 ਕਰੋੜ ਰੁਪਏ ਦੀ ਪੁਨਰ ਸੁਰਜੀਤੀ ਯੋਜਨਾ ਦਾ ਹਿੱਸਾ ਹੈ ਜਿਸ ਨੂੰ ਅਕਤੂਬਰ 2019 ਵਿੱਚ ਸਰਕਾਰ ਦੁਆਰਾ ਮਨਜ਼ੂਰ ਕੀਤਾ ਗਿਆ ਸੀ।

ਦੋਵੇਂ ਜਨਤਕ ਖੇਤਰ ਦੀਆਂ ਫਰਮਾਂ ਨੂੰ 2022 ਤੱਕ 37,500 ਕਰੋੜ ਰੁਪਏ ਦੀਆਂ ਸੰਪਤੀਆਂ ਦੀ ਪਛਾਣ ਅਤੇ ਮੁਦਰੀਕਰਨ ਕਰਨਾ ਸੀ।

# ਭਾਰਤ ਸਰਕਾਰ ਦੀ ਬੇਰੁਖੀ ਕਿਉਂ?

**(ਸਫਾ 16 ਦੀ ਬਾਕੀ)**

**ਨੌਕਰੀ ਨਹੀਂ ਮਿਲੀ**

ਨੇਹਾ ਸਿੰਘ ਸਕੂਲੀ ਪੜਾਈ ਦੇ ਦੌਰਾਨ ਸਾਈਂ ਹੋਸਟਲ ਧਰਮਸ਼ਾਲਾ ਨਈ ਚੁਣ ਲਿਆ ਗਿਆ ਸੀ। ਉਹ ਰਾਸ਼ਟਰੀ ਖਿਡਾਰਨ ਹੈ। ਸਪੋਰਟਸ ਅਥਾਔਰਟੀ ਆਫ ਇੰਡੀਆਂ ਦੇ ਹੋਸ਼ਟਲ ਵਿੱਚ ਸਕੂਲ ਦੌਰਾਨ ਰਹਿੰਦੇ ਹੋਇਆਂ ਉਸ ਨੇ ਰਾਸ਼ਟਰੀ ਪਧਰ ਦਾ ਸਿਲਵਰ ਮੈਚਲ ਜਿੱਤਿਆ ਸੀ। ਉਸ ਨੇ ਹਿਮਾਚਲ ਦੀ ਤਰਫ ਤੋਂ ਦੋ ਮੈਚ ਖੇਢੇ। ਇਸ ਤੋਂ ਇਲਾਵਾ ਉਹ ਪੰਜਾਬ ਯੂਨੀਵਰਸ਼ਟੀ ਦੇ ਤਰਫ ਤੋਂ ਵੇਟਲਿਫਟਿੰਗ ਪ੍ਰਤੀਯੋਗਤਾ ਵਿੱਚ ਨੈਸ਼ਨਲ ਲੈਵਲ ਉੱਤੇ ਭਾਗ ਲੈ ਚੁੱਕੀ ਹੈ।ਭਵਿੱਖ ਵਿੱਚ ਕੀ ਹੋਣਾ ਹੈ ਇਹ ਕਹਿਣਾ ਮੁਸ਼ਕਿਲ ਹੁੰਦਾ ਹੈ। ਪਿਤਾ ਬਿਮਾਰੀ ਕਾਰਨ ਬਿਸਤਰ ਉੱਤੇ ਹਨ, ਛੋਟੀ ਬੋਣ ਬੀਏ ਦੀ ਪੜਾਈ ਕਰ ਰਹੀ ਹੈ। ਅਜਿਹੇ 'ਚ ਪਰਿਵਾਰ ਨੂੰ ਉਮੀਦ ਸੀ ਕਿ ਉਸ ਨੂੰ ਸਰਕਾਰੀ ਨੌਕਰੀ ਮਿਲੇਗੀ। ਪਰ ਪਰਿਵਾਰ ਦੇ ਸਾਰੇ ਸੁਪਨੇ ਚਕਨਾਚੂਰ ਹੋ ਗਏ। ਨੇਹਾ ਦੱਸਦੀ ਹੈ ਕਿ ਹੁਣ ਜਦੋਂ ਉਸ ਨੂੰ ਕਿਸੇ ਵੀ ਟੀਮ ਤੋਂ ਖੇਡਣ ਲਈ ਪੈਸੇ ਮਿਲਦੇ ਹਨ ਤਾਂ ਉਹ ਮੈਚ ਵਿਚ ਹਿੱਸਾ ਲੈਣ ਲਈ ਰਾਜ਼ੀ ਹੋ ਜਾਂਦੀ ਹੈ। ਮੈਚ ਖੇਡਣ ਬਦਲੇ ਉਸ ਨੂੰ 1500 ਰੁਪਏ ਅਤੇ ਖਾਣ-ਪੀਣ ਅਤੇ ਰਹਿਣ-ਸਹਿਣ ਦਾ ਖਰਚਾ ਮਿਲਦਾ ਹੈ।

**ਘਰ ਲਈ ਪਲਾਟ ਮਿਲਿਆ,**
**ਘਰ ਬਨਾਉਣ ਲਈ ਪੈਸੇ ਨਹੀਂ**

ਬੇਜ਼ਮੀਨੇ ਹੋਣ ਕਾਰਨ ਘਰ ਬਣਾਉਣ 4 ਮਰਲੇ ਜਮੀਨ ਮਿਲੀ ਪਰ ਘਰ ਬਨਾਉਣ ਲਈ ਪੈਸੇ ਨਹੀਂ ਹਨ। ਬੇਜ਼ਮੀਨੇ ਹੋਣ ਕਾਰਨ ਨੇਹਾ ਦੇ ਪਰਿਵਾਰ ਨੂੰ ਸਰਕਾਰ ਵੱਲੋਂ ਹਮੀਰਪੁਰ ਨਗਰ ਕੌਂਸਲ ਦੇ ਵਾਰਡ-10 ਨੇੜੇ 4 ਮਰਲੇ ਜ਼ਮੀਨ ਅਲਾਟ ਕੀਤੀ ਗਈ ਸੀ। ਉਸ ਦੀ ਮਾਂ ਨਿਰਮਲਾ ਦੇਵੀ ਦੱਸਦੀ ਹੈ ਕਿ ਧੀ ਨੂੰ ਨੌਕਰੀ ਨਾ ਮਿਲਣ ਕਾਰਨ ਉਹ ਡੂੰਘੀ ਪ੍ਰੇਸ਼ਾਨੀ ਵਿੱਚ ਹੈ। ਘਰ ਬਣਾਉਣ ਲਈ ਪੈਸੇ ਨਹੀਂ ਹਨ।ਕਮੇਟੀ ਦੀ ਤਰਫੋਂ ਮਕਾਨ ਬਣਾਉਣ ਲਈ ਸਰਕਾਰ ਤੋਂ ਪੈਸੇ ਲੈਣ ਦੀ ਗੱਲ ਹੋਈ ਸੀ ਪਰ ਪੈਸੇ ਨਹੀਂ ਮਿਲੇ।

ਜਦੋਂ ਉਸ ਨੇ ਕੁਝ ਪੈਸੇ ਉਧਾਰ ਲੈਕੇ ਘਰ ਬਨਾਉਣ ਦਾ ਕੰਮ ਸੁਰੂ ਕੀਤਾ ਸੀ ਤਾਂ ਪਤੀ ਬੀਮਾਰ ਹੋ ਗਏ ਹੁਣ ਕੰਮ ਵਿੱਚੇ ਹੀ ਲਟਕ ਗਿਆ ਹੈ। ਨਗਰ ਪ੍ਰੀਸ਼ਦ ਅਧਿਕਾਰੀ ਦੇ ਮਾਮਲਾ ਇਹ ਧਿਆਨ ਵਿੱਚ ਹੈ। ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਘਰ ਨਿਰਮਾਣ ਲਈ ਪ੍ਰਪੋਜਲ ਭੇਜੀ ਗਈ ਹੈ, ਕਹਿਣਾ ਹੈ ਕਿ ਜਲਦੀ ਹੀ ਮਨਜੂਰ ਹੋ ਸਕਦੀ ਹੈ।

# ਗੁਰੂ ਤੇਗ ਬਹਾਦਰ ਸਾਹਿਬ ਜੀ



ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰ ਧਰੀਜੈ।। ਸਿਰ ਦੀਜੈ ਕਾਣਿ ਨ ਕੀਜੈ।।
ਅੰਗ-1412

ਹੇ ਭਾਈ! ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ ਹੈ ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਵੇ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜ਼ੀ ਲਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿਚ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਕੁਰਬਾਨੀਆਂ ਦਰਜ ਹਨ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆਂ ਦੇ ਇਤਿਹਾਸ ਵਿਚ ਤਿਆਗ, ਸੇਵਾ, ਤਪ, ਸੰਜਮ ਅਤੇ ਬਹਾਦਰੀ ਦੀਆਂ ਅਨੇਕ ਮਿਸਾਲਾਂ ਮਿਲ ਸਕਦੀਆਂ ਹਨ, ਪਰ ਸਿੱਖ ਇਤਿਹਾਸ ਵਿਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਸੰਦਰਭ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਮਿਸਾਲ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ ਤੋਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਫੌਜੀ ਤਾਕਤ ਦਾ ਖਤਰਾ ਹੋ ਗਿਆ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਉਣ ਵਾਲੇ ਟਕਰਾਅ ਲਈ ਕੌਮ ਨੂੰ ਤਿਆਰ ਕਰਨ ਲਈ ਆਪਣੀ ਅਦੁੱਤੀ ਸ਼ਹਾਦਤ ਦੀ ਮਿਸਾਲ ਪੈਦਾ ਕੀਤੀ। ਅੱਗੇ ਜਾ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਕੁਰਬਾਨੀਆਂ ਦਾ ਚਾਅ ਅਤੇ ਜੋਸ਼ ਭਰਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਗੁਰਪਿਤਾ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤੱਕ ਦੀ ਉਮਰ ਅੰਮ੍ਰਿਤਸਰ ਵਿਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿੰਡਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿਚ ਲੀਨ ਹੋ ਕੇ ਆਪਣੀਆਂ ਖਾਹਿਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿੱਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਵਿਚ ਘੋੜ ਸਵਾਰੀ ਦੇ ਨਿਪੁੰਨ ਸਨ। ਗੁਰਪਿਤਾ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਅਜਿਹੇ ਜੌਹਰ ਵਿਖਾਏ ਕਿ ਆਪ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ ਕਰਤਾਰਪੁਰ, ਜਲੰਧਰ ਨਿਵਾਸੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵੱਸੇ ਗਰਾ ਬੁਕਾਲੇ' ਦਾ ਇਸ਼ਾਰਾ ਦਿੱਤਾ। ਇਸਨੂੰ ਇਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਪ੍ਰਗਟ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਆਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਹਾਕਮ ਔਰੰਗਜੇਬ ਨੇ ਗੈਰ-ਮੁਸਲਮਾਨਾਂ 'ਤੇ ਜਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿਚ ਔਰੰਗਜ਼ੇਬ ਤੇ ਸਤਾਏ ਹੋਏ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਜੀ ਦੀ ਸ਼ਰਨ ਹੇਠ ਆਏ ਤੇ ਫਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜ਼ੇਬ ਨੇ ਜ਼ੁਲਮਾਂ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਜੀ ਨੇ ਦ੍ਰਿੜ੍ਹ ਕਰਵਾਇਆ ਕਿ 'ਨਾ ਕਿਸੇ ਨੂੰ ਡਰਾਓ, ਨਾ ਕਿਸੇ ਤੋਂ ਡਰੋ।' ਔਰੰਗਜੇਬ ਨੇ ਗੁਰੂ ਜੀ ਨੂੰ ਤਲਬ ਕਰ ਲਿਆ।

ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫਤਾਰ ਕਰ ਲਿਆ ਗਿਆ। ਫੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਦਿਆਲਾ ਅਤੇ ਭਾਈ ਸਤੀ ਦਾਸ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਮੁਸਲਮਾਨ ਬਣਨ ਤੇ ਲਾਲਚ ਦਿੱਤੇ ਗਏ। ਫਿਰ ਡਰਾਵੇ ਅਤੇ ਕਤਲ ਕਰਨ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਅ-ਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤੀ। ਗੁਰੂ ਜੀ ਅਡੋਲ ਰਹੇ। ਇਹ ਅਣਮਨੁੱਖੀ ਤਸ਼ੱਦਦ ਵੀ ਗੁਰੂ ਜੀ ਦੇ ਨਿਸਚੇ ਨੂੰ ਡੇਗ ਨਹੀਂ ਸਕਿਆ।

ਅੰਤ 24 ਨਵੰਬਰ 1675 ਨੂੰ ਚਾਂਦਨੀ ਚੌਂਕ ਦਿੱਲੀ ਵਿਚ ਸੀਸ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਗੁਰਦੁਆਰਾ ਸੀਸ ਗੰਜ ਦਿੱਲੀ ਸਸ਼ੋਭਿਤ ਹੈ। ਔਰੰਗਜੇਬ ਦਾ ਹੁਕਮ ਸੀ ਕਿ ਗੁਰੂ ਜੀ ਦੇ ਸਰੀਰ ਨੂੰ ਟੁਕੜੇ ਟੁਕੜੇ ਕਰਕੇ ਸ਼ਹਿਰ ਵਿਚ ਥਾਂ-ਥਾਂ ਲਟਕਾ ਦਿੱਤਾ ਜਾਵੇ। ਔਰੰਗਜੇਬ ਦੇ ਇਸ ਜ਼ੁਲਮ ਨੂੰ ਵੇਖ ਕੇ ਲੋਹ ਕਰਾਹ ਉਠੇ ਕਿ ਇਕ ਸੰਤ ਨੂੰ ਕਿਵੇਂ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਹੈ। ਲੋਕਾਂ ਵਿਚ ਇਹ ਜ਼ੁਲਮ ਵੇਖ ਕੇ ਭਗਦੜ ਮੱਚ ਗਈ। ਇਸੇ ਵਿਚ ਸ਼ਰਧਾਲੂ ਸਿੱਖ ਭਾਈ ਜੈਤਾ ਜੀ (ਰੰਗਰੇਟਾ ਜਗਜੀਵਨ ਸਿੰਘ) ਨੇ ਗੁਰੂ ਜੀ ਦੇ ਸੀਸ ਨੂੰ ਬੜੀ ਸ਼ਰਧਾ ਭਾਵਨਾ ਨਾਲ ਸਾਂਭ ਕੇ ਆਨੰਦਪੁਰ ਪਹੁੰਚਾਇਆ। ਉਥੇ ਸੀਸ ਦਾ ਸਸਕਾਰ ਕੀਤਾ ਗਿਆ, ਜਿੱਥੇ ਗੁਰਦੁਆਰਾ ਸੀਸ ਗੰਜ ਆਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੇ ਗਲ਼ ਨਾਲ ਲਾ ਕੇ 'ਰੰਗਰੇਟਾ ਗੁਰੂ ਕਾ ਬੇਟਾ' ਦਾ ਵਰ ਦਿੱਤਾ। ਭਾਈ ਲੱਖੀ ਸ਼ਾਹ ਵਣਜਾਰ ਅਤੇ ਭਾਈ ਉਦੈ ਜੀ ਨੇ ਵਿਉਂਤ ਲਗਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਆਪਣਾ ਘਰ ਜਲਾ ਕੇ ਕੀਤਾ ਤਾਂ ਜੋ ਸਰਕਾਰ ਨੂੰ ਖਬਰ ਨਾ ਹੋਵੇ। ਉਥੇ ਗੁਰਦੁਆਰਾ ਰਕਾਬਗੰਜ ਦਿੱਲੀ ਸੁਸ਼ੋਭਿਤ ਹੈ। ਮਾਰਚ 29, 1679 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦ ਦਸਵੇਂ ਗੁਰੂ ਵਜੋਂ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ 1706 ਵਿਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਦਰਜ ਕੀਤੀ ਗਈ। ਉਹਨਾਂ ਦੇ ਗੁਰੂ ਗ੍ਰੰਥ ਸਾਹਿਬ ਵਿਚ 59 ਪਦੇ (15 ਰਾਗਾਂ ਵਿਚ) ਅਤੇ 57 ਸਲੋਕ ਦਰਜ ਹਨ ਕਿ ਇਹ ਰਚਨਾ ਪ੍ਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿਚ ਉਹ ਆਪ ਹੀ ਵੱਸਦਾ ਹੈ।

ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ।

ਕਾਹੇ ਰੇ ਬਨ ਖੋਜਨ ਜਾਈ।। ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ- ਹੇ ਭਾਈ! ਪ੍ਰਮਾਤਮਾ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪ੍ਰਮਾਤਮਾ ਸਭ ਵਿਚ ਵੱਸਣ ਵਾਲਾ ਹੈ। ਸਦਾ ਨਿਰਲੇਪ ਰਹਿੰਦਾ ਹੈ। ਉਹ ਪ੍ਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ। -ਅੰਗ 684

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ।। ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ।।

ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਹੇ ਨਾਨਕ! ਆਖ- ਹੇ ਮਨ! ਜੋ ਕੁਝ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ। ਸੁੱਖ ਭੀ ਤਦੇ ਹੀ ਮਿਲਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੋਵੇ। ਅੰਗ- 1428

ਮਨੁ ਆਇਆ ਮੈਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ।। ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉ ਨੇ ਨਾਮੁ।।

ਮਨ ਮਾਇਆ ਵਿਚ ਲੁਪਤ ਰਹਿੰਦਾ ਹੈ। ਮਨੁੱਖ ਨੂੰ ਉਸ ਪ੍ਰਭੂ ਦਾ ਨਾਮ ਭੁੱਲ ਗਿਆ ਹੈ। ਹੇ ਨਾਨਕ! ਪ੍ਰਭੂ ਦੀ ਭਗਤੀ ਤੋਂ ਬਿਨਾਂ ਇਹ ਜੀਵਨ ਕਿਸ ਕੰਮ ਦਾ ਹੈ। ਅੰਗ 1427-28

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ।। ਕਰਿ ਪਰਪੰਚੁ ਜਗਤ ਕਉ ਡਹਕੇ ਅਪਨੋ ਉਦਰੁ ਭਰੇ।
ਅੰਗ 536

ਹੇ ਭਾਈ! ਮਾਇਆ ਦੇ ਨਸ਼ੇ ਵਿਚ ਇਹ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪ੍ਰਮਾਤਮਾ ਦੀ ਸਿਫਤ-ਸਲਾਹ ਦੀ ਬਾਣੀ ਨਹੀਂ ਉਚਾਰਦਾ, ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ।

# ਗੁਰ-ਪੁਰਬ ਮੌਕੇ ਫਰਿਜ਼ਨੋ ਦੇ ਬੇਘਰੇ ਲੋਕਾਂ ਨੂੰ ਛਕਾਇਆ ਪੀਜ਼ੇ ਦਾ ਲੰਗਰ







**ਫਰਿਜ਼ਨੋ (ਕੈਲੀਫੋਰਨੀਆਂ) (ਨੀਟਾ ਮਾਛੀਕੇ / ਕੁਲਵੰਤ ਧਾਲੀਆਂ)**- ਗੁਰੂ ਨਾਨਕ ਪਾਤਸ਼ਾਹ ਦੇ ਗੁਰ ਪੁਰਬ ਮੌਕੇ ਦੁਨੀਆਂ ਪੱਧਰ ਤੇ ਵੱਡੇ ਸਮਾਗਮ ਕੀਤੇ ਗਏ। ਇਸੇ ਕੜੀ ਤਹਿਤ ਫਰਿਜ਼ਨੋ ਦੇ ਕੁਝ ਕੁ ਹਿੰਮਤੀ ਨੌਜਵਾਨਾਂ ਨੇ ਨਵੇਕਲੀ ਕੋਸ਼ਿਸ਼ ਕੀਤੀ, ਅਤੇ ਬੇਘਰੇ ਲੋਕਾਂ ਲਈ ਪੂਰੇ ਸ਼ਹਿਰ ਵਿੱਚ ਕਈ ਥਾਂਈਂ ਪੀਜ਼ੇ ਦੇ ਲੰਗਰ ਲਾਕੇ ਗੁਰ-ਪੁਰਬ ਮਨਾਇਆ। ਇਸ ਮੌਕੇ ਫਰਿਜ਼ਨੋ ਸ਼ਹਿਰ ਦੇ ਡਾਊਨਟਾਊਨ ਵਿੱਚ ਬਣੇ ਹੋਮ ਲਿੱਸ ਸੈਂਟਰ 'ਪਬੇਲੋ ਹਾਊਸ' ਵਿੱਚ ਨੌਜਵਾਨਾਂ ਨੇ ਪੀਜ਼ੇ ਦਾ ਲੰਗਰ ਅਤੁੱਟ ਵਰਤਾਇਆ। ਇਸ ਤੋ ਇਲਾਵਾ ਰੋਡੀਓ ਪਾਰਕ ਅਤੇ ਪਾਰਕਵੇਅ ਸਟ੍ਰੀਟ ਤੇ ਹੋਮਲਿੱਸ ਲੋਕਾਂ ਲਈ ਲੰਗਰ ਲਾਇਆ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਤੂਰ ਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਵੱਲੋਂ ਚਲਾਇਆ ਵੀਹ ਰੁਪਏ ਦਾ ਲੰਗਰ ਅੱਜ ਪੂਰੀ ਦੁਨੀਆ ਵਿੱਚ ਵਰਤ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਤੇ ਪਹਿਰਾ ਦਿੰਦੇ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਗੁਰੂ ਦਾ ਲੰਗਰ ਲੋੜਵੰਦ ਲੋਕਾਂ ਦੇ ਮੂੰਹ ਵਿੱਚ ਪਵੇ 'ਤੇ ਅਸੀਂ ਇਸੇ ਕਰਕੇ ਇਹ ਲੰਗਰ ਬੇਘਰੇ ਲੋਕਾਂ ਨੂੰ ਛਕਾਉਣ ਦਾ ਫੈਸਲਾ ਲਿਆ। ਇਸ ਮੌਕੇ ਲੋਕਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਫ਼ਲਸਫ਼ੇ ਤੋਂ ਵੀ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ, ਉਹਨਾਂ ਕਿਹਾ ਕਿ ਅਸੀਂ ਹਰ ਸਾਲ ਗੁਰਪੁਰਬ ਤੇ ਇਹ ਲੰਗਰ ਜਾਰੀ ਰੱਖਣ ਦੀ ਵੀ ਕੋਸ਼ਿਸ਼ ਕਰਾਂਗੇ ।

# ਮੁੱਖ ਮੰਤਰੀ ਦਾ ਚਿਹਰਾ ਐਲਾਨਣ ਤੋਂ ਟਲੇ ਕੇਜਰੀਵਾਲ

**ਅੰਮ੍ਰਿਤਸਰ-** ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅਗਾਮੀ ਵਿਧਾਨ ਸਭਾ ਚੋਣਾਂ ਲਈ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਉਮੀਦਵਾਰ ਦਾ ਨਾਂ ਐਲਾਨਣ ਤੋਂ ਫਿਲਹਾਲ ਟਾਲਾ ਵੱਟਦਿਆਂ ਆਖਿਆ ਕਿ ਬਾਕੀ ਸਿਆਸੀ ਪਾਰਟੀਆਂ ਤੋਂ ਪਹਿਲਾਂ 'ਆਪ' ਵੱਲੋਂ ਮੁੱਖ ਮੰਤਰੀ ਦੇ ਉਮੀਦਵਾਰ ਦਾ ਨਾਂ ਐਲਾਨਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਖੁਦ ਪੰਜਾਬ ਦੇ ਮੁੱਖ ਮੰਤਰੀ ਲਈ ਉਮੀਦਵਾਰ ਨਹੀਂ ਹੋਣਗੇ। ਇਸ ਮੌਕੇ ਉਨ੍ਹਾਂ ਅਧਿਆਪਕ ਵਰਗ ਲਈ ਅੱਠ ਗਾਰੰਟੀਆਂ ਦਾ ਵੀ ਐਲਾਨ ਕੀਤਾ। ਇਹ ਐਲਾਨ ਅੱਜ ਇੱਥੇ ਪੱਤਰਕਾਰ ਸੰਮੇਲਨ ਦੌਰਾਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਵਜੋਤ ਸਿੰਘ ਸਿੱਧੂ ਦੀ ਬੇਬਾਕੀ ਦੀ ਸ਼ਲਾਘਾ ਕੀਤੀ, ਜੋ ਮੁੱਖ ਮੰਤਰੀ ਦੇ ਨਾਲ ਬੈਠ ਕੇ ਕਹਿ ਰਹੇ ਹਨ ਕਿ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਹੋਏ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਹਾਕਮ ਧਿਰ ਕਾਂਗਰਸ ਸਮੇਤ ਕਿਸੇ ਵੀ ਸਿਆਸੀ ਪਾਰਟੀ ਨੇ ਹੁਣ ਤੱਕ ਮੁੱਖ ਮੰਤਰੀ ਦੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਕਈ ਸੂਬਿਆਂ 'ਚ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਭਾਜਪਾ ਨੇ ਉਥੇ ਵੀ ਮੁੱਖ ਮੰਤਰੀ ਦੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਇਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਤੋਂ ਪਹਿਲਾਂ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸੂਬੇ ਵਿਚ 'ਆਪ' ਦੀ ਸਰਕਾਰ ਆਈ ਤਾਂ ਪੰਜਾਬ ਦਾ ਖਜ਼ਾਨਾ ਕਿਵੇਂ ਖਾਲੀ ਹੋਇਆ ਅਤੇ ਕਿਸ ਨੇ ਕੀਤਾ, ਇਸ ਦੀ ਜਾਂਚ ਕਰਵਾਈ ਜਾਵੇਗੀ। ਪੰਜਾਬ ਦੇ ਪੁਨਰ ਨਿਰਮਾਣ ਲਈ ਅਧਿਆਪਕ ਵਰਗ ਨੂੰ ਸਹਿਯੋਗ ਦੇਣ ਦਾ ਸੱਦਾ ਦਿੰਦਿਆਂ ਸ੍ਰੀ ਕੇਜਰੀਵਾਲ ਨੇ ਅਧਿਆਪਕ ਵਰਗ ਨੂੰ ਗਾਰੰਟੀ ਦਿੱਤੀ ਹੈ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਆਉਣ ਮਗਰੋਂ ਸਾਰੇ ਕੱਚੇ ਅਤੇ ਠੇਕਾ ਆਧਾਰਤ ਕੰਮ ਕਰ ਰਹੇ ਅਧਿਆਪਕਾਂ ਨੂੰ ਪੱਕਾ ਕੀਤਾ ਜਾਵੇਗਾ। ਦਿੱਲੀ ਦੇ ਸਿੱਖਿਆ ਮਾਡਲ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਉਸੇ ਤਰ੍ਹਾਂ ਸਿੱਖਿਆ ਲਈ ਬਿਹਤਰ ਮਾਹੌਲ ਸਿਰਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਦਹਾਕਿਆਂ ਤੋਂ ਕੰਮ ਕਰ ਰਹੇ ਕੱਚੇ ਤੇ ਠੇਕਾ ਆਧਾਰਤ ਕਾਲਜ ਤੇ ਸਕੂਲ ਅਧਿਆਪਕਾਂ ਨੂੰ ਪੱਕਾ ਕੀਤਾ ਜਾਵੇਗਾ। ਨਵੀਂ ਤਬਾਦਲਾ ਨੀਤੀ ਬਣਾਈ ਜਾਵੇਗੀ, ਜਿਸ ਤਹਿਤ ਅਧਿਆਪਕਾਂ ਨੂੰ ਉਨ੍ਹਾਂ ਦੇ ਘਰਾਂ ਨੇੜਲੇ ਸਕੂਲਾਂ ਵਿਚ ਤੈਨਾਤ ਕੀਤਾ ਜਾਵੇਗਾ, ਅਧਿਆਪਕਾਂ ਕੋਲੋਂ ਸਿਰਫ਼ ਅਧਿਆਪਨ ਦਾ ਕੰਮ ਹੀ ਲਿਆ ਜਾਵੇਗਾ। ਉਨ੍ਹਾਂ ਕੋਲੋਂ ਚੋਣ ਡਿਊਟੀ ਜਾਂ ਹੋਰ ਵਾਧੂ ਕੰਮ ਨਹੀਂ ਲਏ ਜਾਣਗੇ। ਸਰਕਾਰੀ ਵਿੱਦਿਅਕ ਅਦਾਰਿਆਂ 'ਚ ਖਾਲੀ ਪਈਆਂ ਅਸਾਮੀਆਂ ਭਰੀਆਂ ਜਾਣਗੀਆਂ, ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਵਿਦੇਸ਼ ਤੇ ਮੈਨੇਜਮੈਂਟ ਅਦਾਰਿਆਂ ਵਿਚ ਭੇਜਿਆ ਜਾਵੇਗਾ, ਅਧਿਆਪਕਾਂ ਦੀਆਂ ਤਰੱਕੀਆਂ ਸਮਾਂਬੱਧ ਹੋਣਗੀਆਂ ਅਤੇ ਸਾਰੇ ਅਧਿਆਪਕਾਂ ਦਾ ਕੈਸ਼ਲੈੱਸ ਸਿਹਤ ਬੀਮਾ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ, ਰਾਘਵ ਚੱਢਾ ਸਮੇਤ ਸਾਬਕਾ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ, ਵਿਧਾਇਕ ਅਮਨ ਅਰੋੜਾ ਤੇ ਹੋਰ ਪਾਰਟੀ ਆਗੂ ਹਾਜ਼ਰ ਸਨ।

**ਸਾਨੂੰ ਨਹੀਂ ਚਾਹੀਦਾ ਹੋਰਨਾਂ ਪਾਰਟੀਆਂ ਦਾ ਕੂੜਾ: ਕੇਜਰੀਵਾਲ**

ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਕਾਂਗਰਸ ਦੇ 25 ਵਿਧਾਇਕ ਅਤੇ ਤਿੰਨ ਸੰਸਦ ਮੈਂਬਰ 'ਆਪ' 'ਚ ਸ਼ਾਮਲ ਹੋਣਾ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਸੰਪਰਕ 'ਚ ਹਨ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਨੂੰ ਟਿਕਟ ਨਹੀਂ ਮਿਲਦੀ ਤਾਂ ਉਹ ਨਾਰਾਜ਼ਗੀ ਕਾਰਨ ਪਾਰਟੀ ਬਦਲ ਲੈਂਦਾ ਹੈ। ਉਹ ਅਜਿਹੀ ਗੰਦੀ ਰਾਜਨੀਤੀ ਵਿੱਚ ਵਿਸ਼ਵਾਸ ਨਹੀਂ ਰੱਖਦੇ ਤੇ ਨਾ ਹੀ ਹੋਰਨਾਂ ਪਾਰਟੀਆਂ ਦਾ ਕੂੜਾ ਇਕੱਠਾ ਕਰਨਾ ਚਾਹੁੰਦੇ ਹਨ। ਇਸ ਮੌਕੇ ਉਨ੍ਹਾਂ ਨਵਜੋਤ ਸਿੰਘ ਸਿੱਧੂ ਦੀ ਬੇਬਾਕੀ ਦੀ ਸ਼ਲਾਘਾ ਕੀਤੀ, ਜੋ ਮੁੱਖ ਮੰਤਰੀ ਦੇ ਨਾਲ ਬੈਠ ਕੇ ਕਹਿ ਰਹੇ ਹਨ ਕਿ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਹੋਏ। ਸ੍ਰੀ ਕੇਜਰੀਵਾਲ ਨੇ ਵਪਾਰੀਆਂ, ਕਾਰੋਬਾਰੀਆਂ ਅਤੇ ਸਨਅਤਕਾਰਾਂ ਲਈ ਵੀ ਸੱਤ ਗਾਰੰਟੀਆਂ ਦਾ ਐਲਾਨ ਕੀਤਾ ਹੈ ਜਿਨ੍ਹਾਂ ਵਿਚ ਇੰਸਪੈਕਟਰੀ ਰਾਜ ਖਤਮ ਕਰਨ, ਵੈਟ ਰਿਫੰਡ ਯਕੀਨੀ ਬਣਾਉਣ, ਬਿਜਲੀ ਸਪਲਾਈ ਯਕੀਨੀ ਬਣਾਉਣ, ਫੋਕਲ ਪੁਆਇੰਟਾਂ ਦਾ ਨਿਰਮਾਣ ਤੇ ਵਿਕਾਸ ਕਰਨਾ, ਕਾਰੋਬਾਰੀਆਂ ਤੇ ਵਪਾਰੀਆਂ ਦੀ ਸ਼ਮੂਲੀਅਤ ਵਾਲਾ ਕਮਿਸ਼ਨ ਬਣਾਉਣਾ ਆਦਿ ਸਾਮਲ ਹਨ।

# ਸੰਵਿਧਾਨ ਦਿਵਸ 26 ਨਵੰਬਰ 1949



ਹਰਦੀਪ ਸਿੰਘ ਚੁੰਬਰ
+91-94636-01616

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ 26ਨਵੰਬਰ 1949 ਨੂੰ ਭਾਰਤ ਦੀ ਸੰਵਿਧਾਨ ਸਭਾ72 ਸਾਲ ਪਹਿਲਾਂ ਹੋਈ ਸੀ।ਭਾਰਤ ਦਾ ਸੰਵਿਧਾਨ ਦੁਨੀਆ ਦੇ ਕਿਸੇ ਵੀ ਪ੍ਰਭੂਸੱਤਾ ਸੰਪੰਨ ਦੇਸ਼ ਦਾ ਸਭ ਤੋਂ ਲੰਬਾ ਲਿਖਤੀ ਸੰਵਿਧਾਨ ਹੈ, ਜਿਸ ਵਿੱਚ 22 ਭਾਗਾਂ ਵਿੱਚ 444 ਅਨੁਛੇਦ, 12 ਅਨੁਸੂਚੀਆਂ ਹਨ। ਇਹ 2 ਸਾਲ 11 ਮਹੀਨੇ 18 ਵਿੱਚ ਸੰਵਿਧਾਨ ਬਣਕੇ ਤਿਆਰ ਹੋ ਚੁੱਕਾ ਸੀ। ਪਾਕਿਸਤਾਨ ਦਾ ਸੰਵਿਧਾਨ ਬਣਨ ਨੂੰ 25 ਸਾਲ ਦਾ ਸਮਾਂ ਲਗਿਆ ਇਹ 1972 ਵਿਚ ਬਣਕੇ ਤਿਆਰ ਹੋਇਆ ਸੀ ਜਦੋਂ ਕਿ ਦੋਨੋਂ ਮੁਲਕ ਤਕਰੀਬਨ ਇਕੋ ਦਿਨ ਅਜਾਦ ਹੋਏ ਸਨ।ਸੰਵਿਧਾਨ ਦੀਆਂ ਅਸਲ ਹੱਥ ਲਿਖਤ ਕਾਪੀਆਂ ਨੂੰ ਪਾਰਲੀਮੈਂਟ ਹਾਊਸ ਦੀ ਲਾਇਬ੍ਰੇਰੀ ਵਿੱਚ ਹੀਲੀਅਮ ਨਾਲ ਭਰੇ ਕੇਸਾਂ ਵਿੱਚ ਰੱਖਿਆ ਜਾਂਦਾ ਹੈ। ਸਵਿਧਾਨ ਸਭਾ ਦੀ ਆਖਰੀ ਮੀਟਿੰਗ ਦੌਰਾਨ ਬਾਬਾ ਬਾਬਾ ਸਾਹਿਬ ਨੇ ਜੋ ਭਾਸ਼ਨ ਦਿਤਾ ਉਸ ਵਿੱਚ ਉਹਨਾ ਦੇ ਤਜ਼ਰਬੇ ਅਤੇ ਭਾਰਤ ਦੇ ਭਵਿੱਖ ਦੀ ਚਿੰਤਾ ਵੀ ਸੀ।

ਇਸ ਸਭਾ ਵਿੱਚ ਕਈ ਬੁਲਾਰੇ ਬੋਲੇਮਿਸਟਰ ਤਾਜਮਲ ਹੁਸੈਨ ਸਭਾ ਵਿਚ ਕਿਹਾ, "ਕੁਝ ਲੋਕਾਂ ਦੁਆਰਾ ਦੋਸ਼ ਲਗਾਇਆ ਜਾ ਰਿਹਾ ਹੈ ਸੰਵਿਧਾਨ ਬਵਾਉਣ ਵਿਚ ਜਿਆਦਾ ਵਕਤ ਲਗਾ,ਮੈ ਉਹਨਾਂ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਦੋ ਮੁਲਕ ਤਕਰੀਬਨ ਇਕੋ ਦਿਨ ਅਜਾਦ ਹੋਏ ਪਰ ਦੂਜਾ ਮੁਲਕ ਹਾਲੇ ਤਕ ਸੰਵਿਧਾਨ ਬਨਾਉਣ ਦੇ ਪਹਿਲੇ ਕਰਮ ਤੋਂ ਅਗੇ ਨਹੀ ਵਧ ਪਾਇਆ"।29 ਅਗਸਤ 1947 ਨੂੰ, ਡਰਾਫਟ ਕਮੇਟੀ ਦੀ ਨਿਯੁਕਤੀ ਕੀਤੀ ਗਈ, ਜਿਸਦੇ ਨਾਲ ਡਾ। ਬੀ।ਆਰ ਅੰਬੇਦਕਰ ਨੂੰ ਚੇਅਰਮੈਨ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਅਤੇ ਛੇ ਹੋਰ

ਨਿਗਰਾਨੀ ਕਰਨ ਲਈ।

ਹੋਰ ਸੰਵਿਧਾਨ ਵਿਚੋਂ- ਐਮਰਜੈਂਸੀ ਪ੍ਰੋਵਿਜ਼ਨ ਯੂ / ਇੱਕ 356, ਵਾਈਮਰ ਸੰਵਿਧਾਨ (ਜਰਮਨੀ), ਸੰਵਿਧਾਨ ਦੀ ਸੋਧ, ਦੱਖਣੀ ਅਫ਼ਰੀਕਾ, ਕਾਨੂੰਨ ਪ੍ਰਕਿਰਿਆਦੇ ਕਾਰਨ ਜਾਪਾਨ ਦੇ ਸੰਵਿਧਾਨ ਵਿੱਚੋਂ।

ਭਾਰਤੀ ਸੰਵਿਧਾਨ ਦੁਨੀਆ ਦਾ ਸਭ ਤੋਂ ਲੰਬਾ ਹੈ। ਇਸਦੇ ਅਰੰਭ ਵਿੱਚ, 22 ਭਾਗਾਂ ਅਤੇ 8 ਅਨੁਸੂਚੀ ਵਿੱਚ ਇਸ ਵਿੱਚ 395 ਲੇਖ ਸਨ। ਇਹ ਲਗਭਗ 145,000 ਸ਼ਬਦਾਂ ਦੀ ਬਣਿਆ ਹੋਇਆ ਹੈ, ਜਿਸ ਨਾਲ ਇਹ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਸਰਗਰਮ ਸੰਵਿਧਾਨ ਬਣਿਆ ਹੈ।ਭਾਰਤ ਦਾ ਸੰਵਿਧਾਨ ਬਣਨ ਨੂੰ ਬਹੁਤ ਹੀ ਘੱਟ ਸਮਾਂ ਲਗਿਆ ।ਸਭਾ ਦੇ ਇਕ ਮੈਂਬਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ-

" ਸ੍ਰੀ ਮਾਨ ਰਾਸਟਰਪਤੀ ਜੀ ਮੈ ਉਹਨਾਂ ਹਾਜਰ ਉਹਨਾਂ ਲੋਕਾਂ ਵਿਚੋਂ ਇਕ ਹਾਂ ਜਿਹੜੇ ਜਾਣਦੇ ਹਨ ਕਿ ਡਾ। ਅੰਬਾਡਕਰ ਨੇ ਕਿੰਨੀ ਮਿਹਨਤ ਅਤੇ ਲਗਨ ਖਰਚ ਕੀਤੀ ਹੈ । ਸਾਇਦ ਸਦਨ ਨੂੰ ਪਤਾ ਹੋਵੇ ਕਿ ਉਸ ਦੁਆਰਾ ਨਿਯੁਕਤ ਕੀਤੇ ਇਕ ਮੈਂਬਰ ਨੇ ਅਸਤੀਫਾ ਦੇ ਦਿਤਾ, ਉਸ ਦੀ ਥਾਂ ਕਿਸੇ ਹੋਰ ਨੂੰ ਨਹੀਂ ਲਿਆ ਗਿਆ। ਇਕ ਮੈਂਬਰ ਅਮਰੀਕਾ ਵਿਚ ਸਨ, ਉਹਨਾਂ ਦਾ ਥਾਂ ਵੀ ਖਾਲੀ ਰਹੀ । ਇਕ ਹੋਰਮੈਂਬਰ ਆਪਣੇ ਹੋਰ ਕੰਮ ਵਿਚ ਰਾਜ ਦੇ ਕੰਮਾਂ ਵਿਚ ਵਿਅਸਤ ਰਹੇ, ਇਸ ਲਈ ਉਹਨਾਂ ਦੀ ਥਾਂ ਵੀ ਖਾਲੀ ਰਹੀ । ਬਾਕੀ ਇਕ ਜਾਂ ਦੋ ਮੈਂਬਰ ਦਿੱਲੀ ਤੋਂ ਬਾਹਰ ਸਨ ਸਾਇਦ ਸਿਹਤ ਦਾ ਵਜਾਹ ਕਾਰਨ ਸਾਮਿਲ ਨਹੀਂ ਹੋ ਸਕੇ । ਇਸ ਲਈ ਆਖਰ ਵਿਚ ਇਹ ਹੋਇਆ ਕਿਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਸਾਰਾ ਭਾਰ ਡਾ ਅੰਬੇਡਕਰ ਉਪਰ

ਉਹਨਾਂ ਸੰਸਾਰ ਦੇ ਦੂਜੇ ਦੇਸ਼ਾ ਨੂੰ ਬਰਾਬਰੀ ਦੇ ਅਧਾਰ ਉਤੇ ਰਿਸ਼ਤੇ ਬਣਾਕੇ ਰਖਣਾਂ ਅਤੇ ਹਰ ਅੰਦਰਲੇ ਅਤੇ ਬਾਹਰਲੇ ਖਤਰਿਆਂ ਨਾਲਨਜਿਠਣ ਲਈ ਬਾਖੂਬੀ ਮਸੌਦਾ ਤਿਆਰ ਕੀਤਾ। ਉਹਨਾਂ ਦਾ ਇਕ ਇਕ ਸ਼ਬਦ ਜੋ ਉਹਨਾਂ 25 ਨਵੰਬਰ 1949 ਨੂੰ ਸੰਵਿਧਾਨ ਸਭਾ ਦੀ ਆਖਰੀ ਸਭਾ ਵਿਚ ਭਾਸ਼ਨ ਦੌਰਾਨ ਕਿਹਾ, ਉਹ ਪੂਰੇ ਦਾ ਪੂਰਾ ਉਸੇ ਭਾਵ ਨਾਲ ਪੰਜਾਬੀ ਦੇ ਸ਼ਬਦਾਂ ਵਿਚ ਲਿਆਉਣਾ ਬਹੁਤ ਹੀ ਕਠਨ ਕੰਮ ਹੈ, ਮੈਂ ਕਿੰਨਾਂ ਇਨਸਾਫ਼ ਕਰ ਸਕਿਆ ਹਾਂ, ਨਹੀਂ ਜਾਣਦਾ।ਮੇਰੀ ਕੋਸ਼ਿਸ ਰਹੀ ਹੈ ਕਿ ਮੈਂ ਉਹਨਾਂ ਦੇ ਕਹੇ ਸ਼ਬਦਾਂ ਨੂੰ ਉਸੇ ਹੀ ਭਾਵ ਨਾਲ ਪਾਠਕ ਦੇ ਮੰਨਾਂ ਤਕ ਪੁਚਾ ਸਕਾਂ ਜੋ ਉਹਨਾਂ ਕਿਹਾ ਸੀ।ਸੰਵਿਧਾਨ ਬਣਾਉਂਦੇ ਸਮੇਂ ਦੌਰਾਨ ਅਤੇ ਮਿਹਨਤ ਕਰਨ ਸਮੇ ਜਾਂ ਬਾਅਦ ਵਿਚ ਜੋ ਵਿਚਾਰ ਉਹਨਾਂ ਦੇ ਦਿਲੋ ਦਿਮਾਗ ਵਿਚ ਆਏ ਉਸ ਦਾ ਨਚੋੜ ਉਸ ਭਾਸ਼ਨ ਵਿਚ ਸੀ।

25 ਨਵੰਬਰ 1949 ਭਾਰਤ ਦਾ ਸੰਵਿਧਾਨ ਬਣ ਕੇ ਤਿਆਰ ਹੋ ਚੁੱਕਾ ਸੀ।ਸੰਵਿਧਾਨ ਸਭਾ ਦੀ ਆਪਣੀ ਕਾਰਵਾਈ ਪੂਰੀ ਹੋ ਚੁੱਕੀ ਸੀ।ਸੰਵਿਧਾਨ ਕਿਹੋ ਜਿਹਾ ਹੋਵੇਗਾ, ਦੇਸ਼ ਕਿਸ ਤਰਾਂ ਚਲੇਗਾ, ਸਰਕਾਰ ਕਿਵੇਂ ਚਲੇਗੀ, ਲੋਕਤੰਤਰ ਕਿਦਾਂ ਦਾ ਹੋਵੇਗਾ ਅਤੇ ਕਿਦਾਂ ਚਲੇਗਾ, ਸ਼ਾਸਨ ਅਤੇ ਪ੍ਰਸ਼ਾਸਨ ਵਿਵਸਥਾ ਕਿਸ ਤਰਾਂ ਦੀ ਹੋਵੇਗੀ, ਲੋਕਾਂ ਨੂੰ ਕਿਹੜੇ ਕਿਹੜੇ ਅਧਿਕਾਰ ਮਿਲਣਗੇ ਇਸ ਤਰਾਂ ਦੇ ਬਹੁਤ ਸਾਰੇ ਲੋਕਾਂ ਦੇ ਮਨਾਂ ਵਿਤ ਵਿਚਾਰ ਸਨ।ਬਹੁਤ ਸਾਰੀਆਂ ਸੰਵਿਧਾਨ ਸਭਾਵਾਂ ਹੋਈਆਂ ਉਹਨਾਂ ਵਿਚ ਹਜਾਰਾਂ ਹੀ ਵਿਸ਼ਿਆਂ ਉਤੇ ਬਹਿਸ ਹੋਈ। ਹਜਾਰਾਂ ਹੀ ਸੰਸੋਧਨ ਆਏ, ਕੁੱਝ ਮੰਨੇ ਗਏ, ਕੁੱਝ ਨਹੀਂ ਮੰਨੇ ਗਏ। ਉਸੇ ਦਿਨ 25 ਨਵੰਬਰ 1949 ਨੂੰ ਬਾਬਾ ਸਾਹਿਬ ਨੇ ਸ਼ੰਸਦ

ਸੰਵਿਧਾਨ ਦੁਆਰਾ ਉਸ ਹਿੱਸੇ ਦਾ ਹਵਾਲਾ ਨਹੀਂ ਦਿੱਤਾ ਜਾ ਸਕਦਾ ਹੈ ਜਿਸ ਨਾਲ ਲੋਕ ਅਤੇ ਉਨ੍ਹਾਂ ਦੀਆਂ ਪਾਰਟੀਆਂ ਖੇਡਣ ਦੀ ਸੰਭਾਵਨਾ ਹੈ।"

"ਮੇਰੇ ਵਿਚਾਰ ਵਿਚ ਸਾਡੇ ਦੇਸ਼ ਦੇ ਭਵਿੱਖ ਐਨਾਂ ਭਰਭੂਰ ਹੈ, ਮੈਨੂੰ ਲਗਦਾ ਹੈ ਕਿ ਮੇਰੇ ਇਸ ਦੇ ਪ੍ਰਭਾਵ ਬਾਰੇ ਜੋ ਮੇਰੇ ਵਿਚਾਰ ਹਨ ਉਹਨਾਂ ਦਾ ਪ੍ਰਗਟਾਵਾ ਕਰਨਾਂ ਚਾਹੀਦਾ ਹੈ। 26 ਜਨਵਰੀ 1950 ਨੂੰ ਭਾਰਤ ਇਕ ਸੁਤੰਤਰ ਦੇਸ਼ ਹੋਵੇਗਾ।ਉਸਦੀ ਆਜ਼ਾਦੀ ਦਾ ਕੀ ਹੋਵੇਗਾ? ਕੀ ਉਹ ਆਪਣੀ ਆਜ਼ਾਦੀ ਨੂੰ ਕਾਇਮ ਰੱਖ ਪਾਏਗਾ ਜਾਂ ਫਿਰ ਇਸ ਨੂੰ ਦੁਬਾਰਾ ਗੁਆ ਲਵੇਗਾ?ਇਹ ਪਹਿਲਾ ਵਿਚਾਰ ਹੈ ਜੋ ਮੇਰੇ ਮਨ ਵਿਚ ਆਉਂਦਾ ਹੈ। ਇਹ ਨਹੀਂ ਕਿ ਭਾਰਤ ਕਦੇ ਇਕ ਸੁਤੰਤਰ ਦੇਸ਼ ਨਹੀਂ ਸੀ।ਨੁਕਤਾ ਇਹ ਹੈ ਕਿ ਉਹ ਇਕ ਵਾਰ ਆਜ਼ਾਦੀ ਗੁਆ ਬੈਠਾ ਹੈ। ਕੀ ਉਹ ਦੂਜੀ ਵਾਰ ਫਿਰ ਗੁਆ ਦੇਵੇਗਾ? ਇਹ ਅਜਿਹਾ ਵਿਚਾਰ ਹੈ ਜਿਸ ਨਾਲ ਮੈਨੂੰ ਭਵਿੱਖ ਸਬੰਧੀ ਬਹੁਤ ਚਿੰਤਾ ਹੁੰਦੀ ਹੈ।ਮੈਨੂੰ ਇਸ ਗੱਲ ਦੀ ਬਹੁਤ ਪਰੇਸ਼ਾਨੀ ਹੈ, ਕਿ ਇਹ ਅਸਲ ਵਿਚ ਭਾਰਤ ਪਹਿਲਾਂ ਵੀ ਆਪਣੀ ਆਜ਼ਾਦੀ ਖੋਹ ਚੁੱਕਾ ਹੈ।

ਇਹ ਉਸ ਨੇ ਆਪਣੇ ਕੁਝ ਲੋਕਾਂ ਦੀ ਬੇਵਫ਼ਾਈ ਅਤੇ ਵਿਸ਼ਵਾਸਘਾਤ ਕਰਕੇ ਇਸ ਨੂੰ ਗੁਆ ਦਿੱਤੀ ਸੀ। ਜਦੋ







ਡਾ. ਬਾਬਾ ਸਾਹਿਬ ਅੰਬੇਦਕਰ ਦੇ ਚੇਅਰਮੈਨ. ਭਾਰਤੀ ਸੰਵਿਧਾਨ ਦੀ ਡਰਾਫਟ ਕਮੇਟੀ, ਦੂਜੇ ਮੈਂਬਰਾਂ ਦੇ ਨਾਲ 29 ਅਗਸਤ, 1947 ਨੂੰ



ਡਰਾਫਟ ਕਮੇਟੀ ਦੇ ਚੇਅਰਮੈਨ ਬਾਬਾ ਸਾਹਿਬ ਡਾ.ਅੰਬੇਦਕਰ ਨੇ 25 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਦੀ ਅੰਤਿਮ ਡਰਾਫਟ ਰਾਸਟਰਪਤੀ ਡਾ. ਰਾਜੇਂਦਰ ਪ੍ਰਸਾਦ ਨੂੰ ਪੇਸ਼ ਕੀਤਾ.

ਮੈਂਬਰਾਂ ਨੇ ਸੰਵਿਧਾਨਿਕ ਸਲਾਹਕਾਰ ਦੀ ਮਦਦ ਕੀਤੀ। ਇਹ ਮੈਂਬਰ ਪੰਡਤ ਗੋਵਿੰਦ ਬੁਲਭ ਪੰਤ, ਕਾਨਈਆ ਲਾਲ ਮਾਨਕਲੱਾਲ ਮੁਨਸ਼ੀ (ਕੇ।ਐਮ ਮੁਨਸ਼ੀ, ਸਾਬਕਾ ਗ੍ਰਹਿ ਮੰਤਰੀ, ਬੰਬਈ), ਅੱਲਾਡੀ ਕ੍ਰਿਸ਼ਨਾਸਵਾਮੀ ਅਇਅਰ (ਸਾਬਕਾ ਐਡਵੋਕੇਟ ਜਨਰਲ ਮਦਰਾਸ ਸਟੇਟ), ਐਨ ਗੋਪਾਲਸਵਾਮੀ ਅਨੈਂਗਰ (ਸਾਬਕਾ ਪ੍ਰਧਾਨ ਮੰਤਰੀ, ਜੰਮੂ ਅਤੇ ਕਸ਼ਮੀਰ ਅਤੇ ਬਾਅਦ ਦੇ ਮੈਂਬਰ, ਨਹਿਰੂ ਕੈਬਨਿਟ), ਬੀ।ਐਲ। ਮਿਤਰ (ਸਾਬਕਾ ਐਡਵੋਕੇਟ ਜਨਰਲ, ਇੰਡੀਆ), ਮੁਹੰਮਦ ਸਾਦੁੱਲਾ (ਅਸਾਮ ਦੇ ਸਾਬਕਾ ਮੁੱਖ ਮੰਤਰੀ, ਮੁਸਲਿਮ ਲੀਗ ਮੈਂਬਰ) ਅਤੇ ਡੀ।ਪੀ। ਖੈਤੇਨ (ਖੇਤਾਨ ਵਪਾਰਕ ਪਰਿਵਾਰ ਦੇ ਮੁਖੀ ਅਤੇ ਇੱਕ ਮਸ਼ਹੂਰ ਵਕੀਲ) ਸਨ।

ਭਾਰਤ ਦਾ ਸੰਵਿਧਾਨ ਤਿਆਰ ਕਰਨ ਵਈ ਹੋਰ ਦੇਸ਼ਾ ਦੇ ਸੰਵਿਧਾਨਾਂ ਤੋਂ ਅੱਛੀਆਂ ਸੋਧਾਂ।

ਬ੍ਰਿਟਿਸ਼ ਸੰਵਿਧਾਨ ਵਿਚੋਂ- ਸਰਕਾਰ ਦਾ ਸੰਸਦੀ ਢਾਂਚਾ, ਸਿੰਗਲ ਸਿਟੀਜ਼ਨਸ਼ਿਪ ਦਾ ਵਿਚਾਰ, ਕਾਨੂੰਨ ਦੇ ਨਿਯਮ ਦਾ ਵਿਚਾਰ, ਸਪੀਕਰ ਦੀ ਸੰਸਥਾ ਅਤੇ ਉਸਦੀ ਭੂਮਿਕਾ, ਕਾਨੂੰਨ ਬਣਾਉਣ ਦੀ ਵਿਧੀ, ਕਾਨੂੰਨ ਦੁਆਰਾ ਸਥਾਪਤ ਪ੍ਰਕਿਰਿਆ, ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿਚੋਂ- ਸੰਯੁਕਤ ਰਾਜ ਬਿੱਲ ਦੇ ਅਧਿਕਾਰ, ਸਰਕਾਰ ਦੀ ਸੰਘੀ ਢਾਂਚਾ, ਇਲੈਕਟੋਰਲ ਕਾਲਜ, ਸਰਕਾਰ ਦੀ ਤਿੰਨ ਬ੍ਰਾਂਚਾਂ ਵਿਚ ਨਿਆਂ-ਪਾਲਿਕਾ ਦੀ ਆਜ਼ਾਦੀ ਅਤੇ ਸ਼ਕਤੀਆਂ ਨੂੰ ਵੱਖ ਕਰਨਾ, ਜੁਡੀਸ਼ੀਅਲ ਰਿਵਿਊ, ਰਾਸ਼ਟਰਪਤੀ ਦੇ ਸੁਪਰੀਮ ਕਮਾਂਡਰ ਵਜੋਂ, ਸੁਰਖਿਆ ਬਲ, ਕਾਨੂੰਨ ਦੇ ਅਧੀਨ ਬਰਾਬਰ ਸੁਰੱਖਿਆ।

**ਆਇਰਿਸ਼ ਸੰਵਿਧਾਨ ਵਿਚੋਂ- ਰਾਜ ਨੀਤੀ ਦੇ ਨਿਰਦੇਸ਼ਕ ਅਸੂਲ**

ਆਸਟਰੇਲਿਆਈ ਸੰਵਿਧਾਨ ਵਿਚੋਂ- ਦੇਸ਼ ਦੇ ਅੰਦਰ ਕਾਰੋਬਾਰ ਅਤੇ ਵਪਾਰ ਦੀ ਆਜ਼ਾਦੀ, ਦੇਸ਼ ਅਤੇ ਸੂਬਿਆਂ ਵਿਚਕਾਰ, ਕੌਮੀ ਵਿਧਾਨ ਸਭਾ ਦੀ ਸ਼ਕਤੀ ਬਣਾਉਣ ਲਈ, ਸੰਧੀਆਂ ਨੂੰ ਲਾਗੂ ਕਰਨ ਲਈ ਕਾਨੂੰਨ, ਇੱਥੋਂ ਤਕ ਕਿਆਮ ਸੰਘੀ ਅਧਿਕਾਰ ਖੇਤਰ ਤੋਂ ਬਾਹਰ ਮਾਮਲਾ, ਸਮਕਾਲੀ ਸੂਚੀ, ਪ੍ਰਸਤਾਵਨਾ ਲਈ ਪਰਿਭਾਸ਼ਾ।

ਫਰਾਂਸੀਸੀ ਸੰਵਿਧਾਨ ਵਿਚੋਂ- ਲਿਬਰਟੀ ਦੇ ਆਦਰਸ਼, ਇਕਸਾਰਤਾ ਅਤੇ ਭਰੱਪਣ

ਕੈਨੇਡੀਅਨ ਸੰਵਿਧਾਨ ਵਿਚੋਂ- ਸਰਕਾਰ ਦਾ ਇੱਕ ਅਰਧ-ਸੰਘੀ ਰੂਪ, ਇੱਕ ਮਜ਼ਬੂਤ ਕੇਂਦਰੀ ਸਰਕਾਰ ਨਾਲ ਫੈਡਰਲਸਿਸਟਮ, ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਿਚਕਾਰ ਸ਼ਕਤੀਆਂ ਦੀ ਵੰਡ, ਕੇਂਦਰ ਸਰਕਾਰ ਦੁਆਰਾ ਬਣਾਈ ਗਈ ਬਾਕੀ ਸ਼ਕਤੀਆਂ।

ਸੋਵੀਅਤ ਯੂਨੀਅਨ ਦਾ ਸੰਵਿਧਾਨ ਵਿਚੋਂ- ਮੁਢਲੇ ਫਰਜ਼ / 51-ਏ।, ਇੱਕ ਸੰਵਿਧਾਨਿਕ ਤੌਰ 'ਤੇ ਜ਼ਰੂਰੀ ਯੋਜਨਾਬੰਦੀ ਕਮਿਸ਼ਨ। ਅਰਥ ਵਿਵਸਥਾ ਦੇ ਵਿਕਾਸ ਦੀ

ਆ ਪਿਆ। ਇਸ ਵਿਚ ਕੋਈ ਸ਼ਕ ਨਹੀ ਕਿ ਅਸੀਂ ਸਾਰੇ ਉਹਨਾਂ ਦੇ ਅਹਿਸਾਨ ਵੰਦਹਾਂ, ਉਹਨਾਂ ਇਹ ਕੰਮ ਬਾਖੂਬੀ ਨਿਭਾਇਆ। ਭਾਰਤੀ ਸੰਵਿਧਾ ਨਬਨਾਉਣ ਨੂੰ 2 ਸਾਲ 11 ਮਹੀਨੇ 18 ਦਿਨ ਵਿਚ ਬਣ ਕੇ ਤਿਆਰ ਹੋਇਆ। ਇਸ ਦੀ ਪਹਿਲੀ ਮੀਟਿੰਗ ਆਜਾਦੀ ਤੋਂ ਪਹਿਲਾਂ 19 ਦਸੰਬਰ 1946 ਨੂੰ ਹੋਈ ਸੀ ਇਸ ਸਮੇ ਦੌਰਾਨ ਰਲ-ਮਿਲਾਕੇ ਸੰਵਿਧਾਨ ਸਭਾ ਦੀਆਂ ਤਕਰੀਬਨ 11 ਸਭਾਵਾਂ ਹੋਈਆਂ। ਬਾਬਾ ਸਾਹਿਬ ਭਾਸ਼ਨ ਵਿਚ ਕਹਿੰਦੇ ਹਨ ਕਿ, "ਡਰਾਫਟਿੰਗ ਕਮੇਟੀ ਦੀ ਗਲ ਕਰਦੇ ਹਾਂ ਇਸ ਨੂੰ ਸੰਵਿਧਾਨ ਸਭਾ ਨੇ ਆਜਾਦੀ ਦੋ 14 ਦਿਨ ਬਾਅਦ 29 ਅਗਸਤ 1947 ਨੂੰ ਚੁਣਿਆ ਸੀ । 30 ਅਗਸਤ ਤੋਂ ਇਸ ਕੋਲ 140 ਦਿਨ ਹੀ ਸਨ ਜਿਸ ਵਿਚ ਸੰਵਿਧਾਨ ਦੇ ਖਰੜਾ ਤਿਆਰ ਕਰਨਾ ਸੀ ।ਇਹ 11 ਸਭਾਵਾਂ ਨੇਇਹਨਾਂਸੰਵਿਧਾਨ ਸਭਾਵਾਂ ਨੇ ਵੀ 165 ਦਿਨ ਲੈ ਲਏ । ਇਸ ਤੋਂ ਪਿੱਛੋਂ ਸਪਿਧਾਨ ਸਭਾ ਕੋਲ 114 ਦਿਨ ਬਚੇ ਜਿਨ੍ਹਾਂ ਵਿਚ ਸੰਵਿਧਾਨ ਸਭਾ ਨੇ ਸੰਵਿਧਾਨ ਦੇ ਖਰੜੇ ਨੂੰ ਮਾਨਿਅਤਾ ਦੇਣੀ ਸੀ। ਮਿਸਟਰ ਨਜੀਰੂ ਦੀਨ ਅਹਿਮਦ ਨੇ ਇਸ ਡਰਾਫਟਿੰਗ ਕਮੇਟੀ ਨੂੰ ਡਰਿਫਟਿੰਗ ਕਮੇਟੀ ਕਿਹਾ ਸੀ ਅਤੇ ਨਵਾਂ ਨਾ ਦਿਤਾ। ਮਿਸਟਰ ਨਜੀਰੂ ਦੀਨ ਨੂੰ ਇਹ ਹਮਲਾ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਚਾਹੀਦਾ ਸੀ ਕਿ ਅਸਲ ਵਿਚ ਉਹ ਨਹੀਂ ਜਾਣਦੇ ਕਿ ਡਰਾਫਟਿੰਗ ਕਮੇਟੀ ਅਤੇ ਡਰਇਟਿੰਗ ਕਮੇਟੀ ਵਿਚ ਫਰਕ ਹਿੰਦਾ ਹੈ, ਜੇ ਕਰ ਡਰਾਫਟ ਕਮੇਟੀ ਡਰਿਫਟ ਕਰ ਰਹੀ ਸੀ ਤਾਂ ਇਹ ਡਰਾਫਟ ਕਮੇਟੀ ਦੀ ਮਾਸਟਰੀ ਤੋਂ ਬਗੈਰ ਡਰਿਫਟ ਨਹੀਂ ਹੋ ਸਕਦੀ।

ਇਹ ਕਿਸੇ ਅਚਾਨਕ ਗਲਤੀ ਨਾਲ ਮੱਛੀ ਹੱਥ ਵਿਚ ਆਉਣ ਵਾਲਾ ਕੰਮ ਨਹੀ ਬਲਕਿ ਬਗੈਰ ਪਾਣੀ ਮੱਛੀਆਂ ਲਭਣ ਵਰਗਾ ਕੰਮ ਸੀ ।ਮੈਨੂੰ ਖੁਸ਼ੀ ਹੈ ਕਿ ਬਹੁਤ ਦੀ ਮਿਹਨਤੀ ਮੈਂਬਰਾਂ ਦੀ ਸਹਾਇਤਾ ਨਾਲ ਇਸ ਨੂੰ ਪਾ ਲਿਆ ਹੈ ।ਸੰਵਿਧਾਨ ਸਭਾ ਦੇ ਮੈਂਬਰਾਂ ਦੇ ਕੀਤੇ ਕੰਮਾਂ ਦਾ ਸਨਮਾਨ ਹੋਣਾ ਚਾਹੀਦਾ ਹੈ।ਮੇਰੇ ਕੋਲ ਉਹ ਸ਼ਬਦ ਨਹੀਂ ਹਨ ਜਿਨ੍ਹਾਂ ਨਾਲ ਮੈ ਉਹਨਾਂ ਦਾ ਧਨਵਾਦ ਕਰ ਸਕਾਂ।ਮੈਂ ਸੰਵਿਧਾਨ ਸਭਾ ਵਿਚ ਅਨੁਸੂਚਿਤ ਜਾਤੀਆਂਦੀ ਦਿਲਚਸਪੀ ਕਾਰਨ ਅਤੇ ਬਹੁਤੇ ਉਤਸਾਹ ਨਾਲ ਨਹੀਂ ਆਇਆ, ਪਰ ਮੇਰੀ ਲਈ ਹੋਰ ਵੀ ਅਧਿਕ, ਬਾਹਰੀ ਤੋਰ ਤੇਆਏ ਵਿਚਾਰ ਅਤੇ ਬਹੁਤ ਜਿਮੇਵਾਰੀਆਂ ਸਨ ਜਿਨ੍ਹਾਂ ਉਤੇ ਕੰਮ ਕਰਨੇ ਸਨ।ਇਹ ਜਿਹੜਾ ਮਾਣ ਮੈਨੂੰ ਦਿਤਾ ਜਾ ਰਿਹਾ ਹੈ ਇਹ ਸਾਰਾ ਮੈਨੂੰ ਨਹੀਂ ਜਾਂਦਾ ਇਸ ਦਾ ਕੁੱਝ ਹਿਸਾ ਸੰਵਿਧਾਨ ਸਭਾ ਦੇ ਸਵਿਧਾਨਿਕ ਸਲਾਹਕਾਰ ਸਰ ਬੈਨੇਗਲ ਨਰ ਸਿੰਘ ਰਾਓ ਨੂੰ ਜਾਂਦਾ ਜਿਸ ਨੇ ਸੰਵਿਧਾਨ ਦਾ ਕੱਚਾ ਖਰੜਾ ਤਿਆਰ ਕੀਤਾ। ਇਸ ਦਾ ਵੱਡਾ ਹਿੱਸਾ ਜਰੂਰ ਹੀ ਸੰਵਿਧਾਨ ਸਭਾ ਦੇ ਪ੍ਰਮੁਖ ਡਰਾਫਟਸ ਮੈਨ ਐਸ ਐਨ ਮੁਖਰਜੀ ਨੂੰ ਜਾਂਦਾ ਹੈ।"

ਉਹਨਾਂ ਬਹੁਤਹੀ ਮਿਹਨਤ ਨਾਲ ਭਾਰਤ ਦੇ ਸਾਰੇ ਧਰਮਾਂ ਨੂੰ ਬਰਾਬਰਤਾ, ਸਾਰੀਆਂ ਜਾਤੀਆਂ ਲਈ ਸਨਮਾਨ, ਸੰਪ੍ਰਦਾਵਾਂ ਅਤੇ ਸਮੁੱਚੇ ਭਾਰਤੀ ਸਮਾਜ ਨੂੰ ਜੋੜਦੇ ਸਭ ਦੇ ਖਿਆਲ ਰਖਿਆ।

ਸਦਨ ਵਿਚ ਇਤਿਹਾਸਕ ਭਾਸਨ ਦਿਤਾ । ਡਾ ਅੰਬੇਡਕਰ ਸੰਵਿਧਾਨ ਬਨਾਉਣ ਵਾਲੀ ਸਭਾ ਦੇ ਅਧਿਅਕਸ਼/ਚੇਅਰਮੈਨ ਸਨ।

"ਰਾਸ਼ਟਰਪਤੀ ਮਹੋਦਿਆ, ਮੈਂ ਡਰਾਫਟਿੰਗ ਕਮੇਟੀ ਦੁਆਰਾ ਤਿਆਰ ਕੀਤੇ ਗਏਸੰਵਿਧਾਨਨੂੰ ਪੇਸ਼ ਕਰਦਾ ਹਾਂ, ਬੇਨਤੀ ਹੈ ਕਿ ਇਸ ਉਪਰ ਵਿਚਾਰ ਕੀਤਾ ਜਾਵੇ।ਸੰਵਿਧਾਨ ਦਾ ਕੰਮ ਪੂਰੀ ਤਰ੍ਹਾਂ ਸੰਵਿਧਾਨ ਦੀ ਸੁਭਾਵਿਕ ਬਣਤਰ'ਤੇ ਨਿਰਭਰ ਨਹੀਂ ਕਰਦਾ। ਸੰਵਿਧਾਨ ਸਿਰਫ਼ ਰਾਜ ਦੇ ਅੰਗਾਂ ਜਿਵੇਂ ਕਿ ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਨੂੰ ਮੁਹੱਈਆ ਕਰਵਾ ਸਕਦਾ ਹੈ।"

ਬਾਬਾ ਸਾਹਿਬ ਨੇ ਸੁਚੇਤ ਕਰਦੇ ਕਿਹਾ ਸੀ ਸੰਵਿਧਾਨ ਨੂੰ ਫੇਲ ਜਾਂ ਪਾਸ ਕਰਨਾਂ ਉਸ ਉਤੇ ਕੰਮ ਕਰਨ ਵਾਲੀਆਂ ਰਾਜਨੀਤਿਕ ਪਾਰਟੀਆਂ ਦੀ ਕਾਰਜ ਸ਼ੈਲੀ ਦੀ ਜਿਮੇਵਾਰੀ ਹੋਵੇਗੀ। ਸੰਵਿਧਾਨ ਇਸਤੇਮਾਲ ਅਤੇ ਤਲਵਾਰ ਦਾ ਇਸਤੇਮਾਲ ਕਰਨਾ ਵਰਤੋਂ ਕਰਨ ਵਾਲੇ ਦੀ ਚੰਗੀ ਜਾਂ ਮਾੜੀ ਸੋਚ ਉਤੇ ਨਿਰਭਰ ਹੁੰਦਾ ਹੈ। ਤਲਵਾਰ ਦਾ ਕਿਸੇ ਜਾਲਮ ਦੇ ਹੱਥੋ ਵਰਤਣਾ ਜੁਲਮ ਵਿਚ ਵਾਧਾ ਕਰਦਾ ਹੈ, ਅਤੇ ਉਸੇ ਤਲਵਾਰ ਦਾ ਰਾਖੀ ਦੇ ਲਈ ਕਿਸੇ ਜਾਲਮ ਦੇ ਖਿਲਾਫ ਵਰਤਣਾ ਰਖਸ਼ਕ ਦਾ ਨਿਆਏ ਦਾ ਕੰਮ ਹੋ ਨਿਬੜਦਾ ਹੈ । ਬਾਬਾ ਸਾਹਿਬ ਦੇ ਮਨ ਦੀਆਂ ਸ਼ੰਕਾਵਾਂ, ਚਿੰਤਾਵਾਂ ਅਤੇ ਪ੍ਰੇਸ਼ਾਨੀਆਂ ਸੰਵਿਧਾਨ ਅਤੇ ਭਾਰਤ ਦੇ ਭਵਿਖ ਦੇ ਸਬੰਧ ਵਿਚ ਸਨ ਉਹਨਾਂ ਉਸ ਦੇ ਸਬੰਧੀ ਭਾਸ਼ਨ ਵਿਤ ਗਲ ਕੀਤੀ। ਉਸ ਦੇ ਨਾਲ ਹੀ ਭਾਰਤੀ ਲੋਕਾਂ ਦੁਆਰਾ ਇਤਿਹਾਸ ਵਿਚ ਕੀਤੀਆਂ ਬੇਵਫ਼ਾਈਆਂ ਅਤੇ ਵਿਸ਼ਵਾਸਘਾਤ ਅਤੇ ਰਿਸ਼ਵਤ ਖੋਰੀ ਸਬੰਧੀ ਮੋਹੰਮਦ-ਬਿਨ-ਕਾਸਿਮ, ਜੈਚੰਦ, ਮਰਾਠਾ ਅਮੀਰ ਅਤੇ ਰਾਜਪੂਤ ਰਾਜਿਆਂ ਦਾ ਮੁਗਲ ਰਾਜਿਆਂ ਦੇ ਵਲੋਂਸ਼ਿਵਾ ਜੀ ਦੇ ਖਿਲਾਫ ਲੜਾਈ ਕਰਨਾਂ ਅਤੇਜਦੋਂ ਸਿੱਖ ਰਾਜਿਆਂ ਨੂੰ ਅੰਗਰੇਜ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨਗੁਲਾਬ ਸਿੰਘ ਚੁੱਪ ਬੈਠਣਾ। 1857 ਵਿਚਆਜਾਦੀ ਦੀ ਲੜਾਈ ਘੋਸ਼ਿਤ ਕੀਤੀ ਤਾਂ ਸਿੱਖਾਂ ਨੇ ਮੌਨ ਦਰਸ਼ਕ ਵਜੋਂ ਦੇਖਦੇ ਰਹਿਣਾ ਸਭ ਬਾਬਾ ਸਾਹਿਬ ਦੇ ਦਿਮਾਗ ਵਿਚ ਸਨ ਅਤੇ ਉਹਨਾਂ ਅਗੇ ਬੋਲਦਿਆਂ ਕਿਹਾ :-

"ਅਸਲ ਵਿਚ ਜਿਹੜੇ ਲੋਕ ਰਾਜ ਦੇ ਉਹਨਾਂ ਅੰਗਾਂ ਦੇ ਕੰਮ ਕਰਨ ਵਿਚ ਲਗਣਗੇ, ਉਹ ਇਸ ਦੇ ਕਾਰਕ ਹਨ, ਸਿਆਸੀ ਪਾਰਟੀਆਂ ਆਪਣੀ ਇੱਛਾ ਅਤੇ ਰਾਜਨੀਤੀ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰਔਜਾਰ ਵਜੋਂ ਵਰਤ ਸਕਦੀਆਂ ਹਨ। ਕੌਣ ਕਹਿ ਸਕਦਾ ਹੈ ਕਿ ਕਿਵੇਂ ਭਾਰਤ ਦੇ ਲੋਕ, ਸੰਵਿਧਾਨ ਦੇ ਉਦੇਸ਼ ਜਾਂ ਉਹ ਉਨ੍ਹਾਂ ਨੂੰ ਪ੍ਰਾਪਤ ਕਰਨ ਦੇ ਕ੍ਰਾਂਤੀਕਾਰੀ ਢੰਗ ਨਾਲ ਕੰਮ ਕਰਨਾਂ ਪਸੰਦ ਕਰਨਗੇ? ਜੇ ਉਹ ਕੰਮ ਕਰਨ ਲਈ ਕ੍ਰਾਂਤੀਕਾਰੀ ਤਰੀਕਿਆਂ ਨੂੰ ਅਪਣਾਉਂਦੇ ਹਨ, ਫਿਰ ਵੀ ਭਾਵੇਂ ਕਿ ਸੰਵਿਧਾਨ ਤਾਂ ਵਧੀਆ ਹੋ ਸਕਦਾ ਹੈ, ਇਸ ਲਈ ਕਿਸੇ ਨਬੀ ਨੂੰ ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਇਹ ਫੇਲ ਹੋਵੇਗਾ। ਇਸ ਲਈ,

ਮੋਹੰਮਦ-ਬਿਨ-ਕਾਸਿਮ ਦੁਆਰਾ ਸਿੰਧ ਦੇ ਉਤੇ ਹਮਲੇ ਕੀਤਾ ਗਿਆ ਸੀ, ਰਾਜਾ ਦਾਹਿਰ ਦੇ ਫੌਜੀ ਕਮਾਂਡਰ ਮੋਹੰਮਦ-ਬਿਨ-ਕਾਸਿਮ ਨੇ ਏਜੰਟਾਂ ਤੋਂ ਰਿਸ਼ਵਤ ਲੈ ਲਈ ਸੀ ਅਤੇ ਉਸ ਨੇ ਆਪਣੇ ਰਾਜੇ ਦੇ ਪੱਖ ਵਿਚ ਲੜਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਜੈਚੰਦ ਸੀ ਜਿਸ ਨੇ ਭਾਰਤ ਉੱਤੇ ਹਮਲਾ ਕਰਨ ਅਤੇ ਪ੍ਰਿਥਵੀ ਰਾਜ ਨਾਲ ਲੜਨ ਲਈ ਮੋਹੰਮਦ ਗੋਰੀ ਨੂੰ ਸੱਦਾ ਦਿੱਤਾ ਸੀ ਅਤੇ ਉਸ ਨੇ ਖੁਦ ਅਤੇ ਸੋਲੰਕੀ ਰਾਜਿਆਂ ਦੀ ਤਰਫੋਂ ਪ੍ਰਿਥਵੀ ਰਾਜ ਦੀ ਮਦਦ ਦਾ ਵਾਅਦਾ ਕੀਤਾ ਸੀ।ਜਦੋਂ ਸ਼ਿਵਾਜੀ ਹਿੰਦੂਆਂ ਦੀ ਮੁਕਤੀ ਲਈ ਮੁਗਲ ਰਾਜਿਆਂ ਨਾਲ ਲੜ ਰਹੇ ਸਨ ਤਾਂ ਦੂਜੇ ਪਾਸੇ ਮਰਾਠਾ ਅਮੀਰ ਅਤੇ ਰਾਜਪੂਤ ਰਾਜੇ ਮੁਗਲ ਰਾਜਿਆਂ ਦੇ ਵਲੋਂ ਲੜਾਈ ਲੜ ਰਹੇ ਸਨ।ਜਦੋਂ ਬ੍ਰਿਟਿਸ਼ ਸਿੱਖ ਰਾਜਿਆਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਗੁਲਾਬ ਸਿੰਘ ਅਤੇ ਉਸ ਦਾ ਪ੍ਰਮੁੱਖ ਕਮਾਂਡਰ ਚੁੱਪ ਬੈਠੇ ਰਹੇ ਅਤੇ ਸਿੱਖ ਰਾਜ ਨੂੰ ਬਚਾਉਣ ਵਿਚ ਕੋਈ ਸਹਾਇਤਾ ਨਹੀਂ ਕੀਤੀ। 1857 ਵਿਚ, ਜਦੋਂ ਭਾਰਤ ਦੇ ਇਕ ਵੱਡੇ ਹਿੱਸੇ ਨੇ ਬ੍ਰਿਟਿਸ਼ ਵਿਰੁੱਧ ਅਜ਼ਾਦੀ ਦੀ ਲੜਾਈ ਘੋਸ਼ਿਤ ਕੀਤੀ ਤਾਂ ਸਿੱਖਾਂ ਨੇ ਇਸ ਘਟਨਾ ਨੂੰ ਦੇਖਿਆ ਅਤੇ ਮੌਨ ਦਰਸ਼ਕ ਵਜੋਂ ਦੇਖਦੇ ਰਹੇ।" "ਕੀ ਇਤਿਹਾਸ ਆਪਣੇ ਆਪ ਨੂੰ ਦੁਹਰਾਏਗਾ? ਇਹ ਚਿੰਤਾ ਇਸ ਤੱਥ ਦੀ ਜਾਣਕਾਰੀ ਨਾਲ ਹੋਰ ਡੂੰਘੀ ਹੋ ਜਾਂਦੀ ਹੈ ਕਿ ਸਾਡੇ ਪੁਰਾਣੇ ਦੁਸ਼ਮਣ ਜਾਤ ਅਤੇ ਧਰਮ ਦੇ ਵੱਖਰੇ ਰੂਪ ਵਿਚ ਮੌਜੂਦ ਹਨ, ਅਤੇ ਇਸ ਤੋਂ ਇਲਾਵਾ ਵਖਰੀਆਂ ਅਤੇ ਵਿਰੋਧੀ ਰਾਜਨੀਤਿਕ ਸੰਸਥਾਵਾਂ ਦੇ ਨਾਲ ਕਈ ਸਿਆਸੀ ਪਾਰਟੀਆਂ ਵੀ ਹੋਣਗੀਆਂ। ਇਹ ਵਿਚਾਰ ਹੈ ਜੋ ਮੈਨੂੰ ਚਿੰਤਾ ਨਾਲ ਭਰ ਦਿੰਦਾ ਹੈ। ਕੀ ਭਾਰਤੀ ਦੇਸ਼ ਨੂੰ ਆਪਣੇ ਸਿਧਾਂਤ ਤੋਂ ਉਪਰ ਰੱਖਣਗੇ ਜਾਂ ਕੀ ਉਹ ਸਿਧਾਂਤ ਨੂੰ ਦੇਸ਼ ਤੋਂ ਉੱਪਰ ਰੱਖਣਗੇ? ਮੈਨੂੰ ਨਹੀਂ ਪਤਾ! ਪਰ ਇਹ ਬਹੁਤ ਕੁਝ ਨਿਸ਼ਚਤ ਹੈ ਕਿ ਜੇਕਰ ਪਾਰਟੀਆਂ ਆਪਣੇ ਦੇਸ਼ ਤੋਂ ਉੱਪਰ ਜਾ ਕੇ ਧਰਮ ਅਪਣਾਉਂਦੀਆਂ ਹਨ ਤਾਂ ਸਾਡੀ ਆਜ਼ਾਦੀ ਦੂਜੀ ਵਾਰ ਖ਼ਤਰੇ ਵਿੱਚ ਪੈ ਜਾਵੇਗੀ ਅਤੇ ਸੰਭਵ ਤੌਰ ਤੇ ਹਮੇਸ਼ਾਂ ਲਈ ਖਤਮ ਹੋ ਜਾਵੇ।ਇਸ ਸੰਭਾਵਨਾ ਲਈ ਸਾਨੂੰ ਸਾਰਿਆਂ ਨੂੰ ਸਖਤੀ ਨਾਲ ਚੌਕਸ ਰਹਿਣਾ ਚਾਹੀਦਾ ਹੈ।ਸਾਡੇ ਵਿਚ ਆਪਣੇ ਖੂਨ ਦੀ ਆਖਰੀ ਬੂੰਦ ਨਾਲ ਆਪਣੀ ਅਜਾਦੀ ਦੀ ਰੱਖਿਆ ਕਰਨ ਦਾ ਪੱਕਾ ਇਰਾਦਾ ਹੋਣਾ ਚਾਹੀਦਾ ਹੈ।"

"26 ਜਨਵਰੀ 1950 ਨੂੰ, ਭਾਰਤ ਇਕ ਲੋਕਤੰਤਰੀ ਦੇਸ਼ ਹੋਵੇਗਾ ਭਾਵ ਉਸ ਦਿਨ ਤੋਂ ਭਾਰਤ ਵਿਚ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਹੋਵੇਗੀ। ਇਹੀ ਸੋਚ ਮੇਰੇ ਮਨ ਵਿਚ ਆਉਂਦੀ ਹੈ, ਉਸ ਦੇ ਜਮਹੂਰੀ ਸੰਵਿਧਾਨ ਦਾ ਕੀ ਹੋਵੇਗਾ? ਕੀ ਉਹ ਇਸ ਨੂੰ ਬਣਾਈ ਰੱਖਣ ਦੇ ਯੋਗ ਹੋਣਗੇ ਜਾਂ ਕੀ ਉਹ ਇਸ ਨੂੰ ਦੁਬਾਰਾ ਗੁਆ ਲੈਣਗੇ ? ਇਹ ਦੂਜਾ ਵਿਚਾਰ ਹੈ ਜੋ ਮੇਰੇ ਦਿਮਾਗ ਵਿੱਚ ਆਉਂਦਾ ਹੈ ਅਤੇ ਇਹ

**(ਬਾਕੀ ਅਗਲੇ ਸਫੇ 'ਤੇ)**

# ਸੰਵਿਧਾਨ ਦਿਵਸ 26 ਨਵੰਬਰ 1949

(ਸਫਾ 19 ਦੀ ਬਾਕੀ)

ਮੇਰੀ ਮੁਖ ਰੂਪ ਵਿੱਚ ਚਿੰਤਾ ਬਣਾ ਦਿੰਦਾ ਹੈ। ਇਹ ਨਹੀਂ ਹੈ ਕਿ ਭਾਰਤ ਨੂੰ ਇਹ ਨਹੀਂ ਪਤਾ ਸੀ ਕਿ ਲੋਕਤੰਤਰ ਕੀ ਹੈ। ਇਕ ਸਮਾਂ ਸੀ ਜਦੋਂ ਭਾਰਤ ਗਣਰਾਜਾਂ ਨਾਲ ਭਰਿਆ ਹੋਇਆ ਸੀ ਅਤੇ ਇੱਥੋਂ ਤਕ ਕਿ ਜਿੱਥੇ ਵੀ ਰਾਜਾਸ਼ਾਹੀ (ਏਕਤੰਤਰ ਰਾਜ) ਸੀ, ਜਾਂ ਤਾਂ ਕਿਤੇਚੁਣੇ ਗਏ ਪ੍ਰਤੀਨਿਧੀ ਸਨ ਜਾਂਉਥੇਸੀਮਤ ਚੁਣੇ ਗਏ ਪ੍ਰਤੀਨਿਧੀਸਨ। ਇਹ ਵੀ ਨਹੀਂ ਕਿ ਭਾਰਤ ਸੰਸਦਾਂ ਜਾਂ ਸੰਸਦੀ ਪ੍ਰਕਿਰਿਆ ਨੂੰ ਨਹੀਂ ਜਾਣਦਾ ਸੀ।"

"ਬੋਧੀ ਭਿਕਸ਼ੂ ਸੰਘਾਂ ਦਾ ਇਕ ਅਧਿਐਨ ਤੋਂ ਇਹ ਖੁਲਾਸਾ ਹੁੰਦਾ ਹੈ ਕਿ ਨਾ ਸਿਰਫ਼ ਇਹ ਲੋਕਸਭਾ ਹਨ-ਸੰਘਾਂ ਪਰ ਇਹ ਹੀਵਿਧਾਨ ਸਭਾ ਹੀ ਸਨਹੋਰ ਕੁਝ ਵੀ ਨਹੀਂ - ਪਰ ਉਹ ਸੰਘ ਆਧੁਨਿਕ ਸਮੇਂ ਦੇ ਸੰਸਦੀ ਪ੍ਰਣਾਲੀ ਦੇ ਸਾਰੇ ਨਿਯਮਾਂ ਨੂੰ ਪੂਰੀਤਰਾਂ ਜਾਣਦਾ ਸੀ।ਉਨ੍ਹਾਂ ਕੋਲ ਬੈਠਣ ਦੀ ਵਿਵਸਥਾਦੇ ਨਿਯਮ, ਪ੍ਰਸਤਾਵ ਪਾਉਣਾ, ਪ੍ਰਸਤਾਵ ਲਾਗੂ ਕਰਨਾਂ, ਕੋਰਮ,ਪਾਰਟੀ ਅਨੁਸ਼ਾਸਨ ਲਈ ਵ੍ਹਿਪ, ਵੋਟਾਂ ਦੀ ਗਿਣਤੀ, ਪਰਚੀ ਦੁਆਰਾ ਵੋਟਿੰਗ, ਨਿੰਦਿਆ ਪ੍ਰਸਤਾਵ, ਨਿਯਮਤਕਰਨ, ਕਾਨੂੰਨੀ ਸਲਾਹ ਲੈਣਾਂ, ਆਦਿ ਸੰਬੰਧੀ ਨਿਯਮ ਸਨ।ਹਾਲਾਂਕਿ ਸੰਸਦੀ ਪ੍ਰਕਿਰਿਆ ਦੇ ਇਹ ਨਿਯਮ ਬੁੱਧ ਦੁਆਰਾ ਸੰਘਾਂ ਦੀਆਂ ਬੈਠਕਾਂ ਲਈ ਲਾਗੂ ਕੀਤੇ ਗਏ ਸਨ, ਪਰ ਉਹਨਾਂ ਨੂੰ ਆਪਣੇ ਸਮੇਂ ਵਿਚ ਦੇਸ਼ ਵਿਚ ਕੰਮ ਕਰਨ ਵਾਲੀਆਂ ਰਾਜਨੀਤਿਕ ਅਸੈਂਬਲੀਆਂ ਦੇ ਨਿਯਮਾਂ ਤੋਂ ਉਧਾਰ ਲਿਆ ਹੋਵੇਗਾ। ਭਾਰਤ ਨੇ ਇਹ ਲੋਕਤੰਤਰਿਕ ਪ੍ਰਣਾਲੀ ਖੋ ਲਈਸੀ ਕੀ ਉਹ ਇਸ ਨੂੰ ਦੂਜੀ ਵਾਰ ਗੁਆ ਦੇਵੇਗਾ? ਮੈ ਨਹੀਂ ਜਾਣਦਾ। ਪਰ ਇਹ ਭਾਰਤ ਵਰਗੇ ਦੇਸ਼ ਵਿਚ ਕਾਫੀ ਸੰਭਵ ਹੈ, ਜਿੱਥੇ ਲੰਬੇ ਸਮੇਂ ਤੋਂ ਲੋਕਤੰਤਰ ਵਰਤੋਂ ਵਿਚ ਨਹੀ ਸੀ।ਇਸ ਲਈ ਲੋਕਤੰਤਰ ਨੂੰ ਕੁਝ ਨਵਾਂ ਮੰਨਿਆ ਜਾਣਾ ਚਾਹੀਦਾ ਹੈ। ਤਾਨਾਸ਼ਾਹੀ ਨੂੰ ਸਥਾਨ ਦੇਣਾ ਲੋਕਤੰਤਰ ਦੇ ਲਈ ਖਤਰਾ ਹੈ। ਇਸ ਨਵੇਂ ਜਨਮੇ ਲੋਕਤੰਤਰ ਲਈ ਇਸਦਾ ਰੂਪ ਆਪਣੇ ਕੋਲ ਰੱਖਣਾ ਤਾਂ ਹੀ ਸੰਭਵ ਹੈ ਪਰ ਜੇ ਅਸਲ ਵਿਚ ਇਹ ਤਾਨਾਸ਼ਾਹੀ ਨੂੰ ਜਗ੍ਹਾ ਨਾਂ ਦੇਵੇ। ਜੇਕਰ ਉਥੇ ਕੋਈ ਇਸ ਤਰਾਂ ਦੀ ਗੜਬੜਜਾਂ ਖ਼ਤਰਾ ਹੈ,ਤਾਂ ਦੂਜੀ ਸੰਭਾਵਨਾ ਤਾਨਾਂਸ਼ਾਹ ਬਣਨ ਦਾ ਬਹੁਤ ਵੱਡਾ ਖ਼ਤਰਾਹੈ।" "ਜੇ ਕਰ ਅਸੀਂ ਲੋਕਤੰਤਰ ਨੂੰ ਸਿਰਫ ਇਕ ਦਿਖਾਵੇ ਦੇ ਰੂਪ ਵਿਚ ਨਹੀਂ ਰੱਖਣਾ ਚਾਹੁੰਦੇ, ਤਾਂ ਅਸਲ ਵਿਚ ਸਾਨੂੰ ਕੀ ਕਰਨਾ ਚਾਹੀਦਾ ਹੈ?ਮੇਰੇ ਅਨੁਮਾਨ ਅਨੁਸਾਰ ਵਿੱਚ ਪਹਿਲਾਂ ਸਾਨੂੰ ਇਹ ਕਰਨਾ ਚਾਹੀਦਾ ਹੈ, ਆਪਣੇ ਸਮਾਜਿਕ ਅਤੇ ਆਰਥਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਸੰਵਿਧਾਨਕ ਢੰਗਾਂ ਨੂੰ ਫੌਰੀ ਤੌਰ ਤੇ ਅਗੇ ਰੱਖਣਾ ਹੋਵੇਗਾ।ਇਸਦਾ ਅਰਥ ਹੈ ਕਿ ਸਾਨੂੰ ਇਨਕਲਾਬ ਦੇ ਖੂਨ ਖਰਾਬੇ ਦੇ ਢੰਗਾਂ ਨੂੰ ਛੱਡ ਦੇਣਾ ਚਾਹੀਦਾ ਹੈ। ਇਸਦਾ ਮਤਲਬ ਇਹ ਹੈ ਕਿ ਸਾਨੂੰ ਸਿਵਲ ਨਾਫਰਮਾਨੀ, ਅਸਹਿਯੋਗ ਅਤੇ ਸੱਤਿਆਗ੍ਰਹਿ ਦੇ ਵਿਧੀ ਨੂੰ ਛੱਡ ਦੇਣਾ ਚਾਹੀਦਾ ਹੈ।ਜਦੋਂ ਆਰਥਿਕ ਅਤੇ ਸਮਾਜਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਸੰਵਿਧਾਨਿਕ ਤਰੀਕਿਆਂ ਦਾ ਕੋਈ ਰਾਹ ਨਹੀਂ ਬਚਿਆ ਸੀ, ਤਾਂ ਗ਼ੈਰ-ਸੰਵਿਧਾਨਿਕ ਵਿਧੀਆਂ ਦੇ ਲਈ ਇਹ ਇੱਕ ਬਹੁਤ ਵੱਡਾ ਸਾਧਨ ਸੀ। ਪਰ ਜਿੱਥੇ ਸੰਵਿਧਾਨਿਕ ਵਿਧੀਆਂ ਖੁੱਲ੍ਹੀਆਂ ਹਨ, ਉਥੇ ਇਹਨਾਂ ਗ਼ੈਰ ਸੰਵਿਧਾਨਿਕ ਵਿਧੀਆਂ ਲਈ ਕੋਈ ਤਰਕ ਨਹੀਂ ਹੋ ਸਕਦਾ।ਇਹ ਵਿਧੀਆਂ ਅਰਾਜਕਤਾ ਦੇ ਵਿਆਕਰਨ ਤੋਂ ਇਲਾਵਾ ਕੁਝ ਵੀ ਨਹੀਂ ਹਨ ਅਤੇ ਜਿੰਨੀ ਜਲਦੀ ਉਹ ਛੱਡੀਆਂ ਜਾਂਦੀਆਂ ਹਨ, ਸਾਡੇ ਲਈ ਬਿਹਤਰ ਹੈ।"

"ਸਾਨੂੰ ਯੌਨ ਸਟੂਅਰਟ ਮਿਲ ਦੀ ਉਸ ਚਿਤਾਵਨੀ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ, ਜੋ ਉਹਨਾਂ ਨੇ ਉਹਨਾਂ ਦੇ ਲੋਕਾਂ ਨੂੰ ਦਿਤੀ ਹੈ, "ਜੋ ਲੋਕ ਪ੍ਰਜਾਤੰਤਰ ਬਣਾ ਕੇ ਰਖਣਾ ਚਾਹੁੰਦੇ ਹਨ, ਅਤੇ ਦਿਲਚਸਪੀ ਰਖਦੇ ਹਨ।ਉਹ ਆਪਣੀ ਸਵਤੰਤਰਤਾ ਨੂੰ ਮਹਾਨਾਇਕ ਦੇ ਚਰਨਾਂ ਵਿਚ ਸਮਰਪਤ ਨਾਂ ਕਰਨ, ਜਾਂ ਉਸ ਉਤੇ ਵਿਸ਼ਵਾਸ਼ ਕਰਕੇ ਐਨੀਆਂ ਸ਼ਕਤੀਆਂ ਨਾਂ ਦੇ ਦੇਣ, ਕਿ ਉਹ ਸੰਸਥਾ ਨੂੰ ਖਤਮ ਕਰਨ ਵਿਚ ਸਮਰਥ ਹੋ ਜਾਵੇ।"

"ਦੇਸ਼ ਵਿਚ ਲੰਬੇ ਸਮੇਂ ਤੋਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਮਹਾਨ ਵਿਅਕਤੀਆਂ ਦਾ ਸ਼ੁਕਰਗੁਜ਼ਾਰ ਹੋਣ ਵਿਚ ਕੁਝ ਵੀ ਗਲਤ ਨਹੀਂ ਹੈ। ਪਰ ਧੰਨਵਾਦੀ ਹੋਣ ਦੀ ਸੀਮਾ ਵੀ ਹੈ। ਜਿਵੇਂ ਕਿ ਆਇਰਿਸ਼ ਪੈਟਰੋਟ ਡੈਨੀਅਲ ਓ ਕਾਮੇਲ ਨੇ ਵਧੀਆ ਢੰਗ ਨਾਲ ਕਿਹਾ ਹੈ, ਕੋਈ ਵੀ ਵਿਅਕਤੀ ਆਪਣੇ ਸਨਮਾਨ ਦੀ ਕੀਮਤ 'ਤੇ ਸ਼ੁਕਰਗੁਜ਼ਾਰ ਨਹੀਂ ਹੋ ਸਕਦਾ, ਕੋਈ ਵੀ ਔਰਤ ਆਪਣੀ ਪਵਿਤਰਤਾ ਦੀ ਕੀਮਤ' ਤੇ ਕੋਈ ਸ਼ੁਕਰਗੁਜ਼ਾਰ ਨਹੀਂ ਹੋ ਸਕਦੀ ਅਤੇ ਕੋਈ ਵੀ ਰਾਸ਼ਟਰ ਆਪਣੀ ਆਜ਼ਾਦੀ ਦੀ ਕੀਮਤ 'ਤੇ ਕਿਸੇ ਵੀ ਮਹਾਨ ਵਿਅਕਤੀ ਦਾ ਸ਼ੁਕਰਗੁਜ਼ਾਰ ਨਹੀਂ ਹੋ ਸਕਦਾ।"

" ਇਹ ਸਾਵਧਾਨੀ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਭਾਰਤ ਦੇ ਮਾਮਲੇ ਵਿਚ ਬਹੁਤ ਜ਼ਿਆਦਾ ਜ਼ਰੂਰੀ ਹੈ। ਭਾਰਤ ਵਿਚ ਭਗਤ ਜਾਂ ਜਿਸ ਨੂੰ ਭਗਤੀ ਜਾਂ ਨਾਇਕ ਪੂਜਾ ਦਾ ਰਾਹ ਕਿਹਾ ਜਾ ਸਕਦਾ ਹੈ, ਉਸ ਦੀ ਰਾਜਨੀਤੀ ਵਿਚ ਇਕ ਅਨੋਖੀ ਭੂਮਿਕਾ ਹੈ ਜੋ ਇਸ ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਦੀ ਰਾਜਨੀਤੀ ਵਿਚ ਦਖਲ ਦੇ ਮੁਕਾਬਲੇ ਭਾਰਤੀ ਰਾਜਨੀਤੀ ਦਾ ਸੰਤੁਲਨ ਵਿਗਾੜਨ ਦਾ ਖੇਢ ਖੇਡਦੀ ਹੈ। ਧਰਮ ਵਿਚ ਭਗਤੀ ਆਤਮਾ ਦੀ ਮੁਕਤੀ ਲਈ ਇਕ ਰਾਹ ਹੋ ਸਕਦੀ ਹੈ। ਪਰ ਰਾਜਨੀਤੀ ਵਿਚ ਭਗਤੀ ਜਾਂ ਨਾਇਕ ਪੂਜਾ ਲੋਕਤੰਤਰ ਦਾ ਪਤਨ ਅਤੇ ਆਖਰੀ ਤਾਨਾਸ਼ਾਹੀ ਦਾ ਰਾਹ ਖੋਲਦੀਹੈ।"

"ਤੀਜੀ ਚੀਜ਼ ਜੋ ਸਾਨੂੰ ਕਰਨੀ ਚਾਹੀਦੀ ਹੈ, ਕਿ ਸਾਨੂੰ ਸਿਰਫ਼ ਸਿਆਸੀ ਲੋਕਤੰਤਰ ਨਾਲ ਸੰਤੁਸ਼ਟ ਨਹੀਂ ਹੋਣਾ ਹੋਵੇਗਾ। ਸਾਨੂੰ ਆਪਣੇ ਰਾਜਨੀਤਕ ਲੋਕਤੰਤਰ ਨੂੰ ਇਕ ਸਮਾਜਿਕ ਲੋਕਤੰਤਰ ਵੀ ਬਣਾਉਣਾ ਚਾਹੀਦਾ ਹੈ। ਰਾਜਨੀਤਕ ਪਰਜਾਤੰਤਰ ਅਖੀਰ ਤੱਕ ਨਹੀਂ ਚੱਲ ਸਕਦਾ ਜਦੋਂ ਤਕ ਇਸਦੀਆਂਜੜਾਂ ਤਕ ਸਮਾਜਿਕ ਲੋਕਤੰਤਰ ਨਹੀਂ ਹੁੰਦਾ। ਸਮਾਜਿਕ ਲੋਕਤੰਤਰ ਦਾ ਕੀ ਅਰਥ ਹੈ? ਆਜ਼ਾਦੀ, ਸਮਾਨਤਾ ਅਤੇ ਭਰੱਪਣ ਦੇ ਇਹ ਸਿਧਾਂਤਜੀਵਨ ਦੇ ਸਿਧਾਂਤ ਵਜੋਂਹਨ।ਆਜ਼ਾਦੀ, ਸਮਾਨਤਾ ਅਤੇ ਭਰੱਪਣ ਦੇ ਇਹ ਸਿਧਾਂਤ ਇੱਕ ਤ੍ਰਿਏਕ ਵਿੱਚ ਵੱਖਰੇ ਅੰਗਾਂ ਦੇ ਤੌਰ ਤੇ ਨਹੀਂ ਕੀਤੇ ਜਾਣੇ ਚਾਹੀਦੇ। ਉਹ ਤ੍ਰਿਏਕ ਦੀ ਯੂਨੀਅਨ ਦਾ ਗਠਨ ਕਰਦੇ ਹਨ ਇਸ ਦੇ ਨਾਲ ਹੀ ਇਕ ਨੂੰ ਦੂਜੇ ਤੋਂ ਵੱਖ ਕਰਨਾਂ ਲੋਕਤੰਤਰ ਦੇ ਮਕਸਦ ਨਾਲ ਹਰਾਉਣ ਦੀ ਤਿਆਰੀ ਹੋਵੇਗੀ।

"ਆਜ਼ਾਦੀ ਦਾ ਸਮਾਨਤਾ ਤੋਂ ਰਿਸ਼ਤਾ ਟੁੱਟ ਨਹੀਂ ਸਕਦਾ, ਸਮਾਨਤਾ ਦੀ ਆਜ਼ਾਦੀ ਤੋਂ ਰਿਸ਼ਤਾ ਟੁੱਟ ਨਹੀਂ ਸਕਦਾ। ਨਾ ਹੀ ਆਜ਼ਾਦੀ ਅਤੇ ਸਮਾਨਤਾ ਦਾ ਭਰੱਪਣ ਤੋਂ ਰਿਸ਼ਤਾ ਟੁੱਟ ਸਕਦਾ ਹੈ। ਸਮਾਨਤਾ ਦੇ ਬਿਨਾਂਆਜ਼ਾਦੀ,ਬਹੁਤੀ ਜੰਤਾ ਉੱਤੇਥੋੜੇ ਜਿਹੇਲੋਕਾਂ ਦੀਚੌਧਰ ਨੂੰ ਜਨਮ ਦੇਵੇਗੀ । ਅਜਾਦੀ ਦੇ ਬਿਨਾਂ ਸਮਾਨਤਾ ਵਿਅਕਤੀਗਤ ਫੈਸ਼ਲੇ ਲੈਣ ਦੀ ਪਹਿਲਕਦਮੀ ਨੂੰ ਖ਼ਤਮ ਕਰ ਦੇਵੇਗੀ। ਭਰੱਪਣ ਦੇ ਬਿਨਾਂਅਜ਼ਾਦੀ, ਕੁਝ ਲੋਕਾਂ ਦੀ ਚੌਧਰ ਨੂੰ ਬਹੁਤ ਸਾਰੇ ਲੋਕਾਂ ਉੱਤੇ ਥੋਪਣ ਦਾ ਕੰਮ ਕਰੇਗੀ।ਅਜਾਦੀ ਦੇ ਬਿਨਾਂ ਸਮਾਨਤਾ ਵਿਅਕਤੀਗਤ ਪਹਿਲਕਦਮੀ ਨੂੰ ਖ਼ਤਮ ਕਰ ਦੇਵੇਗੀ।ਭਰੱਪਣ ਅਜ਼ਾਦੀ ਅਤੇ ਸਮਾਨਤਾ ਤਿੰਨਾਂ ਦੇ ਸੁਮੇਲ ਬਿਨਾਂ ਕਿਸੇ ਵਿਅਕਤੀ ਦੇ ਸੁਭਾ ਦੀ ਇੱਕ ਪ੍ਰਕਿਰਤਕਸੰਰਚਨਾ ਨਹੀਂ ਬਣ ਸਕਦਾ। ਇਸ ਨੂੰ ਲਾਗੂ ਕਰਨ ਲਈਸ਼ਕਤੀ ਦੀ ਲੋੜ ਹੋਵੇਗੀ।"

"ਸਾਨੂੰ ਇਸ ਤੱਥ ਨੂੰ ਸਵੀਕਾਰ ਕਰਕੇ ਅਗੇ ਸ਼ੁਰੂ ਕਰਨਾਚਾਹੀਦਾ ਹੈ ਕਿ ਇੰਡੀਅਨ ਸੋਸਾਇਟੀ ਵਿਚ ਦੋ ਗੱਲਾਂ ਦੀ ਪੂਰਨ ਗੈਰਹਾਜ਼ਰੀ ਹੈ। ਇਹਨਾਂ ਵਿੱਚੋਂ ਇੱਕ ਹੈ ਸਮਾਨਤਾ। ਸਮਾਜਕ ਪਧਰ ਉਤੇ, ਸਾਡੇ ਕੋਲ ਭਾਰਤ ਵਿੱਚ ਅਜਿਹੀਆ ਪੌੜੀ ਨੁਮਾਂ ਅਸਮਾਨਤਾ ਦੇ ਸਿੱਧਾਂਤ ਦੇ ਅਧਾਰ ਤੇ ਇੱਕ ਸਮਾਜ ਹੈ। ਜਿਸ ਵਿੱਚ ਸਾਡੇ ਕੋਲ ਜੋ ਇੱਹ ਸਮਾਜ ਹੈ, ਉਸ ਵਿੱਚ ਅਮੀਰ ਕੋਲ ਢੇਰ ਸਾਰਾ ਧੰਨ ਹੈ, ਅਤੇ ਗ਼ਰੀਬੀ ਵਿੱਚ ਵੀ ਰਹਿਣ ਵਾਲੇ ਬਹੁਤ ਸਾਰੇ ਬੇਘਰੇ ਲੋਕ ਹਨ। 26 ਜਨਵਰੀ 1950 ਨੂੰ, ਅਸੀਂ ਵਿਰੋਧਾਭਾਸ ਨਾਲ ਭਰੇ ਜੀਵਨ ਵਿਚ ਪ੍ਰਵੇਸ਼ ਕਰਨ ਜਾ ਰਹੇ ਹਾਂ।ਰਾਜਨੀਤੀ ਵਿਚ ਸਾਡੇ ਕੋਲ ਬਰਾਬਰਤਾ ਹੋਵੇਗੀ, ਸਮਾਜਿਕ ਅਤੇ ਆਰਥਿਕ ਜੀਵਨ ਵਿਚ ਸਾਡੇ ਵਿਚ ਅਸਮਾਨਤਾ ਹੋਵੇਗੀ। ਰਾਜਨੀਤੀ ਵਿਚ ਅਸੀਂ ਇਕ ਵਿਅਕਤੀ ਦੇ ਇਕ ਵੋਟ ਅਤੇ ਇਕ ਵੋਟ ਬਰਾਬਰ ਦੇ ਮੁੱਲ ਦੇ ਸਿਧਾਂਤ ਨੂੰ ਮਾਨਤਾ ਦੇਵਾਂਗੇ। ਸਾਡੇ ਸਮਾਜਿਕ ਅਤੇ ਆਰਥਕ ਜੀਵਨ ਵਿੱਚ, ਅਸੀਂ, ਸਾਡੇ ਸਮਾਜਿਕ ਅਤੇ ਆਰਥਿਕ ਢਾਂਚੇ ਦੇ ਕਾਰਨ, ਇਕ ਵਿਆਕਤੀ ਦੀ ਕੀਮਤ ਦੇ ਸਿਧਾਂਤ ਨੂੰ ਰੱਦ ਕਰਨਾ ਜਾਰੀ ਰੱਖਾਂਗੇ। ਅਸੀਂ ਕਿੰਨੇ ਸਮੇਂ ਤੱਕ ਇਸ ਵਿਰੋਧਾਭਾਸ਼ੀ ਵਾਲੇ ਜੀਵਨ ਨੂੰ ਜਿਉਣਾ ਜਾਰੀ ਰੱਖਾਂਗੇ?ਕਿੰਨੀ ਦੇਰ ਤੱਕ ਅਸੀਂ ਆਪਣੇ ਸਮਾਜਿਕ ਅਤੇ ਆਰਥਿਕ ਜੀਵਨ ਵਿੱਚ ਸਮਾਨਤਾ ਤੋਂ ਇਨਕਾਰ ਕਰਦੇ ਰਹਿਣਾ ਹੈ? ਜੇ ਅਸੀਂ ਇਸ ਨੂੰ ਲੰਬੇ ਸਮੇਂ ਤਕ ਮਨਜ਼ੂਰ ਕਰਦੇ ਹਾਂ, ਤਾਂ ਅਸੀਂ ਆਪਣੇ ਰਾਜਨੀਤਕ ਪਰ-ਜਾਤੰਤਰ ਨੂੰ ਸੰਕਟ ਵਿਚ ਪਾ ਕੇ ਅਜਿਹਾ ਹੀ ਕਰਾਂਗੇ। ਸਾਨੂੰ ਇਸ ਵਿਰੋਧਾਭਾਸ਼ ਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੀਦਾ ਹੈ, ਨਹੀਂ ਤਾਂ ਜਿਹੜੇ ਅਸਮਾਨਤਾ ਤੋਂ ਪੀੜਤ ਹੋਣਗੇ ਉਹ ਰਾਜਨੀਤਕ ਪਰਜਾਤੰਤਰ ਦੀ ਬਣਤਰ ਨੂੰ ਉਡਾ ਦੇਣਗੇ, ਜਿਸ ਨੂੰ ਵਿਧਾਨ ਸਭਾ ਨੇ ਸਖਤ ਮਿਹਨਤ ਨਾਲ ਬਣਾਇਆ ਹੈ।"

"ਦੂਸਰੀ ਚੀਜ਼ ਜੋ ਅਸੀਂ ਚਾਹੁੰਦੇ ਹਾਂ, ਉਹ ਹੈ ਭਰੱਪਣ ਦੇ ਸਿਧਾਂਤ ਦਾ ਚੰਗੀ ਤਰਾਂ ਮਤਲਵ ਸਮਝ ਲੈਣ। ਭਾਈਚਾਰੇ ਸ਼ਬਦ ਦਾ ਕੀ ਅਰਥ ਹੈ? ਭਰੱਪਣ ਦਾ ਅਰਥ ਸਾਰੇ ਭਾਰਤੀਆਂ ਦੇ ਆਪਸ ਵਿਚ ਸਾਂਝੇ ਭਾਈਚਾਰੇ ਦੀ ਭਾਵਨਾ ਹੈ- ਇਕ ਵਿਅਕਤੀ ਦਾਦੂਜੇ ਭਾਰਤੀ ਵਿਅਕਤੀ ਨਾਲ ਭਾਈਚਾਰਾ। ਇਹ ਇਕ ਅਜਿਹਾ ਸਿਧਾਂਤ ਹੈ ਜੋ ਏਕਤਾ ਪ੍ਰਦਾਨ ਕਰਦਾਹੈ ਅਤੇ ਸਮਾਜਿਕ ਜੀਵਨ ਵਿਚ ਇਕਜੁੱਟਤਾ ਬਣਾਉਂਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਇੱਕ ਮੁਸ਼ਕਲ ਕੰਮ ਹੈ।ਇਹ ਕਿੰਨੀ ਮੁਸ਼ਕਲ ਹੈ, ਜੇਮਜ਼ ਬਰਾਏਸ ਦੁਆਰਾ ਸੰਯੁਕਤ ਰਾਜ ਅਮਰੀਕਾ ਦੇ ਬਾਰੇ ਐਮਰੀਕੀ ਕਾਮਨਵੈਲਥ 'ਤੇ ਉਸ ਦੀ ਕੀਮਤੀ ਭਾਵ ਦੇ ਵਿਚਲੀ ਕਹਾਣੀ ਤੋਂ ਅਨੁਭਵ ਕੀਤਾ ਜਾ ਸਕਦਾ ਹੈ।"

ਕਹਾਣੀ ਇਹ ਹੈ - ਮੈਂ ਇਸਨੂੰ ਬ੍ਰੇਸ ਦੇ ਸ਼ਬਦਾਂ ਵਿਚ ਦੁਹਰਾਉਣਾਂ ਚਾਹਾਂਗਾ -

"ਕੁਝ ਸਾਲ ਪਹਿਲਾਂ ਅਮਰੀਕਨ ਪ੍ਰੋਟਸਟੇਂਟ ਏਪਿਸਕੋਪਲ ਗਿਰਜਾ ਘਰ ਨੂੰ ਆਪਣੇ ਤੀਜੀ ਕਨਵੈਨਸ਼ਨ ਵਿਚ ਕਬਜੇ ਵਿਚ ਲੈ ਪੂੱਜਾ ਦੇ ਨਵਾਂ ਫਾਰਮੂਲਾ ਬਣਾਇਆ ਸੀ। ਇਹ ਸਮਝਿਆ ਗਿਆ ਕਿ ਛੋਟੇ-ਵਾਕ ਵਾਲੀ ਅਰਦਾਸ ਨੂੰ ਸਾਰੇ ਲੋਕਾਂ ਲਈ ਅਰਦਾਸ ਬਣਾਈ ਜਾਵੇ, ਇੱਕ ਖਾਸ ਤੌਰ ਤੇ ਨਵੇਂ ਇੰਗਲੈਂਡ ਦੇ ਲਈ ਦੈਵੀ ਸ਼ਬਦ ਪਾਏ ਜਾਣ""ਹੇ ਪ੍ਰਭੂ, ਸਾਡੇ ਦੇਸ਼ ਨੂੰ ਅਸੀਸ ਦੇਵੋ"" ਸ਼ਬਦਾਂ ਦੀ ਪ੍ਰਸਤਾਵਨਾ ਕੀਤੀ। ਇਕ ਦੁਪਹਿਰ ਨੂੰ ਇਕ ਪਲ ਵਿਚ ਛੋਟੇ-ਵਾਕ ਵਾਲੀ ਅਰਦਾਸ ਨੂੰ ਮੰਨ ਲਿਆ ਗਿਆ, ਇਸ ਛੋਟੇ-ਵਾਕ ਵਾਲੀ ਅਰਦਾਸ ਦੇ ਸਪੱਸ਼ਟਤਾ 'ਤੇ, ਨੂੰ ਦੁਬਾਰਾ ਵਿਚਾਰਨ ਲਈ ਅਗਲੇ ਦਿਨ ਸਭਾ ਵਿਚ ਲਿਆਂਦਾ ਗਿਆ, ਜਦੋਂ ਆਮ ਲੋਕਾਂ ਨੇ ਇਹ ਸ਼ਬਦ ਜੋ ਰਾਸ਼ਟਰ ਲਈ ਸਨ ਉਸ ਉਤੇ ਬਹੁਤ ਸਾਰੇ ਇਤਰਾਜ਼ ਉਠਾਏ, ਕੌਮੀ ਏਕਤਾ ਦੀ ਇੱਕ ਵਿਸ਼ੇਸ਼ ਪਛਾਣ ਆਯਾਤ ਕਰਨ ਲਈ, ਇਸਨੂੰ ਹਟਾ ਦਿੱਤਾ ਗਿਆ ਸੀ ਅਤੇ ਇਸਦੇ ਉਲਟ ਸ਼ਬਦਾਂ ਨੂੰ ਅਪਣਾ ਲਿਆ ਗਿਆ, 'ਹੇ ਪ੍ਰਭੂ, ਸੰਜੁਕਤ ਰਾਜਾਂ ਨੂੰ ਅਸੀਸ ਦੇ।'।"

"ਉਸ ਸਮੇ ਅਮਰੀਕਾ ਵਿਚ ਬਹੁਤ ਘੱਟ ਇਕਜੁੱਟਤਾ ਸੀ । ਉਸ ਵੇਲੇ ਜਦੋਂ ਇਹ ਘਟਨਾ ਵਾਪਰੀ ਤਾਂ ਅਮਰੀਕਾ ਦੇ ਲੋਕਾਂ ਨੇ ਇਹ ਨਹੀਂ ਸੋਚਿਆ ਕਿ ਉਹ ਇਕ ਰਾਸ਼ਟਰ ਹਨ। ਜੇ ਅਮਰੀਕਾ ਦੇ ਲੋਕ ਮਹਿਸੂਸ ਨਹੀਂ ਕਰ ਸਕਦੇ ਸਨ ਕਿ ਉਹ ਇੱਕ ਰਾਸ਼ਟਰ ਹਨ, ਤਾਂ ਭਾਰਤੀਆਂ ਲਈ ਇਹ ਸੋਚਣਾ ਕਿੰਨਾ ਮੁਸ਼ਕਿਲ ਹੈ ਕਿ ਉਹ ਇੱਕ ਰਾਸ਼ਟਰ ਹਨ।ਮੈਨੂੰ ਉਹ ਦਿਨ ਯਾਦ ਹੈ ਜਦੋਂ ਰਾਜਨੀਤਕ ਸੋਚ ਵਾਲੇ ਭਾਰਤੀਆਂ ਨੇ "ਭਾਰਤ ਦੇ ਲੋਕਾਂ" ਦੀ ਪ੍ਰਗਤੀ ਦਾ ਵਿਰੁਧਕੀਤਾ ਸੀ।ਅਸੀਂ "ਭਾਰਤੀ ਰਾਸ਼ਟਰ" ਨੂੰ ਤਰਜੀਹ ਦਿੱਤੀ। ਮੇਰਾ ਮੰਨਣਾ ਹੈ ਕਿ ਅਸੀਂ ਇਕ ਰਾਸ਼ਟਰ ਹਾਂ, ਅਸੀਂ ਇੱਕ ਬਹੁਤ ਵੱਡਾ ਭੁਲੇਖਾ ਦਾ ਅਨੰਦ ਮਾਣ ਰਹੇ ਹਾਂ, ਕਿਵੇਂ ਹਜ਼ਾਰਾਂ ਜਾਤੀਆਂ ਵਿੱਚ ਵੰਡੇ ਲੋਕ ਇੱਕ ਰਾਸ਼ਟਰ ਹੋ ਸਕਦੇ ਹਨ? ਜਿੰਨੀ ਜਲਦੀ ਅਸੀਂ ਇਹ ਮਹਿਸੂਸ ਕਰ ਲਈਏ ਕਿ ਅਸੀਂ ਸੰਸਾਰ ਦੇ ਸਮਾਜਿਕ ਅਤੇ ਮਨੋਵਿਗਿਆਨਕ ਅਰਥਾਂ ਵਿੱਚ ਅਜੇ ਇੱਕ ਰਾਸ਼ਟਰ ਨਹੀਂ ਹਾਂ, ਸਾਡੇ ਲਈ ਚੰਗਾ ਹੈ। ਕੇਵਲ ਤਾਂ ਹੀ ਅਸੀਂ ਇੱਕ ਰਾਸ਼ਟਰ ਬਨਣ ਦੀ ਜ਼ਰੂਰਤ ਦਾ ਅਹਿਸਾਸ ਕਰਾਂਗੇ ਅਤੇ ਟੀਚਾ ਨੂੰ ਸਮਝਣ ਦੇ ਤਰੀਕਿਆਂ ਅਤੇ ਸਾਧਨਾਂ ਬਾਰੇ ਗੰਭੀਰਤਾ ਨਾਲ ਵਿਚਾਰ ਸਕਾਂਗੇ। ਇਸ ਟੀਚੇ ਦੀ ਪ੍ਰਾਪਤੀ ਬਹੁਤ ਮੁਸ਼ਕਲ ਹੋਣੀ ਹੈ - ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਰਾਸ਼ਟਰ ਹੋਣ ਦਾ ਭਾਵਨਾਂ ਹੋਣ ਨਾਲੋਂ ਭਾਰਤ ਦੀ ਇੱਕ ਰਾਸ਼ਟਰ ਹੋਣ ਦਾ ਭਾਵਨਾਂ ਹੋਣਾਂਕਿਤੇ ਜਿਆਦਾ ਮੁਸ਼ਕਿਲ ਹੈ। ਅਮਰੀਕਾ ਦੀ ਕੋਈ ਜਾਤ ਸਮੱਸਿਆ ਨਹੀਂ ਹੈ ਭਾਰਤ ਵਿਚ ਜਾਤ ਸਮੱਸਿਆ ਹੈ। ਜਾਤੀਆਂ ਰਾਸ਼ਟਰ-ਵਿਰੋਧੀ ਹਨ ਪਹਿਲੇ ਸਥਾਨ ਤੇ ਕਿਉਂਕਿ ਉਹ ਸਮਾਜਿਕ ਜੀਵਨ ਵਿੱਚ ਅਲੱਗ-ਥਲੱਗਤਾ ਲਿਆਉਂਦੀਆਂ ਹਨ। ਜਾਤੀ ਵਿਵਸਥਾ ਦੇਸ਼ ਵਿਰੋਧੀ ਵੀ ਹੁੰਦੀ ਹੈ । ਕਿਉਂਕਿ ਉਹ ਇਕ ਜਾਤ ਵਿਚ ਦੂਜੀ ਜਾਤ ਦੇ ਪ੍ਰਤੀ ਈਰਖਾ ਅਤੇ ਵਿਰੋਧਤਾ ਪੈਦਾ ਕਰਦੀ ਹੈ। ਪਰ ਜੇ ਅਸੀਂ ਅਸਲੀਅਤ ਵਿੱਚ ਇਕ ਰਾਸ਼ਟਰ ਬਣਨ ਦੀ ਇੱਛਾ ਰੱਖਦੇ ਹਾਂ ਤਾਂ ਸਾਨੂੰ ਇਨ੍ਹਾਂ ਸਾਰੀਆਂ ਮੁਸ਼ਕਲਾਂ 'ਤੇ ਕਾਬੂ ਪਾਉਣਾ ਚਾਹੀਦਾ ਹੈ। ਭਰੱਪਣ ਇੱਕ ਤੱਥ ਹੋ ਸਕਦਾ ਹੈ ਜਦੋਂ ਇੱਕ ਰਾਸ਼ਟਰ ਹੁੰਦਾ ਹੈ। ਬਿਨਾਂ ਭਰੱਪਣਸਮਾਨਤਾ ਅਤੇ ਆਜ਼ਾਦੀ ਗਹਿਰੇ ਰੂਪ ਵਿਚ ਨਹੀਂ ਹੋ ਸਕਦੀ ਇਹ ਉਪਰੋਂ ਰੰਗ ਦੀਆਂ ਪਰਤਾਂ ਚੜਾਉਣ ਜਿਹਾ ਕੰਮ ਹੋਵੇਗਾ।

ਉਹ ਆਪਣੇ ਹਾਕੀ ਹੁਨਰ ਨੂੰ ਨਿਖਾਰਨ ਲਈ ਰਾਊਰਕੇਲਾ (2004) ਵਿੱਚ ਪਨਪੋਸ਼ ਸਪੋਰਟਸ ਹੋਸਟਲ ਵਿੱਚ ਸ਼ਾਮਲ ਹੋਇਆ। ਉਹ ਸ਼ੁਰੂ ਵਿੱਚ ਇੱਕ ਫਾਰਵਰਡ ਸੀ, ਪਰ ਬਿਜੇ ਲਾਕੜਾ - ਸਪੋਰਟਸ ਹੋਸਟਲ, ਪਨਪੋਸ਼ ਵਿੱਚ ਉਸਦੇ ਕੋਚ - ਨੇ ਉਸਨੂੰ ਚੰਗੀ ਸਰੀਰਕ ਅਤੇ ਭਾਰ ਚੁੱਕਣ ਦੀ ਸਮਰੱਥਾ ਦੇ ਕਾਰਨ ਬਚਾਅ ਵਿੱਚ ਬਦਲਣ ਦੀ ਸਲਾਹ ਦਿੱਤੀ।ਰੋਹੀਦਾਸ ਨੇ ਆਪਣੇ ਕੋਚ ਨੂੰ ਸਹੀ ਸਾਬਤ ਕੀਤਾ। ਦੋ ਸਾਲਾਂ ਦੇ ਅੰਦਰ, ਉਹ ਹੋਸਟਲ ਦੇ ਨਾਲ-ਨਾਲ ਰਾਜ ਟੀਮ ਦਾ ਨਿਯਮਤ ਮੈਂਬਰ ਬਣ ਗਿਆ। ਉਸਨੂੰ ਆਪਣੀ ਪਹਿਲੀ ਵੱਡੀ ਸਫਲਤਾ ਮਿਲੀ ਜਦੋਂ ਉਸਨੂੰ 2009 ਵਿੱਚ ਮਿਆਂਮਾਰ ਵਿੱਚ ਹੋਏ ਅੰਡਰ-18 ਏਸ਼ੀਆ ਕੱਪ ਲਈ ਭਾਰਤੀ ਟੀਮ ਵਿੱਚ ਚੁਣਿਆ ਗਿਆ। ਹਾਲਾਂਕਿ ਭਾਰਤ ਪੰਜਵੇਂ ਸਥਾਨ 'ਤੇ ਰਿਹਾ, ਰੋਹੀਦਾਸ ਨੇ ਡਰੈਗ ਫਲਿੱਕਾਂ ਰਾਹੀਂ ਆਪਣੇ ਪੈਨਲਟੀ ਕਾਰਨਰ ਨੂੰ ਬਦਲ ਕੇ ਪ੍ਰਭਾਵਿਤ ਕੀਤਾ ਅਤੇ ਟੂਰਨਾਮੈਂਟ ਵਿੱਚ 7 ਗੋਲਾਂ ਨਾਲ ਚੋਟੀ ਦੇ ਸਕੋਰਰ ਵਜੋਂ ਉਭਰਿਆ।ਉਹ ਮਲੇਸ਼ੀਆ ਵਿੱਚ ਸੁਲਤਾਨ ਜੋਹੋਰ ਕੱਪ ਵਿੱਚ ਭਾਰਤ ਦੀ ਚਾਂਦੀ ਦਾ ਤਗਮਾ ਜਿੱਤਣ ਵਾਲੀ ਟੀਮ ਦਾ ਵੀ ਹਿੱਸਾ ਸੀ।

## 26 ਨਵੰਬਰ, 2021 ਲਈ ਭਾਰਤੀ ਸੰਵਿਧਾਨ ਦਿਵਸ ਸਬੰਧੀ ਵਿਸ਼ੇਸ਼

# ਭਾਰਤੀ ਸੰਵਿਧਾਨ ਅੱਜ ਦੇ ਦਿਨ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਪਾਸ ਹੋਇਆ ਸੀ

ਅੱਜ 26 ਨਵੰਬਰ, 2021 ਨੂੰ ਅਸੀਂ ਭਾਰਤੀ ਸੰਵਿਧਾਨ ਦਿਵਸ ਮਨਾ ਰਹੇ ਹਾਂ। ਭਾਰਤ ਦਾ ਸੰਵਿਧਾਨ ਜੋਕਿ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੁਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਜੇਕਰ ਭਾਰਤੀ ਸੰਵਿਧਾਨ ਦਾ ਇਤਿਹਾਸ ਵੇਖੀਏ ਤਾਂ ਸੰਵਿਧਾਨ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਅੰਤਰਰਾਸ਼ਟਰੀ ਮਸ਼ਹੂਰ ਕ੍ਰਾਂਤੀਕਾਰੀ ਕਾਮਰੇਡ ਐਮ ਐਨ ਰਾਓ ਨੇ 1934 ਵਿੱਚ ਦਿੱਤਾ ਸੀ ਜਿਸਨੂੰ ਕਾਂਗਰਸ ਨੇ 1935 ਵਿੱਚ ਸਵਿਕਾਰ ਕਰ ਲਿਆ। 1940 ਵਿੱਚ ਬਰਤਾਨੀਆ ਸਰਕਾਰ ਨੇ ਇੱਕ ਪ੍ਰਸਤਾਵ ਪੇਸ ਕੀਤਾ ਜਿਸਨੂੰ ਅਗੱਸਤ ਆਫਰ ਵੀ ਕਿਹਾ ਜਾਂਦਾ ਹੈ ਜਿਸ ਵਿੱਚ ਭਾਰਤ ਵਾਸੀਆਂ ਵਲੋਂ ਅਪਣਾ ਸੰਵਿਧਾਨ ਬਣਾਉਣ ਨੂੰ ਮਾਨਤਾ ਦੇਣਾ ਵੀ ਸ਼ਾਮਿਲ ਸੀ। ਦੂਜੇ ਵਿਸ਼ਵ ਯੁੱਧ ਤੋਂ ਬਾਦ ਜੁਲਾਈ 1945 ਵਿੱਚ ਬਰਤਾਨੀਆ ਸਰਕਾਰ ਨੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬਿਨਟ ਮਿਸ਼ਨ ਜਿਸ ਵਿੱਚ 03 ਮੰਤਰੀ ਸ਼ਾਮਿਲ ਸਨ ਭਾਰਤ ਭੇਜਿਆ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਬਣਾਏ ਗਏ ਸਨ। ਇਸ ਸਬੰਧੀ ਕੁੱਲ 12 ਸੈਸ਼ਨ ਹੋਏ ਜਿਸ ਵਿੱਚ ਪਹਿਲਾ ਸੈਸ਼ਨ 09 ਤੋਂ 23 ਦਸੰਬਰ 1946 ਤੱਕ, ਦੂਜਾ ਸੈਸ਼ਨ 20 ਤੋਂ 25 ਜਨਵਰੀ 1947 ਤੱਕ, ਤੀਜ਼ਾ ਸੈਸ਼ਨ 28 ਅਪ੍ਰੈਲ ਤੋਂ 02 ਮਈ 1947 ਤੱਕ, ਚੋਥਾ ਸੈਸ਼ਨ 13-14 ਜੁਲਾਈ 1947, ਪੰਜਵਾਂ ਸੈਸ਼ਨ 14 ਤੋਂ 30 ਅਗੱਸਤ 1947 ਤੱਕ, ਛੇਵਾਂ ਸੈਸ਼ਨ 27 ਜਨਵਰੀ 1948 ਨੂੰ, ਸੱਤਵਾਂ ਸੈਸ਼ਨ 04 ਨਵੰਬਰ 1948 ਤੋਂ 08 ਜਨਵਰੀ 1949 ਤੱਕ, ਅੱਠਵਾਂ ਸੈਸ਼ਨ 16 ਮਈ ਤੋਂ 16 ਜੂਨ 1949 ਤੱਕ, ਨੌਵਾਂ ਸੈਸ਼ਨ 30 ਜੁਲਾਈ ਤੋਂ 18 ਸਤੰਬਰ 1949 ਤੱਕ, ਦਸਵਾਂ ਸੈਸ਼ਨ 6 ਤੋਂ 17 ਅਕਤੂਬਰ 1949 ਤੱਕ, ਗਿਆਰਵਾਂ ਸੈਸ਼ਨ 14 ਤੋਂ 26 ਨਵੰਬਰ 1949 ਤੱਕ ਅਤੇ ਬਾਰਵਾਂ ਸੈਸ਼ਨ 24 ਜਨਵਰੀ 1950 ਨੂੰ ਹੋਇਆ। ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ ਜਿਨ੍ਹਾਂ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਡਾਕਟਰ ਰਾਜਿੰਦਰ ਪ੍ਰਸਾਦ, ਸੰਜੇ ਫਾਕੇ, ਸੰਦੀਪ ਕੁਮਾਰ ਪਟੇਲ, ਨਲਿਨੀ ਰੰਜਨ ਘੋਸ਼, ਬਲਵੰਤ ਰਾਏ ਮਹਿਤਾ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬਦੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸ਼ਾਮਲ ਸਨ। ਇਸ ਸਭਾ ਵਿੱਚ ਲੱਗਭੱਗ 30 ਮੈਂਬਰ ਅਨੁਸੂਚਿਤ ਜਾਤਾਂ ਨਾਲ ਸਬੰਧਿਤ ਸਨ, ਫਰਾਂਕ ਐਂਥੋਨੀ ਐਂਗਲੋਂ-ਇੰਡੀਅਨ ਕਮਿਉਨਿਟੀ ਦੀ ਪ੍ਰਤੀਨਿਧਤਾ ਕਰ ਰਹੇ ਸਨ, ਐਚ ਪੀ ਮੋਦੀ ਪਾਰਸੀਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਮਾਇਨਾਰਿਟੀ ਕਮੇਟੀ ਦੇ ਚੇਅਰਮੈਨ ਹਰਿੰਦਰ ਕੂਮਰ ਮੁਕਰਜੀ ਇਸਾਈਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ, ਅਰੀ ਬਹਾਦੁਰ ਗੁਰਰੰਗ ਗੋਰਖਿਆਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਸਿੱਖਾਂ ਦੀ ਪ੍ਰਤੀਨਿਧਤਾ ਕਰ ਰਹੇ ਸਰਦਾਰ ਹੁਕਮ ਸਿੰਘ ਨੇ ਇਹ ਕਹਿਕੇ ਸੰਵਿਧਾਨ ਡਰਾਫਟ ਤੇ ਦਸਤਖੱਤ ਨਹੀਂ ਕੀਤੇ ਸਨ ਕਿ ਇਸ ਵਿੱਚ ਸਿੱਖਾਂ ਦੀ ਵਖਰੀ ਪਹਿਚਾਣ ਅਤੇ ਅਧਿਕਾਰ ਸੁਰੱਖਿਅਤ ਨਹੀਂ ਹਨ। ਇਸ ਕਮੇਟੀ ਵਿੱਚ ਸਰੋਜਿਨੀ ਨਾਇਡੂ, ਹਾਂਸਾ ਮਹਿਤਾ, ਦੁਰਗਾਬਾਈ ਦੇਸ਼ਮੁਖ, ਰਾਜ ਕੁਮਾਰੀ ਅਮ੍ਰਿਤ ਕੌਰ, ਵਿਜੈਲਕਸ਼ਮੀ ਪੰਡਿਤ ਵਰਗੀਆਂ ਉੱਘੀਆਂ ਮਹਿਲਾ ਆਗੂ ਵੀ ਸ਼ਾਮਿਲ ਸਨ। ਇਸ ਕਮੇਟੀ ਦੀ ਪਹਿਲੇ ਦੋ ਦਿਨ ਦੀ ਅਸਥਾਈ ਮੀਟਿੰਗ ਦੀ ਪ੍ਰਧਾਨਗੀ ਡਾਕਟਰ ਸਚਿੰਦਾ ਨੰਦਾ ਸਿਨਹਾ ਨੇ ਕੀਤੀ ਅਤੇ ਫਿਰ ਰਾਜਿੰਦਰ ਪ੍ਰਸਾਦ ਨੂੰ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ। 14 ਅਗਸਤ 1947 ਨੂੰ ਸੰਵਿਧਾਨ ਸਭਾ ਦੀ ਹੋਈ ਮੀਟਿੰਗ ਵਿੱਚ ਵੱਖ ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਮੌਲਿਕ ਅਧਿਕਾਰਾਂ ਸਬੰਧੀ ਕਮੇਟੀ, ਸੰਘੀ ਸ਼ਕਤੀ ਕਮੇਟੀ ਅਤੇ ਸੰਘੀ ਸੰਵਿਧਾਨ ਕਮੇਟੀ ਸ਼ਾਮਿਲ ਸੀ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਇਸ ਕਮੇਟੀ ਵਿੱਚ 6 ਹੋਰ ਮੈਂਬਰ ਪੰਡਿਤ ਗੋਬਿੰਦ ਵਲਭ ਪੰਤ, ਕੇ ਐਮ ਮੁਨਸ਼ੀ ਸਾਬਕਾ ਗ੍ਰਿਹ ਮੰਤਰ ਬੰਬੇ, ਅਲਾਦੀ ਕ੍ਰਿਸ਼ਨਾ ਸਵਾਮੀ ਅਈਅਰ ਸਾਬਕਾ ਐਡਵੋਕੇਟ ਜਨਰਲ ਮਦਰਾਸ ਰਾਜ, ਐਨ ਗੋਪਾਲਾਸਵਾਮੀ ਐਂਇਗਰ ਸਾਬਕਾ ਪ੍ਰਧਾਨ ਮੰਤਰੀ ਜੰਮੂ ਕਸ਼ਮੀਰ, ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ, ਮੁਹੰਮਦ ਸਾਦਉੱਲਾ ਸਾਬਕਾ ਮੁੱਖ ਮੰਤਰੀ ਅਸਾਮ ਅਤੇ ਮੁਸਲਿਮ ਲੀਗ ਮੈਂਬਰ ਅਤੇ ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਸਨ। ਆਈ ਸੀ ਐਸ ਅਧਿਕਾਰੀ ਸਰ ਬੈਨੇਗਲ ਨਾਰਸਿੰਗ ਰਾਓ ਜੋਕਿ ਬੰਗਾਲ ਹਾਈ ਕੌਰਟ ਦੇ ਜੱਜ ਰਹੇ ਨੂੰ ਸੰਵਿਧਾਨਿਕ ਸਲਾਹਕਾਰ ਬਣ-ਾਇਆ ਗਿਆ। ਬਾਦ ਵਿੱਚ ਇੱਕ ਮੈਂਬਰ ਬੀ ਐਲ ਮਿਤਰ ਸਾਬਕਾ ਐਡਵੋਕੇਟ ਜਨਰਲ ਨੇ ਅਸਤੀਫਾ ਦੇ ਦਿਤਾ ਤੇ ਉਨ੍ਹਾਂ ਦੀ ਥਾਂ ਮਾਧਵ ਰਾਓ ਕਨੂੰਨੀ ਸਲਾਹਕਾਰ ਮਹਾਰਾਜਾ ਬੜੋਦਾ ਨੂੰ ਮੈਂਬਰ ਲਿਆ ਗਿਆ। ਡੀ ਪੀ ਖੈਤਾਨ ਉੱਘੇ ਵਕੀਲ ਅਤੇ ਖੈਤਾਨ ਵਪਾਰਿਕ ਘਰਾਣੇ ਦੇ ਮੈਂਬਰ ਦੀ ਮੌਤ ਹੋਣ ਕਾਰਨ ਟੀ ਟੀ ਕ੍ਰਿਸ਼ਨਾਮਾਚਾਰੀ ਨੂੰ ਕਮੇਟੀ ਮੈਂਬਰ ਬਣਾਇਆ ਗਿਆ। ਸੰਵਿਧਾਨ ਸਭਾ ਨੇ 2 ਸਾਲ, 11 ਮਹੀਨੇ ਅਤੇ 18 ਦਿਨ ਵਿੱਚ ਲੱਗਭੱਗ 166 ਦਿਨ ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਇਸ ਦੀਆਂ ਬੈਠਕਾਂ ਵਿੱਚ ਪ੍ਰੈਸ ਅਤੇ ਜਨਤਾ ਨੂੰ ਭਾਗ ਲੈਣ ਦੀ ਅਜ਼ਾਦੀ ਸੀ।




ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ਼ ਕੀਤਾ ਗਿਆ। ਡਰਾਫਟ ਸਬੰਧੀ ਸੰਵਿਧਾਨ ਸਭਾ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ 2 ਸਾਲਾਂ ਦੌਰਾਨ ਲੱਗਭੱਗ 2000 ਸੋਧ ਕੀਤੇ ਗਏ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬਿਟ੍ਰਿਸ਼ ਦਾ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਅੱਜ ਦੇ ਦਿਨ 26 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਸਬੰਧੀ ਸਾਰੀ ਕਾਰਵਾਈ ਮੁਕੰਮਲ ਹੋ ਗਈ ਸੀ ਅਤੇ ਸਵਿੰਧਾਨ ਸਭਾ ਨੇ ਭਾਰਤੀ ਸੰਵਿਧਾਨ ਨੂੰ ਸਵਿਕਾਰ ਕਰ ਲਿਆ ਸੀ। ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਉਸ ਸਮੇਂ ਲੱਗਭੱਗ 6 ਕਰੋੜ ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਇੰਗਲੈਂਡ ਦੇ ਸੰਵਿਧਾਨ ਨਾਲ ਬਿਲਕੁੱਲ ਮਿਲਦਾ ਜੁਲਦਾ ਹੈ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਦੇ ਆਰਟੀਕਲ 5, 6, 7, 8,9,60, 324, 366, 367, 379, 380, 388, 391, 392, 393 ਅਤੇ 394 ਆਦਿ 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖੱਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖੱਤ ਕੀਤੇ। ਭਾਰਤੀ ਸੰਵਿਧਾਨ ਦੀ ਅਸਲੀ ਕਾਪੀ ਹੱਥ ਲਿਖਿਤ ਹੈ ਅਤੇ ਇਸਤੇ ਸ਼ਾਂਤੀਨਿਕੇਤਨ ਦੇ ਕਲਾਕਾਰਾਂ ਜਿਨ੍ਹਾਂ ਵਿੱਚ ਰਾਮ ਮਨੋਹਰ ਸਿਨਹਾ ਅਤੇ ਨੰਦ ਲਾਲ ਬੋਸ ਸ਼ਾਮਿਲ ਸਨ ਨੇ ਸਜ਼ਾਵਟ ਕੀਤੀ ਸੀ। 26 ਜਨਵਰੀ, 1950 ਨੂੰ ਭਾਰਤੀ ਸੰਵਿਧਾਨ ਮੁਕੰਮਲ ਰੂਪ ਵਿੱਚ ਲਾਗੂ ਕੀਤਾ ਗਿਆ। 26 ਜਨਵਰੀ ਦਾ ਦਿਨ ਭਾਰਤੀ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਸੀ ਕਿਉਂਕਿ 26 ਜਨਵਰੀ 1930 ਨੂੰ ਹੀ ਕਾਂਗਰਸ ਨੇ ਸੰਪੂਰਨ ਸਵੈਰਾਜ ਦਿਵਸ ਮਨਾਇਆ ਸੀ ਅਤੇ ਮੁਕੰਮਲ ਅਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਸੀ। 26 ਜਨਵਰੀ ਦਾ ਦਿਨ ਭਾਰਤ ਵਿੱਚ ਗਣ-ਤੰਤਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਭਾਰਤ ਦੇ ਸੰਵਿਧਾਨ ਨੇ ਭਾਰਤੀ ਲੋਕਾਂ ਦੀ ਬਿਹਤਰੀ ਲਈ ਬਹੁਤ ਸਾਰੇ ਨਿਯਮ ਬਣਾਏ ਹਨ। ਭਾਰਤ ਦੇ ਸੰਵਿਧਾਨ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਦੁਆਰਾ ਲੋਕਾਂ ਨੂੰ ਉਨ੍ਹਾਂ ਦੀ ਭਲਾਈ ਲਈ ਉਚਿਤ ਅਧਿਕਾਰ ਮਿਲੇ ਹਨ।



ਕੁਲਦੀਪ ਚੰਦ
91-9417563054

ਭਾਰਤ ਦਾ ਸੰਵਿਧਾਨ ਵਿਆਪਕ ਅਤੇ ਲਿਖਤੀ ਹੈ, ਭਾਰਤ ਦੇ ਸੰਵਿਧਾਨ ਵਿੱਚ ਚੁਣੇ ਗਏ ਮੈÐਬਰਾਂ ਦੀ ਲੋਕਤੰਤਰੀ ਸਰਕਾਰ ਸ਼ਾਮਲ ਹੈ, ਭਾਰਤ ਦਾ ਸੰਵਿਧਾਨ ਲੋਕਾਂ ਨੂੰ ਰਹਿਣ-ਸਹਿਣ, ਭਾਸ਼ਣ, ਸਿੱਖਿਆ, ਯਾਤਰਾ, ਧਰਮ ਅਤੇ ਹੋਰ ਬਹੁਤ ਕੁਝ ਕਰਨ ਦੀ ਆਜ਼ਾਦੀ ਦਿੰਦਾ ਹੈ। ਭਾਰਤ ਦਾ ਸੰਵਿਧਾਨ ਗੈਰ-ਲਚਕੀਲਾ ਅਤੇ ਲਚਕੀਲਾ ਵੀ ਹੈ, ਭਾਰਤ ਦੇ ਸੰਵਿਧਾਨ ਵਿੱਚ ਰਾਸ਼ਟਰੀ ਪੱਧਰ ਤੇ ਜਾਤੀ ਪ੍ਰਣਾਲੀ ਦਾ ਖਾਤਮਾ ਹੈ, ਸੰਵਿਧਾਨ ਵਿੱਚ ਔਰਤਾਂ ਨੂੰ ਹਰ ਕਿਸਮ ਦੀ ਵੋਟਿੰਗ ਦਾ ਅਧਿਕਾਰ ਮਿਲਿਆ ਹੈ। ਭਾਰਤੀ ਸੰਵਿਧਾਨ ਦੀ ਪਾਲਣਾ ਬਹੁਤ ਸਾਰੇ ਦੇਸ਼ ਕਰਦੇ ਹਨ। ਭੂਟਾਨ ਜੋ ਕਿ ਭਾਰਤ ਦਾ ਗੁਆਂਢੀ ਦੇਸ਼ ਹੈ ਨੇ ਭਾਰਤੀ ਲੋਕਤੰਤਰੀ ਪ੍ਰਣਾਲੀ ਨੂੰ ਸਵੀਕਾਰ ਕਰ ਲਿਆ ਹੈ। ਸਾਲ 2015 ਵਿੱਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੀ 125ਵੀਂ ਜਯੰਤੀ ਮਨਾਉਣ ਦੀ ਘੋਸਣਾ ਕੀਤੀ ਗਈ ਤਾਂ ਨਾਲ ਹੀ 26 ਨਵੰਬਰ ਦਾ ਦਿਨ ਵੀ ਸੰਵਿਧਾਨ ਦਿਵਸ ਦੇ ਤੌਰ ਤੇ ਮਨਾਉਣ ਦੀ ਘੋਸ਼ਣਾ ਕੀਤੀ ਗਈ। ਭਾਰਤੀ ਸੰਵਿਧਾਨ ਅਤੇ ਡਾਕਟਰ ਅੰਬੇਡਕਰ ਨੂੰ ਸ਼ਰਧਾਂਜਲੀ ਦੇਣ ਲਈ 26 ਨਵੰਬਰ 2015 ਨੂੰ ਭਾਰਤੀ ਸੰਸਦ ਦਾ ਵਿਸ਼ੇਸ਼ ਸ਼ੈਸ਼ਨ ਹੋਇਆ ਅਤੇ ਸੰਸਦ ਭਵਨ ਤੇ ਵਿਸ਼ੇਸ਼ ਦੀਪਮਾਲਾ ਕੀਤੀ ਗਈ। ਖੇਡ ਵਿਭਾਗ ਨੇ ਰੱਨ ਫਾਰ ਇਕੁਆਲਿਟੀ ਦਾ ਆਯੋਜਨ ਕੀਤਾ। ਵਿਦੇਸ਼ ਮੰਤਰਾਲਿਆ ਨੇ ਵੀ ਸਮੂਹ ਵਿਦੇਸ਼ੀ ਭਾਰਤੀ ਸਕੂਲਾਂ ਨੂੰ ਵੀ ਸੰਵਿਧਾਨ ਦਿਵਸ ਮਨਾਉਣ ਦੀ ਹਦਾਇਤ ਕੀਤੀ ਅਤੇ ਸਮੂਹ ਦੂਤਘਰਾਂ ਨੂੰ ਵੀ ਭਾਰਤੀ ਸੰਵਿਧਾਨ ਨੂੰ ਉਸ ਦੇਸ਼ ਦੀ ਸਥਾਨਕ ਭਾਸ਼ਾ ਵਿੱਚ ਅਨੁਵਾਦ ਕਰਨ ਅਤੇ ਇਸਨੂੰ ਵੱਖ ਵੱਖ ਅਕੈਡਮੀਆਂ, ਲਾਇਬ੍ਰੇਰੀਆਂ ਆਦਿ ਵਿੱਚ ਵੰਡਣ ਲਈ ਕਿਹਾ ਹੈ। ਭਾਰਤੀ ਸੰਵਿਧਾਨ ਦਾ ਅਰਬੀ ਵਿੱਚ ਅਨੁਵਾਦ ਮੁਕੰਮਲ ਹੋ ਗਿਆ ਹੈ ਅਤੇ ਹੋਰ ਕਈ ਭਾਸ਼ਾਵਾਂ ਵਿੱਚ ਇਹ ਕੰਮ ਤੇਜੀ ਨਾਲ ਚੱਲ ਰਿਹਾ ਹੈ।

ਬੇਸ਼ੱਕ ਭਾਰਤੀ ਸੰਵਿਧਾਨ ਤਿਆਰ ਕਰਨ ਵਾਲਿਆਂ ਨੇ ਹਰ ਵਰਗ ਦਾ ਖਿਆਲ ਰੱਖਕੇ ਸੰਵਿਧਾਨ ਤਿਆਰ ਕੀਤਾ ਸੀ ਪ੍ਰੰਤੂ ਇਸਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਅਣਗਹਿਲੀ ਕਾਰਨ ਅਜੇ ਵੀ ਦੇਸ਼ ਦੇ ਕਈ ਵਰਗਾਂ ਵਿੱਚ ਬੇਚੈਨੀ ਅਤੇ ਅਸੰਤੁਸ਼ਟਤਾ ਪਾਈ ਜਾ ਰਹੀ ਹੈ ਇਸ ਲਈ ਸਾਡੇ ਨੀਤੀ ਨਿਰਮਾਤਾਵਾਂ ਅਤੇ ਨੀਤੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਭਾਰਤੀ ਸੰਵਿਧਾਨ ਨੂੰ ਸਹੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ।

# ਰੋਟਰੈਕਟ ਕਲੱਬ ਭਾਖੜ੍ਹਾ ਨੰਗਲ ਨੇ ਅਰਪਨ ਸੰਸਥਾ ਨਾਲ ਮਿਲਕੇ ਮਹਿਲਾਵਾਂ ਲਈ ਸਿਹਤ ਸੰਭਾਲ ਸਬੰਧੀ ਜਾਗਰੂਕਤਾ ਕੈਂਪ ਲਗਾਇਆ

ਅਰਪਨ ਸੰਸਥਾ ਵਲੋਂ ਸੋਸਾਇਟੀ ਫਾਰ ਸਰਵਿਸਜ਼ ਟੂ ਵਲੰਟਰੀ ਏਜੰਸੀਜ਼ ਨਾਰਥ ਚੰਡੀਗੜ੍ਹ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਜੱਚਾ ਬੱਚਾ ਸੁਰੱਖਿਆ ਪ੍ਰੋਗਰਾਮ ਅਧੀਨ ਰੋਟਰੈਕਟ ਕਲੱਬ ਭਾਖੜ੍ਹਾ ਨੰਗਲ ਵਲੋਂ ਅਰਪਨ ਸੰਸਥਾ ਨਾਲ ਮਿਲਕੇ ਮਹਿਲਾਵਾਂ ਅਤੇ ਲੜਕੀਆਂ ਲਈ ਸਿਹਤ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਰੋਟਰੈਕਟ ਕਲੱਬ ਦੇ ਪ੍ਰਧਾਨ ਪੰਕਜ ਸੈਣੀ, ਸਕੱਤਰ ਸ਼ਾਇਨਾ, ਸਾਬਕਾ ਪ੍ਰਧਾਨ ਰੂਪਿੰਦਰਜੀਤ ਰੂਬੀ, ਰੋਹਿਤ, ਅਰਸ਼ਦੀਪ ਸਿੰਘ, ਗੋਰਵ, ਪਲਵੀ, ਅਰਸ਼ਦੀਪ ਕੌਰ, ਰੋਟਰੀ ਕਲੱਬ ਦੇ ਸਾਬਕਾ ਏਜੀ ਪਰਮਿੰਦਰ ਸੰਧੂ, ਜੀਤ ਰਾਮ ਸ਼ਰਮਾ, ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ, ਮੈਡਮ ਰੀਤਿਕਾ, ਮੋਨਿਕਾ, ਰੁਪਾਲੀ, ਪੂਜਾ ਠਾਕੁਰ ਆਦਿ ਨੇ ਕੈਂਪ ਵਿੱਚ ਹਾਜਰ ਲੜਕੀਆਂ ਅਤੇ ਮਹਿਲਾਵਾਂ ਨੂੰ ਸਿਹਤ ਸੰਭਾਲ ਸਬੰਧੀ ਜਾਣਕਾਰੀ ਦਿੱਤੀ। ਮੈਡਮ ਰੀਤਿਕਾ ਨੇ ਸਰਕਾਰ ਦੇ ਜੱਚਾ-ਬੱਚਾ ਸੁਰਖਿਆ ਪ੍ਰੋਗਰਾਮ, ਖਾਣ ਪੀਣ ਦੀਆਂ ਵਸਤਾਂ ਵਿੱਚ ਹੋ ਰਹੀ ਮਿਲਾਵਟਖੋਰੀ, ਐਚ ਆਈ ਵੀ ਏਡਜ਼ ਆਦਿ ਬਾਰੇ ਦੱਸਿਆ। ਉਨ੍ਹਾਂ ਨੇ ਸਰਕਾਰ ਵਲੋਂ ਚੱਲ ਰਹੀਆਂ ਸਿਹਤ ਸੇਵਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਲੜਕੀਆਂ ਨੂੰ ਕਿਸ਼ੋਰ ਅਵਸਥਾ ਵਿੱਚ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਸਰੀਰ ਵਿੱਚ ਕਿਹੜੇ-ਕਿਹੜੇ ਪਰਿਵਰਤਨ ਆਉਂਦੇ ਹਨ ਬਾਰੇ ਦੱਸਿਆ। ਰੋਟਰੈਕਟ ਕਲੱਬ ਭਾਖੜ੍ਹਾ ਨੰਗਲ ਦੇ ਸਾਬਕਾ ਪ੍ਰਧਾਨ ਮੈਡਮ ਰੂਪਿੰਦਰਜੀਤ ਰੂਬੀ ਨੇ ਲੜਕੀਆਂ ਨੂੰ ਮਹਾਂਵਾਰੀ ਬਾਰੇ ਜਾਣਕਾਰੀ ਦਿਤੀ। ਉਨ੍ਹਾਂ ਨੇ ਗੁਪਤ ਰੋਗਾਂ, ਐਚ ਆਈ ਵੀ/ਏਡਜ ਦੇ ਰੋਗਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਦੱਸਿਆ ਕਿ ਲੜਕੀਆਂ ਅਤੇ ਮਹਿਲਾਵਾਂ ਨੂੰ ਮਹਾਂਵਾਰੀ ਦੋਰਾਨ ਹਮੇਸ਼ਾ ਹੀ ਨੈਪਕਿਨ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਲਾਗ ਦੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਓ ਹੋ ਸਕੇ। ਇਸ ਕੈਂਪ ਵਿੱਚ ਹਾਜਰ ਲੜਕੀਆਂ ਅਤੇ ਮਹਿਲਾਵਾਂ ਨੂੰ ਮੁੱਫਤ ਸੈਨੇਟਰੀ ਨੈਪਕਿਨ ਦਿੱਤੇ ਗਏ। ਮੈਡਮ ਮੋਨਿਕਾ ਨੇ ਲੜਕੀਆਂ ਨੂੰ ਖੁਰਾਕ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿਤੀ। ਉਨ੍ਹਾਂ ਨੇ ਗਰਭਵਤੀ ਮਾਂਵਾਂ ਅਤੇ ਬੱਚੇ ਦੇ ਹੋਣ ਵਾਲੇ ਟੀਕਾਕਰਣ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿਤੀ। ਮੈਡਮ ਰੁਪਾਲੀ ਨੇ ਜੱਚਾ ਬੱਚਾ ਸੁਰ-ਖਿਆ ਪ੍ਰੋਗਰਾਮ ਅਧੀਨ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁਫਤ ਜਣੇਪਾ ਯੋਜਨਾ ਬਾਰੇ ਵਿਸਥਾਰ ਵਿੱਚ ਦੱਸਿਆ। ਕੁਲਦੀਪ ਚੰਦ ਨੇ ਅਰਪਨ ਵਲੋਂ ਕੀਤੇ ਜਾ ਰਹੇ ਸਮਾਜ ਭਲਾਈ ਕੰਮਾ ਬਾਰੇ ਜਾਣਕਾਰੀ ਦਿਤੀ। ਉਨ੍ਹਾਂ ਕਿਹਾ ਕਿ ਜੇਕਰ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਪੜ੍ਹਣ ਅਤੇ ਵਿਕਾਸ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਉਹ ਵੀ ਅਪਣੇ ਮਾਪਿਆਂ ਦਾ, ਪਿੰਡ ਦਾ, ਸਮਾਜ ਦਾ ਅਤੇ ਦੇਸ਼ ਦਾ ਨਾਮ ਰੋਸ਼ਨ ਕਰ ਸਕਦੀਆਂ ਹਨ। ਰੋਟੇਰੀਅਨ ਪਰਮਿੰਦਰ ਸੰਧੂ ਨੇ ਰੋਟਰੈਕਟ ਕਲੱਬ ਅਤੇ ਰੋਟਰੀ ਕਲੱਬ ਦੇ ਕੰਮਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ। ਉਨ੍ਹਾਂ ਦੱਸਿਆ ਕਿ ਸਮਾਜਿਕ ਵਿਕਾਸ ਅਤੇ ਆਰਥਿਕ ਤੌਰ ਤੇ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਲਈ ਸਰਕਾਰ ਦੁਆਰਾ ਕਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਮਹਿਲਾਵਾਂ ਨੂੰ ਇਨ੍ਹਾਂ ਦਾ ਭਰਪੂਰ ਲਾਭ ਲੈਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ਼ ਦਾ ਸਹੀ ਦਿਸ਼ਾ ਵਿੱਚ ਵਿਕਾਸ ਹੋ ਸਕੇ। ਮੈਡਮ ਪੂਜਾ ਠਾਕੁਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਾਜਰ ਪਿੰਕੀ, ਕਵਿਤਾ, ਅੰਜਲੀ, ਨਗਮਾ, ਸੋਮਾ, ਨਿਰਜਲਾ, ਜਯੋਤੀ, ਨੀਲਮ, ਊਸ਼ਾ, ਮੁਸਕਾਨ, ਮਧੂ, ਅਨੀਤਾ, ਰੇਖਾ, ਅੰਤਿਕਾ, ਦਿਕਸ਼ਾ, ਸੀਮਾ, ਮੀਨਾ, ਰਮਾ, ਅਮਨਦੀਪ, ਜਸਵਿੰਦਰ, ਸੁਮਨ, ਹਰਦੀਪ, ਮਮਤਾ, ਪਰਵੀਨ, ਮੋਨਿਕਾ, ਮੰਜੂ ਆਦਿ ਨੇ ਦੱਸਿਆ ਕਿ ਇਸ ਕੈਂਪ ਵਿੱਚ ਆਕੇ ਉਨ੍ਹਾਂ ਨੂੰ ਮਹਿਲਾਵਾਂ ਦੀ ਭਲਾਈ ਲਈ ਬਣੀਆਂ ਸਕੀਮਾਂ, ਮਹਿਲਾਵਾਂ ਦੀਆਂ ਸਿਹਤ ਸਮੱਸਿਆਵਾਂ ਅਤੇ ਸਿਹਤ ਸੰਭਾਲ ਸਬੰਧੀ ਲਾਭਕਾਰੀ ਜਾਣਕਾਰੀ ਮਿਲੀ ਹੈ।




ਕੁਲਦੀਪ ਚੰਦ 91-94175-63054

# ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ



ਹਰਦੀਪ ਸਿੰਘ ਚੁੰਬਰ
+91-94636-01616

26 ਨਵੰਬਰ – ਭਾਰਤ ਦਾ ਸੰਵਿਧਾਨ ਦਿਵਸਹੈ, ਇਸ ਨੂੰ ਕਾਨੂੰਨ ਦਿਵਸ ਨੂੰ ਵਜੋਂ ਵੀ ਜਾਣਿਆ ਜਾਂਦਾ ਹੈ। ਇਹ 26 ਨਵੰਬਰ ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਏ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਭਾਰਤ ਦੀ ਸੰਵਿਧਾਨ ਸਭਾ ਨੇ 26 ਨਵੰਬਰ, 1949 ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਅਤੇ ਇਹ 26 ਜਨਵਰੀ, 1950 ਨੂੰ ਲਾਗੂ ਹੋਇਆ।

ਸੰਵਿਧਾਨ ਬੁਨਿਆਦੀ ਸਿਧਾਂਤਾਂ ਜਾਂ ਸਥਾਪਿਤ ਘਟਨਾਤਮਿਕਤਾਵਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਰਾਜਨੀਤੀ, ਸੰਗਠਨ ਜਾਂ ਹੋਰ ਕਿਸਮਾਂ ਦੀ ਇਕਾਈ ਦਾ ਕਾਨੂੰਨੀ ਅਧਾਰ ਬਣਦਾ ਹੈ ਅਤੇ ਆਮ ਤੌਰ ਤੇ ਨਿਰਧਾਰਤ ਕਰਦਾ ਹੈ ਕਿ ਉਸ ਇਕਾਈ ਨੇ ਕਿਵੇਂ ਸ਼ਾਸਨ ਕਰਨਾ ਹੈ।ਹਰ ਸੰਵਿਧਾਨ ਦੇ ਸੁਰੂਆਤ ਵਿੱਚ ਉਸ ਦੀ ਪ੍ਰਸਤਾਵਨਾ ਹੁੰਦੀ ਹੈ, ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ/ਉਦੇਸ਼ਿਕਾ ਇਸ ਪ੍ਰਕਾਰ ਹੈ;

**ਪ੍ਰਸਤਾਵਨਾ/ ਉਦੇਸ਼ਿਕਾ**

ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਪੂਰਨ ਪ੍ਰਭੂਸਤਾ-ਸੰਪੰਨ ਸੋਸ਼ਲਿਸਟ ਸੈਕੂਲਰ ਡੈਮੋਕ੍ਰੇਟਿਕ ਰੀਪਬਲਿਕ ਵਜੋਂ ਗਠਨ ਕਰਨ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ ਸੁਰੱਖਿਅਤ ਕਰਨ ਦਾ ਵਾਅਦਾ ਕਰਦੇ ਹਾਂ:

ਨਿਆਂ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ;

ਵਿਚਾਰ, ਪ੍ਰਗਟਾਵਾ, ਵਿਸ਼ਵਾਸ, ਵਿਸ਼ਵਾਸ ਅਤੇ ਪੂਜਾ ਦੀ ਆਜ਼ਾਦੀ;

ਰੁਤਬਾ ਅਤੇ ਅਵਸਰ ਦੀ ਸਮਾਨਤਾ;

ਅਤੇ ਉਨ੍ਹਾਂ ਵਿਚਾਲੇ ਸਮੂਹ ਭਾਈਚਾਰੇ ਨੂੰ ਉਤਸ਼ਾਹਤ ਕਰਨਾ ਅਤੇ ਵਿਅਕਤੀ ਦੀ ਮਾਣ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣਾ;

ਅਸੀਂ ਸਾਡੀ ਸੰਵਿਧਾਨ ਸਭਾ ਵਿੱਚ ਨਵੰਬਰ, 1949ਦੇ ਇਸ 26ਵੇਂ ਦਿਨ, ਇਸ ਸੰਵਿਧਾਨ ਨੂੰ ਅਪਣਾਓਂਦੇ ਹਾਂ, ਲਾਗੂ ਕਰਦੇ ਹਾਂ ਅਤੇ ਇਹ ਸੰਵਿਧਾਨ ਆਪਣੇ ਆਪ ਨੂੰ ਅਰਪਿਤ ਕਰਦੇ ਹਾਂ।

ਪ੍ਰਸਤਾਵਨਾ/ਉਦੇਸ਼ਿਕਾਦਾ ਕੀ ਮਤਲਵ ਹੈ?

ਇਕ ਪੇਸ਼ਕਸ਼ ਹੁੰਦੀ ਹੈ, ਇਹ ਇਕ ਦਸਤਾਵੇਜ਼ ਵਿਚ ਇਕ ਸ਼ੁ-ਰੂਆਤੀ ਬਿਆਨ ਹੁੰਦਾ ਹੈ ਜੋ ਦਸਤਾਵੇਜ਼ ਦੇ ਦਰਸ਼ਨ ਅਤੇ ਉਦੇਸ਼ਾਂ ਬਾਰੇ ਦੱਸਦਾ ਹੈ। ਇੱਕ ਸੰਵਿਧਾਨ ਵਿੱਚ, ਇਹ ਆਪਣੇ ਢਾਂਚੇ ਦੀ ਦਿਸ਼ਾ ਅਤੇ ਦਸ਼ਾ ਨੂੰ ਨਿਧਾਰਤ ਕਰਦਾ ਹੈ, ਇਹ ਦਸਤਾਵੇਜ਼ ਦੀ ਸਿਰਜਣਾ ਦੇ ਪਿ-ਛੋਕੜ ਦੇ ਇਤਿਹਾਸ ਅਤੇ ਰਾਸ਼ਟਰ ਦੀਆਂ ਮੁੱਢਲੀਆਂ ਕਦਰਾਂ ਕੀਮਤਾਂ ਅਤੇ ਸਿਧਾਂਤਾਂ ਨੂੰ ਪੇਸ਼ ਕਰਦਾ ਹੈ।

ਪੇਸ਼ਕਾਰੀ ਮੂਲ ਰੂਪ ਵਿੱਚ ਸੰਵਿਧਾਨ ਦਾ ਸਰੋਤ, ਰਾਜ ਦਾ ਸੁਭਾਵ, ਉਦੇਸ਼ਾਂ ਦਾ ਬਿਆਨ, ਅਪਨਾਉਣ ਦੀ ਤਾਰੀਖ ਦੇ ਮੁਦਿਆਂ ਬਿਆਨ ਕਰਦੀ ਹੈ:

**ਪ੍ਰਸਤਾਵ ਦੇ ਹਿੱਸੇ**

ਇਹ ਪ੍ਰਸਤਾਵਤ ਦੁਆਰਾ ਸੰਕੇਤ ਦਿੱਤਾ ਗਿਆ ਹੈ ਕਿ ਸੰਵਿਧਾਨ ਦੇ ਅਧਿਕਾਰ ਦਾ ਸਰੋਤ ਭਾਰਤ ਦੇ ਲੋਕਾਂ ਨਾਲ ਹੈ। ਪ੍ਰਸਤਾਵਤ ਭਾਰਤ ਨੂੰ ਇਕ ਪ੍ਰਭੂਸੱਤਾ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਤੰਤਰ ਐਲਾਨਦਾ ਹੈ।

ਪ੍ਰਸਤਾਵ ਦੁਆਰਾ ਦੱਸੇ ਗਏ ਉਦੇਸ਼ ਹਨ, ਸਾਰੇ ਨਾਗਰਿਕਾਂ ਲਈ ਨਿਆਂ, ਆਜ਼ਾਦੀ, ਸਮਾਨਤਾ ਨੂੰ ਸੁਰੱਖਿਅਤ ਕਰਨਾ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਬਣਾਈ ਰੱਖਣ ਲਈ ਭਾਈਚਾਰੇ ਨੂੰ ਉਤਸ਼ਾਹਤ ਕਰਨਾ।

ਤਾਰੀਖ ਦਾ ਜ਼ਿਕਰ ਪ੍ਰਸਤਾਵਤ ਵਿਚ ਕੀਤਾ ਗਿਆ ਹੈ ਜਦੋਂ ਇਸ ਨੂੰ26 ਨਵੰਬਰ, 1949 ਨੂੰ ਅਪਣਾਇਆ ਗਿਆ।

**ਪ੍ਰਸਤਾਵਨਾ ਵਿੱਚ ਮੁੱਖ ਸ਼ਬਦ**

ਅਸੀਂ, ਭਾਰਤ ਦੇ ਲੋਕ:ਇਹ ਭਾਰਤ ਦੇ ਲੋਕਾਂ ਦੀ ਪ੍ਰਭੂਸੱਤਾ ਨੂੰ ਦਰਸਾਉਂਦਾ ਹੈ। ਪ੍ਰਭੂਸੱਤਾ ਦਾ ਅਰਥ ਹੈ ਰਾਜ ਦਾ ਸੁਤੰਤਰ ਅਧਿਕਾਰ, ਕਿਸੇ ਵੀ ਹੋਰ ਰਾਜ ਜਾਂ ਬਾਹਰੀ ਸ਼ਕਤੀ ਦੇ ਨਿਯੰਤਰਣ ਦੇ ਅਧੀਨ ਨਹੀਂ ਹੋਣਾ।

ਪ੍ਰਭੂਸਤਾ-ਸੰਪੰਨ: ਇਸ ਸ਼ਬਦ ਦਾ ਅਰਥ ਹੈ ਕਿ ਭਾਰਤ ਦਾ ਆਪਣਾ ਸੁਤੰਤਰ ਅਧਿਕਾਰ ਹੈ ਅਤੇ ਇਹ ਕਿਸੇ ਹੋਰ ਬਾਹਰੀ ਸ਼ਕਤੀ ਦਾ ਦਬਦਬਾ ਹੇਠ ਨਹੀਂ ਹੈ। ਦੇਸ਼ ਵਿਚ, ਵਿਧਾਨ ਸਭਾ ਕੋਲ ਕਾਨੂੰਨ ਬਣਾਉਣ ਦੀ ਸ਼ਕਤੀ ਹੈ ਜੋ ਕੁਝ ਸੀਮਾਵਾਂ ਦੇ ਅਧੀਨ ਹੈ।

ਸਮਾਜਵਾਦੀ: ਇਸ ਸ਼ਬਦ ਦਾ ਅਰਥ ਹੈ ਸਮਾਜ ਨੂੰ ਸਮਾਜ ਦੇ ਲੋਕਾਂ ਦੁਆਰਾ ਸਮੁੱਚੇ ਸਮਾਜ ਦੇ ਲੋਕ ਹਿੱਤਾਂ ਲਈ ਘੜੇ ਗਏ ਕਾਨੂੰਨਾਂ ਨਾਲ ਸਮਾਜ ਦੇ ਢਾਂਚੇ ਨੂੰ ਪ੍ਰਬੰਧਤ ਕਰਨਾ। ਇਹ ਸ਼ਬਦ ਆਰਥਿਕ, ਸਮਾਜਿਕ, ਰਾਜਨੀਤਿਕ, ਨਿਆਏ ਅਤੇ ਮਾਨਵ ਹਿੱਤ ਵਿਵਸਥਾ ਦੇ ਪ੍ਰਬੰਧਨ ਦੇ ਪ੍ਰੋੜਤਾ ਕਰਦਾ ਹੈ।

ਸੈਕੂਲਰ: ਇਸ ਸ਼ਬਦ ਦਾ ਅਰਥ ਹੈ, ਧਰਮ ਨਿ-ਰਪੱਖ ਅਰਥਾਤ ਰਾਜ ਦੇ ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ, ਸੁਰੱਖਿਆ ਅਤੇ ਸਹਾਇਤਾ ਕਰਨਾ ਹੈ।

ਲੋਕਤੰਤਰੀ: ਇਸ ਸ਼ਬਦ ਤੋਂ ਭਾਵ ਹੈ ਕਿ ਦੇਸ਼ ਨੂੰ ਲੋਕਾਂ ਦੁਆਰਾ ਚੁੱਣੇ ਹੋਏ ਨੇਤਾਵਾਂ ਦੁਆਰਾ ਲੋਕਾਂ ਲਈ ਸੰਵਿਧਾਨਦੇ ਨਿਰਦੇਸ਼ ਅਨੁਸਾਰ ਚਲਾਉਣਾ ਹੈ।

ਗਣਤੰਤਰ: ਇਹ ਸ਼ਬਦ ਦਰਸਾਉਂਦਾ ਹੈ ਕਿ ਰਾਜ ਦਾ ਮੁਖੀ ਲੋਕਾਂ ਦੁਆਰਾ ਚੁਣਿਆ ਜਾਂਦਾ ਹੈ। ਭਾਰਤ ਵਿਚ, ਭਾਰਤ ਦਾ ਰਾਸ਼ਟਰਪਤੀ ਰਾਜ ਦਾ ਚੁਣਿਆ ਹੋਇਆ ਮੁਖੀ ਹੁੰਦਾ ਹੈ।

**ਭਾਰਤੀ ਸੰਵਿਧਾਨ ਦੇ ਉਦੇਸ਼**

ਸੰਵਿਧਾਨ ਸਰਵਉੱਚ ਕਾਨੂੰਨ ਹੈ ਅਤੇ ਇਹ ਸਮਾਜ ਵਿੱਚ ਅਖੰਡਤਾ ਬਣਾਈ ਰੱਖਣ ਅਤੇ ਇੱਕ ਮਹਾਨ ਰਾਸ਼ਟਰ ਦੇ ਨਿਰਮਾਣ ਲਈ ਨਾਗਰਿਕਾਂ ਵਿੱਚ ਏਕਤਾ ਵਧਾਉਣ ਵਿੱਚ ਸਹਾਇਤਾ ਕਰਦਾ ਹੈ।ਭਾਰਤੀ ਸੰਵਿਧਾਨ ਦਾ ਮੁੱਖ ਉਦੇਸ਼ ਪੂਰੇ ਦੇਸ਼ ਵਿੱਚ ਸਦਭਾਵਨਾ ਨੂੰ ਵਧਾਉਣਾ ਹੈ।ਉਹ ਕਾਰਕ ਜੋ ਇਸ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੇ ਹਨ:

ਇਨਸਾਫ: ਸਮਾਜ ਵਿਚ ਵਿਵਸਥਾ ਬਣਾਈ ਰੱਖਣ ਲਈ ਇਹ ਜ਼ਰੂਰੀ ਹੈ ਕਿ ਭਾਰਤ ਦੇ ਸੰਵਿਧਾਨ ਦੁਆਰਾ ਮੁਹ-ੱਈਆ ਕਰਵਾਏ ਗਏ ਬੁਨਿਆਦੀ ਅਧਿਕਾਰਾਂ ਅਤੇ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਵੱਖ-ਵੱਖ ਪ੍ਰਬੰਧਾਂ ਦੁਆਰਾ ਵਾਅਦਾ ਕੀਤਾ ਜਾਂਦਾ ਹੈ। ਇਸ ਵਿਚ ਤਿੰਨ ਤੱਤ ਸ਼ਾਮਲ ਹਨ, ਜੋ ਸਮਾਜਕ, ਆਰਥਿਕ ਅਤੇ ਰਾਜਨੀਤਿਕ ਹਨ।

ਸਮਾਜਿਕ ਨਿਆਂ – ਸਮਾਜਿਕ ਨਿਆਂ ਦਾ ਅਰਥ ਹੈ ਕਿ ਸੰਵਿਧਾਨ ਜਾਤ, ਧਰਮ, ਲਿੰਗ, ਧਰਮ, ਆਦਿ ਕਿਸੇ ਵੀ ਅਧਾਰ ਤੇ ਬਿਨਾਂ ਕਿਸੇ ਭੇਦਭਾਵ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦਾ ਹੈ।

ਆਰਥਿਕ ਨਿਆਂ– ਆਰਥਿਕ ਨਿਆਂ ਦਾ ਅਰਥ ਹੈ ਕਿ ਲੋਕ ਆਪਣੀ ਦੌਲਤ, ਆਮਦਨੀ ਅਤੇ ਆਰਥਿਕ ਸਥਿਤੀ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕਰ ਸਕਦੇ। ਹਰ ਵਿਅਕਤੀ ਨੂੰ ਇਕ ਬਰਾਬਰ ਅਹੁਦੇ ਲਈ ਬਰਾਬਰ ਦਾ ਭੁਗਤਾਨ ਕਰਨਾ ਲਾਜ਼ਮੀ ਹੈ ਅਤੇ ਸਾਰੇ ਲੋਕਾਂ ਨੂੰ ਆਪਣੀ ਜ਼ਿੰਦਗੀ ਗੁਜ਼ਾਰਨ ਦੇ ਮੌਕੇ ਪ੍ਰਾਪਤ ਕਰਨੇ ਚਾਹੀਦੇ ਹਨ।

ਰਾਜਨੀਤਿਕ ਨਿਆਂ – ਰਾਜਨੀਤਿਕ ਨਿਆਂ ਦਾ ਅਰਥ ਹੈ ਕਿ ਸਾਰੇ ਲੋਕਾਂ ਦਾ ਰਾਜਨੀਤਿਕ ਮੌਕਿਆਂ ਵਿਚ ਹਿੱਸਾ ਲੈਣ ਲਈ ਬਿਨਾਂ ਕਿਸੇ ਭੇਦਭਾਵ ਦੇ ਬਰਾਬਰ, ਸੁਤੰਤਰ ਅਤੇ ਸਹੀ ਅਧਿ-ਕਾਰ ਹੈ।

ਸਮਾਨਤਾ: ਸ਼ਬਦ 'ਸਮਾਨਤਾ' ਦਾ ਅਰਥ ਹੈ ਸਮਾਜ ਦੇ ਕਿਸੇ ਵੀ ਵਰਗ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹਨ ਅਤੇ ਸਾਰੇ ਲੋਕਾਂ ਨੇ ਬਿਨਾਂ ਕਿਸੇ ਭੇਦਭਾਵ ਦੇ ਹਰ ਚੀਜ਼ ਲਈ ਬਰਾਬਰ ਮੌਕੇ ਦਿੱਤੇ ਹਨ। ਕਾਨੂੰਨ ਦੇ ਸਾਹਮਣੇ ਹਰ ਕੋਈ ਬਰਾਬਰ ਹੈ।

ਆਜ਼ਾਦੀ: ਸ਼ਬਦ 'ਲਿਬਰਟੀ' ਦਾ ਅਰਥ ਹੈ ਲੋਕਾਂ ਨੂੰ ਆਪਣੀ ਜ਼ਿੰਦਗੀ ਜਿਉਂਣ ਦੀ ਚੋਣ ਕਰਨ, ਸਮਾਜ ਵਿਚ ਰਾਜਨੀਤਿਕ ਵਿਚਾਰਾਂ ਅਤੇ ਵਿਵਹਾਰ ਦੀ ਆਜ਼ਾਦੀ। ਆਜ਼ਾਦੀ ਦਾ ਅਰਥ ਕੁਝ ਵੀ ਕਰਨ ਦੀ ਆਜ਼ਾਦੀ ਨਹੀਂ ਹੈ, ਇਕ ਵਿਅਕਤੀ ਕੁਝ ਵੀ ਕਰ ਸਕਦਾ ਹੈ ਪਰ ਕਾਨੂੰਨ ਦੁਆਰਾ ਨਿਰਧਾਰਤ ਸੀਮਾ ਵਿਚ।

ਭਰੱਪਣ: ਸ਼ਬਦ 'ਭਾਈਚਾਰਾ' ਦਾ ਅਰਥ ਹੈ ਭਾਈਚਾਰੇ ਦੀ ਭਾਵਨਾ ਅਤੇ ਦੇਸ਼ ਅਤੇ ਸਾਰੇ ਲੋਕਾਂ ਨਾਲ ਭਾਵਨਾਤਮਕ ਲਗਾਵ। ਭਾਈਚਾਰੇ ਵਾਲੇ ਰਾਸ਼ਟਰ ਵਿਚ ਮਾਣ ਅਤੇ ਏਕਤਾ ਨੂੰ ਵਧਾਉਣ ਵਿਚ ਸਹਾਇਤਾ ਕਰਦਾ ਹੈ।

**ਉਦੇਸ਼ਾਂ ਦੀ ਮਹੱਤਤਾ:**

ਇਹ ਜੀਵਨ ਦਾ ਇੱਕ ਢੰਗ ਪ੍ਰਦਾਨ ਕਰਦਾ ਹੈ। ਇਸ ਵਿੱਚ ਖੁਸ਼ਹਾਲ ਜ਼ਿੰਦਗੀ ਦੀ ਧਾਰਣਾ ਵਜੋਂ ਭਾਈਚਾਰਾ, ਆਜ਼ਾਦੀ ਅਤੇ ਸਮਾਨਤਾ ਸ਼ਾਮਲ ਹੁੰਦੀ ਹੈ ਅਤੇ ਜੋ ਇਕ ਦੂਜੇ ਤੋਂ ਨਹੀਂ ਲਈ ਜਾ ਸਕਦੀ।

ਆਜ਼ਾਦੀ ਨੂੰ ਬਰਾਬਰੀ ਤੋਂ ਤਲਾਕ ਨਹੀਂ ਦਿੱਤਾ ਜਾ ਸਕਦਾ, ਬਰਾਬਰੀ ਨੂੰ ਅਜ਼ਾਦੀ ਤੋਂ ਤਲਾਕ ਨਹੀਂ ਦਿੱਤਾ ਜਾ ਸਕਦਾ। ਨਾ ਹੀ ਆਜ਼ਾਦੀ ਅਤੇ ਸਮਾਨਤਾ ਨੂੰ ਭਰੱਪਣ ਤੋਂ ਤਲਾਕ ਦਿੱਤਾ ਜਾ ਸਕਦਾ ਹੈ।

ਬਰਾਬਰੀ ਦੇ ਬਗੈਰ, ਆਜ਼ਾਦੀ ਬਹੁਤ ਸਾਰੇ ਲੋਕਾਂ ਤੇ ਬਹੁਤ ਸਾਰੇ ਲੋਕਾਂ ਦਾ ਸਰਵਉਚਤਾ ਪੈਦਾ ਕਰਦੀ ਹੈ।

ਆਜ਼ਾਦੀ ਤੋਂ ਬਗੈਰ ਬਰਾਬਰਤਾ ਵਿਅਕਤੀਗਤ ਪਹਿਲਕਦਮੀ ਨੂੰ ਖਤਮ ਕਰ ਦੇਵੇਗੀ।

ਭਰੱਪਣ ਦੇ ਬਗੈਰ, ਆਜ਼ਾਦੀ ਬਹੁਤ ਸਾਰੇ ਲੋਕਾਂ ਤੇ ਬਹੁਤ ਸਾਰੇ ਲੋਕਾਂ ਦਾ ਸਰਵਉਚਤਾ ਪੈਦਾ ਕਰਦੀ ਹੈ।

ਭਰੱਪਣ ਦੇ ਬਗੈਰ, ਆਜ਼ਾਦੀ ਅਤੇ ਬਰਾਬਰੀ ਚੀਜ਼ਾਂ ਦਾ ਕੁਦਰਤੀ ਤਰੀਕਾ ਨਹੀਂ ਬਣ ਸਕਦਾ।

**ਪ੍ਰਸਤਾਵਨਾ ਦੀ ਸੋਧ**

42 ਵਾਂ ਸੋਧ ਐਕਟ, 1976: ਕੇਸਾਵਾਨੰਦ ਭਾਰਤੀ ਕੇਸ ਦੇ ਫੈਸਲੇ ਤੋਂ ਬਾਅਦ, ਇਹ ਸਵੀਕਾਰ ਕਰ ਲਿਆ ਗਿਆ ਕਿ ਪ੍ਰਸਤਾਵਨਾ ਸੰਵਿਧਾਨ ਦਾ ਹਿੱਸਾ ਹੈ। ਸੰਵਿਧਾਨ ਦੇ ਇੱਕ ਹਿੱਸੇ ਦੇ ਤੌਰ ਤੇ, ਪ੍ਰਸਤਾਵ ਨੂੰ ਸੰਵਿਧਾਨ ਦੇ ਅਨੁਛੇਦ 368 ਦੇ ਅਧੀਨ ਸੋਧਿਆ ਜਾ ਸਕਦਾ ਹੈ, ਪਰ ਪ੍ਰਸਤਾਵਨਾ ਦੇ ਮੁਢਲੇ ਢਾਂਚੇ ਵਿੱਚ ਸੋਧ ਨਹੀਂ ਕੀਤੀ ਜਾ ਸਕਦੀ।ਕਿਉਂਕਿ ਸੰਵਿਧਾਨ ਦਾ ਢਾਂਚਾ ਪ੍ਰਸਤਾਵ ਦੇ ਮੁਢਲੇ ਤੱਤ 'ਤੇ ਅਧਾਰਤ ਹੈ। ਹੁਣ ਤੱਕ, ਪ੍ਰਸਤਾਵਨਾ ਸਿਰਫ 42 ਵੇਂ ਸੋਧ ਐਕਟ, 1976 ਦੁਆਰਾ ਇੱਕ ਵਾਰ ਸੰਸ਼ੋਧਿਤ ਕੀਤੀ ਗਈ ਹੈ।'ਸਮਾਜਵਾਦੀ'/ 'ਸੈਕੂਲਰ' ਸ਼ਬਦ ਨੂੰ 42 ਵੇਂ ਸੋਧ ਐਕਟ, 1976 ਰਾਹੀਂ ਪ੍ਰਸਤਾਵ ਵਿੱਚ ਸ਼ਾਮਲ ਕੀਤਾ ਗਿਆ ਸੀ।

**ਘੱਟ ਗਿਣਤੀਆਂ ਦੀ ਪਛਾਣ ਅਤੇ ਸੁਰਖਿਆ**

ਭਾਰਤ ਦਾ ਸੰਵੀਧਾਨ ਘੱਟ ਗਿਣਤੀਆਂ ਦੀ ਪਛਾਣ ਕਰਨ, ਉਹਨਾ ਦੀ ਸੁਰਖਿਆ ਕਰਨ ਦੀ ਬਚਨਬੱਧਤਾ ਦਰਸਾਉਂਦਾ ਹੈ। ਜਿਸ ਦੇ ਅਨੂਸਾਰ ਕਮਿਸ਼ਨ ਬਨਾਉਣ ਦਾ ਕੰਮ ਕੀਤੇ ਗਏ, ਉਹਨਾ ਦੀਆਂ ਬਣਾਈਆਂ ਰਿਪੋਰਟਾਂ ਨੂੰ ਲਾਗੂ ਕਰਨ ਦੇ ਕੰਮ ਕੀਤੇ ਗਏ। ਕਾਲੇਲਕਰ ਕਮਿਸ਼ਨ (1955) ਅਤੇ ਮੰਡਲ ਕਮਿਸ਼ਨ (1980) ਦੇ ਅਨੁਸਾਰ ਦੇਸ਼ ਵਿੱਚ ਪੱਛੜੀਆਂ ਸ਼੍ਰੇਣੀਆਂ ਦੀਆਂ ਸਥਿਤੀਆਂ ਨੂੰ ਵੇਖਣ ਲਈ ਬਣਾਇਆ ਗਿਆ ਸੀ। ਕਾਲੇਲਕਰ ਕਮਿਸ਼ਨ ਦੁਆਰਾ "ਹੋਰ ਪੱਛੜੀਆਂ ਸ਼੍ਰੇਣੀਆਂ" ਦੀ ਪਛਾਣ ਲਈ ਕੋਈ ਨਿਰਧਾਰਤ ਮਾਪਦੰਡ ਮੁਹੱਈਆ ਨਹੀਂ ਕਰਵਾਏ ਗਏ ਸਨ। ਜਦੋਂ ਕਿ, ਮੰਡਲ ਕਮਿਸ਼ਨ ਨੇ ਕਿਹਾ ਹੈ ਕਿ "ਸਮਾਜਕ ਅਤੇ ਵਿਦਿਅਕ ਤੌਰ 'ਤੇ ਪਿੱਛੜੇ ਹੋਏ" ਜ਼ਰੂਰੀ ਨਹੀਂ ਕਿ "ਆਰਥਿਕ ਤੌਰ' ਤੇ ਪਛੜੇ ਹੋਣ। ਕਮਿਸ਼ਨ ਨੇ ਪਾਇਆ ਕਿ ਜਮਾਤੀ ਪਛੜੇਪਨ ਨੀਵੀਂ ਜਾਤ ਦਾ ਵਰਤਾਰਾ ਸੀ, ਇਸ ਲਈ, ਇੱਕ ਵਰਗ ਦੇ ਪੱਛੜੇਪਣ ਬਾਰੇ ਫੈਸਲਾ ਲੈਣ ਲਈ ਮਾਪਦੰਡ ਹੇਠਾਂ ਦਿੱਤੇ ਗਏ ਹਨ:

- ਹਿੰਦੂ ਸੁਸਾਇਟੀ ਦੇ ਰਵਾਇਤੀ ਜਾਤੀ ਲੜੀ ਵਿਚ ਨੀਂਵੀ ਸਮਾਜਿਕ ਸਥਿਤੀ ਹੋਣਾ।
- ਇੱਕ ਪਛੜੇ ਵਰਗ ਜਾਂ ਕਮਿਊਨਿਟੀ ਦੇ ਪ੍ਰਮੁੱਖ ਵਰਗ ਲਈ ਆਮ ਸਿੱਖਿਆ ਦੇ ਮੌਕਿਆਂ ਦੀ ਘਾਟ ਹੋਣਾ।
- ਜਨਤਕ ਸੇਵਾ ਦੇ ਮਾਮਲਿਆਂ ਵਿਚ ਨਾਕਾਫੀ ਜਾਂ ਕੋਈ ਅਵਸਰ ਨਹੀਂ ਹੋਣਾ।
- ਵਪਾਰ, ਵਣਜ ਅਤੇ ਉਦਯੋਗ ਵਿਚ ਢੁਕਵੀਂ ਨੁਮਾਇੰਦਗੀ ਨਾਂ ਹੋਣਾ।

ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਸੁਰੱਖਿਆ ਲਈ ਭਾਰਤੀ ਸੰਵਿਧਾਨ ਵਿਚ ਵਿਸ਼ੇਸ਼ ਵਿਵਸਥਾਵਾਂ ਰੱਖੀਆਂ ਗਈਆਂ ਹਨ। ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਵਿਸ਼ੇਸ਼ ਜ਼ਰੂਰਤਾਂ ਨੂੰ ਮਾਨਤਾ ਦਿੰਦੇ ਹੋਏ, ਭਾਰਤ ਦਾ ਸੰਵਿਧਾਨ ਉਨ੍ਹਾਂ ਨੂੰ ਨਾ ਸਿਰਫ ਆਰਟੀਕਲ 14 ਦੇ ਅਧੀਨ ਕਾਨੂੰਨ ਦੀ ਬਰਾਬਰੀ ਦੀ ਗਰੰਟੀ ਦਿੰਦਾ ਹੈਪਰ ਰਾਜ ਦੇ ਅਧਿਕਾਰ ਮਾਨਣਦਾ ਹੱਕ ਦਿੰਦਾ ਹੈ ਕਿ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਹੱਕ ਵਿਚ ਵਿਸ਼ੇਸ਼ ਧਾਰਾਵਾਂ ਨੂੰ ਉਨ੍ਹਾਂ ਦੇ ਸਮਾਜ ਵਿਚ ਉੱਨਤੀ ਲਈ ਆਰਟੀਕਲ 15 (4) ਦੇ ਤਹਿਤ ਵਿਸ਼ੇਸ਼ ਪ੍ਰਬੰਧ ਕਰੇ।ਇਹ ਰਾਜ ਨੂੰ ਅਧਿਕਾਰ ਵੀ ਦਿੰਦਾ ਹੈ ਕਿ ਧਾਰਾ 16 (4) ਅਧੀਨ ਕਿਸੇ ਵੀ ਪਛੜੇ ਵਰਗ ਦੇ ਹੱਕ ਵਿੱਚ ਨਿਯੁਕਤੀਆਂ ਅਤੇ ਤਰੱਕੀਆਂ ਲਈ ਰਾਖਵੇਂਕਰਨ ਦਾ ਪ੍ਰਬੰਧ ਕਰੇ।ਸੰਵਿਧਾਨ ਵਿਚ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਸੁਰੱਖਿਆ ਦੀ ਗਰੰਟੀ ਦੇਣ ਵਾਲੇ ਪ੍ਰਾਵਧਾਨਾਂ ਦਾ ਅਧਿਐਨ 3 ਸਿਰਲੇਖਾਂ ਅਧੀਨ ਕੀਤਾ ਜਾ ਸਕਦਾ ਹੈ ਅਰਥਾਤ।

1 ਸਮਾਜਕ ਹਿੱਤਾਂ ਦੀ ਰੱਖਿਆ

2 ਆਰਥਿਕ ਹਿੱਤ ਦੀ ਰੱਖਿਆ

3 ਰਾਜਨੀਤਿਕ ਹਿੱਤਾਂ ਦੀ ਰੱਖਿਆ

**ਸਮਾਜਿਕ ਹਿੱਤਾਂ ਦੀ ਰੱਖਿਆ**

ਘੱਟ ਗਿਣਤੀਆਂ ਦੇ ਸਮਾਜਿਕ ਹਿੱਤਾਂ ਦੀ ਰਾਖੀ ਧਾਰਾ 14 ਅਧੀਨ ਰੱਖੀ ਗਈ ਹੈ ਜੋ ਕਾਨੂੰਨ ਦੇ ਸਾਹਮਣੇ ਬਰਾਬਰਤਾ ਦੀ ਗੱਲ ਕਰਦੀ ਹੈ।ਇਸਦਾ ਅਰਥ ਇਹ ਹੈ ਕਿ ਕਿਸੇ ਨਾਲ ਵੀ ਜਾਤ, ਰੰਗ, ਲਿੰਗ, ਜਾਤੀ ਆਦਿ ਦੇ ਅਧਾਰ 'ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ, ਆਰਟੀਕਲ 15 (4) ਸਮਾਜਿਕ ਅਤੇ ਵਿਦਿਅਕ ਤੌਰ' ਤੇ ਪਛੜੇ ਲੋਕਾਂ ਦੀ ਉੱਨਤੀ ਲਈ ਵਿਸ਼ੇਸ਼ ਪ੍ਰਬੰਧਾਂ ਨੂੰ ਦਰਸਾਉ-ਂਦਿਆਂ ਸਮਾਜਿਕ ਹਿੱਤਾਂ ਦੀ ਰਾਖੀ ਬਾਰੇ ਗੱਲ ਕਰਦਾ ਹੈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਸਮੇਤ ਕਲਾਸਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਆਰਟੀਕਲ 16 ਕਿਸੇ ਵੀ ਰੂਪ ਵਿਚ ਅਛੂਤਤਾ ਦੇ ਖਾਤਮੇ ਅਤੇ ਇਸ ਦੀ ਸੁਰ-ੱਖਿਆ ਦੇ ਕੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ। ਆਰਟੀਕਲ 30 ਸਾਰੀਆਂ ਘੱਟ ਗਿਣਤੀਆਂ ਦਾ ਪ੍ਰਬੰਧ ਕਰਦਾ ਹੈ, ਭਾਵੇਂ ਉਹ ਧਰਮ ਜਾਂ ਭਾਸ਼ਾ ਦੇ ਅਧਾਰ ਤੇ ਹੋਵੇ, ਆਪਣੀ ਪਸੰਦ ਦੇ ਵਿਦਿਅਕ ਅਦਾਰਿਆਂ ਦੀ ਸਥਾਪਨਾ ਅਤੇ ਪ੍ਰਬੰਧਨ ਦਾ ਅਧਿਕਾਰ ਦਿੰਦਾ ਹੈ। ਆਰਟੀਕਲ 341 ਅਤੇ ਆਰਟੀਕਲ 342 ਘੱਟ ਗਿਣਤੀਆਂ ਲਈ ਆਪਣੇ ਸਮਾਜਿਕ ਹਿੱਤਾਂ ਦੀ ਰਾਖੀ ਲਈ ਵੱਖ ਵੱਖ ਵਿਵਸਥਾਵਾਂ ਵੀ ਪ੍ਰਦਾਨ ਕਰਦਾ ਹੈ।

**ਆਰਥਿਕ ਹਿੱਤ ਦੀ ਰੱਖਿਆ**

ਸੰਵਿਧਾਨ ਦੇ ਆਰਟੀਕਲ 46 ਵਿਚ ਰੱਖੇ ਆਰਥਿਕ ਹਿੱਤਾਂ ਦੀ ਰੱਖਿਆ ਜਿਸ ਵਿਚ ਕਿਹਾ ਗਿਆ ਹੈ ਕਿ ਰਾਜ ਲੋਕਾਂ ਦੇ ਕਮਜ਼ੋਰ ਵਰਗਾਂ ਅਤੇ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਦਿਅਕ ਅਤੇ ਆਰਥਿਕ ਹਿੱਤਾਂ ਨੂੰ ਵਿਸ਼ੇਸ਼ ਧਿਆਨ ਨਾਲ ਉਤਸ਼ਾਹਤ ਕਰੇਗਾ ਅਤੇ ਉਹਨਾਂ ਨੂੰ ਸਮਾਜਿਕ ਬੇਇਨਸਾਫੀ ਅਤੇ ਹਰ ਕਿਸਮ ਦੇ ਸ਼ੋਸ਼ਣ ਤੋਂ ਬਚਾਏਗਾ। ਆਰਟੀਕਲ 275 (1) ਦੇ ਤਹਿਤ ਅਨੁਸੂਚਿਤ ਖੇਤਰਾਂ ਦੀ ਭਲਾਈ ਅਤੇ ਅਨੁਸੂਚਿਤ ਖੇਤਰਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਗ੍ਰਾਂਟ-ਇਨ-ਏਡ ਦੇ ਰੂਪ ਵਿੱਚ ਹਰ ਸਾਲ ਭਾਰਤ ਦੇ ਇੱਕਤਰ ਫੰਡ ਤੋਂ ਇੱਕ ਵਿਸ਼ੇਸ਼ ਵਿੱਤੀ ਸਹਾਇਤਾ ਫੰਡ ਕੱਢਿਆ ਜਾਂਦਾ ਹੈ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਮੈਂਬਰਾਂ ਦੇ ਦਾਅਵਿਆਂ ਲਈ ਆਰਟੀਕਲ 335 ਵਿਚ ਦਰਸਾਏ ਗਏ ਪ੍ਰਬੰਧਾਂ ਨੂੰ ਪ੍ਰਸ਼ਾਸਨ ਦੀ ਕੁਸ਼ਲਤਾ ਦੀ ਸੰਭਾਲ ਅਤੇ ਸੇਵਾਵਾਂ ਅਤੇਯੂਨੀਅਨ ਜਾਂ ਰਾਜ ਦੇ ਅਹੁਦਿਆਂ 'ਤੇ ਨਿਯੁਕਤੀਆਂ ਦੇ ਮਾਮਲਿਆਂ ਵਿਚ ਧਿਆਨ ਵਿਚ ਰੱਖਿਆ ਜਾਵੇਗਾ।

**ਰਾਜਨੀਤਿਕ ਹਿੱਤਾਂ ਦੀ ਰੱਖਿਆ**

ਸਮਾਜਿਕ ਤੌਰ ਤੇ ਪਛੜੇ ਸਮੂਹਾਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਉਨਤੀ ਲਈ ਕਈ ਸੰਵਿਧਾਨਕ ਵਿਵਸਥਾਵਾਂ ਮੌਜੂਦ ਹਨ। ਆਰਟੀਕਲ244 ਅਤੇ 329 ਕਿਸੇ ਵੀ ਖੇਤਰ ਵਿੱਚ ਅਨੁਸੂਚਿਤ ਖੇਤਰਾਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਪ੍ਰਸ਼ਾਸਨ ਨੂੰ ਨਿਯੰਤਰਿਤ ਕਰਦੇ ਹਨ।ਆਰਟੂਕਲ330 ਅਤੇ 332 ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਸੀਟਾਂ ਦੇ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ।



# ਕੌਮਾਂਤਰੀ ਫੁੱਟਬਾਲਰ ਪੈਦਾ ਕਰਨ ਵਾਲੇ ਕੋਚ ਅਲੀ ਹਸਨ ਨਹੀਂ ਰਹੇ

20 ਨਵੰਬਰ, 2021 ਦੀ ਸਵੇਰ ਖੇਡ ਜਗਤ ਖਾਸ ਕਰ ਫੁੱਟਬਾਲ ਜਗਤ ਲਈ ਉਘੇ ਕੋਚ ਅਲੀ ਹਸਨ ਦੀ ਮੌਤ ਦੀ ਮਨਹੂਸ ਖ਼ਬਰ ਲੈ ਕੇ ਆਈ। ਇਕ ਵਾਰ ਤਾਂ ਮਾਹਿਲਪੁਰ ਦਾ ਇਲਾਕਾ ਹਲੂਣਿਆ ਗਿਆ।ਅਫਸੋਸ ਪ੍ਰਗਟ ਕਰਨ ਵਾਲਿਆਂ ਦੀਆਂ ਘੰਟੀਆਂ ਫੋਨ ਤੇ ਵੱਜਣ ਲੱਗੀਆਂ।ਉਹਨਾਂ ਦੁਆਰਾ ਤਿਆਰ ਕੀਤੇ ਦੇਸ਼ ਵਿਦੇਸ਼ ਵਿਚ ਵਸਦੇ ਖਿਡਾਰੀ ਆਪਣੀਆਂ ਯਾਦਾਂ ਦੀ ਪਟਾਰੀ ਫਰੋਲਣ ਲੱਗੇ ਅਤੇ ਉਹਨਾਂ ਦੀਆਂ ਖੇਡ ਜੁਗਤਾਂ ਦੀਆਂ ਬਾਤਾਂ ਪਾਉਣ ਲੱਗੇ। ਉਹਨਾਂ ਦੇ ਨਾਮ ਅਤੇ ਕਾਰਜ ਤੋਂ ਇਹ ਇਲਾਕਾ ਹੀ ਨਹੀਂ ਸਗੋਂ ਪੰਜਾਬ ਦਾ ਹਰ ਫੁੱਟਬਾਲ ਪ੍ਰੇਮੀ ਵਾਕਿਫ ਹੈ। ਉਹਨਾਂ ਆਪਣੇ ਜੀਵਨ ਦਾ ਸੁਨਹਿਰੀ ਸਮਾਂ ਖੇਡ ਵਿੰਗ ਮਾਹਿਲਪੁਰ ਵਿਚ ਗੁਜ਼ਾਰਿਆ। ਬਚਪਨ ਨੂੰ ਸ਼ਿੰਗਾਰਨ ਅਤੇ ਸੰਵਾਰਨ ਵਾਲਿਆਂ ਵਿਚ ਉਸਦਾ ਨਾਮ ਬੜੇ ਅਦਬ ਨਾਲ ਲਿਆ ਜਾਂਦਾ ਹੈ। ਜਦੋਂ ਕਿਸੇ ਵੀ ਨਾਮਵਰ ਖਿਡਾਰੀ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਹਰ ਤੀਜਾ ਚੌਥਾ ਖਿਡਾਰੀ ਕੋਚ ਅਲੀ ਹਸਨ ਦੀ ਦੇਣ ਨੂੰ ਸੈਲੂਟ ਕਰਦਾ ਹੈ। ਪੂਰੇ 36 ਸਾਲ ਉਸਨੇ ਮਾਹਿਲਪੁਰ ਵਿਚ ਕੋਚਿੰਗ ਲੇਖੇ ਲਾਏ। ਇਸ ਕਾਰਜਕਾਲ ਦੌਰਾਨ 400 ਤੋਂ ਵੱਧ ਨੈਸ਼ਨਲ ਪੱਧਰ ਦੇ ਖਿਡਾਰੀ ਵੱਖ ਵੱਖ ਵਰਗਾਂ ਵਿਚ ਪੈਦਾ ਕੀਤੇ। ਜੇਕਰ ਇੰਟਰਨੈਸ਼ਨਲ ਖਿਡਾਰੀਆਂ ਦਾ ਲੇਖਾ ਹਿਸਾਬ ਕਰੀਏ ਤਾਂ ਇਹ ਗਿਣਤੀ ਵੀ ਚਾਰ ਦਰਜਨਾਂ ਤੋਂ ਵੀ ਅੱਗੇ ਚਲੀ ਜਾਂਦੀ ਹੈ। ਇਹਨਾਂ ਸ਼ਾਨਦਾਰ ਪ੍ਰਾਪਤੀਆਂ ਲਈ ਉਸਨੂੰ ਪੰਜਾਬ ਸਰਕਾਰ ਵਲੋਂ ਲਾਈਫ ਟਾਈਮ ਅਚੀਵਮੈਂਟ ਅਵਾਰਡ ਅਤੇ ਬੈਸਟ ਕੋਚ

**ਬਲਜਿੰਦਰ ਮਾਨ 91-98150-18947**

1975 ਤੋਂ ਉਹਨਾਂ ਆਪਣੀ ਸ਼ਾਂਨਦਾਰ ਸੇਵਾਵਾਂ ਨਾਲ ਇਸ ਇਲਾਕੇ ਦੀ ਖੇਡ ਫੁੱਟਬਾਲ ਦੇ ਨਿਕਾਸ ਤੇ ਵਿਕਾਸ ਲਈ ਕਾਰਜ ਅਰੰਭਿਆ। ਅਸਲ ਵਿਚ ਉਹ ਫੁੱਟਬਾਲ ਦੀ ਨਰਸਰੀ ਦੇ ਮਾਲੀ ਸਨ ਜਿਨ੍ਹਾਂ ਕੌਮਾਂਤਰੀ ਪੱਧਰ ਤੇ ਮੱਲਾਂ ਮਾਰਨ ਵਾਲੇ ਐਸ ਪੀ ਸ਼ਵਿੰਦਰਜੀਤ ਸਿੰਘ ਬੈਂਸ, ਦਲਜੀਤ ਸਿੰਘ, ਸੂਬੇ ਸਿੰਘ ਅਤੇ ਹਰਪਾਲ ਸਿੰਘ, ਯਸ਼ਪਾਲ ਜੱਸੀ, ਹਰਦੀਪ ਸਿੰਘ ਸੰਘਾ, ਕੁਲਵੰਤ ਸਿੰਘ ਸੰਘਾ, ਜੁਝਾਰ ਸਿੰਘ, ਰਾਜ ਕੁਮਾਰ ਭੋਲਾ, ਹਰਮਨਜੋਤ ਸਿੰਘ ਖਾਬੜਾ, ਦਰਬਾਰਾ ਸਿੰਘ, ਤਜਿੰਦਰ ਕੁਮਾਰ, ਬਲਜੀਤ ਸਾਹਨੀ ਅਤੇ ਮਦਨ ਲਾਲ ਮੱਦੋ ਵਰਗੇ ਸੈਂਕੜੇ ਫੁੱਟਬਾਲਰ ਪੈਦਾ ਕੀਤੇ। ਉਹਨਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਪੰਜਾਬ ਸਰਕਾਰ ਵਲੋਂ ਲਾਈਫ ਟਾਈਮ ਅਚੀਵਮੈਂਟ ਅਵਾਰਡ ਸਮੇਤ ਕਈ ਖੇਡ ਅਤੇ ਸਮਾਜਿਕ ਅਦਾਰਿਆਂ ਨੇ ਮਾਣ ਸਨਮਾਨ ਦਿੱਤੇ।

ਮਾਹਿਲਪੁਰ ਦੀ ਧਰਤੀ ਤੇ ਕੋਚਿੰਗ ਤਾਂ ਬਹੁਤਿਆਂ ਨੇ ਕੀਤੀ ਹੈ ਪਰ ਜੋ ਨਾਮ ਕੋਚ ਅਲੀ ਹਸਨ ਨੇ ਕਮਾਇਆ ਉਹ ਹੋਰ ਕੋਈ ਕਮਾ ਨਹੀਂ ਸਕਿਆ। ਇਸਦਾ ਮੁੱਖ ਕਾਰਨ ਇਹ ਰਿਹਾ ਕਿ ਜਦੋਂ 1975 ਵਿਚ ਮਾਹਿਲਪੁਰ ਵਿਚ ਖੇਡ ਵਿੰਗ ਸਥਾਪਿਤ ਹੋਇਆ ਤਾਂ ਉਹ ਇਸਦਾ ਪਹਿਲਾ ਕੋਚ ਬਣਿਆ। ਸਮੇਤ ਕਈ ਹੋਰ ਵਕਾਰੀ ਸੰਸਥਾਵਾਂ ਵਲੋਂ ਅਵਾਰਡਾਂ ਨਾਲ ਅਨੇਕਾਂ ਵਾਰ ਸਨਮਾਨਿਤ ਕੀਤਾ ਗਿਆ। 1990 ਤੋਂ ਉਹ ਪ੍ਰਿੰ-ਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵਿਚ ਸਕੱਤਰ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਉਂਦਾ ਹੋਏ ਕਈਆਂ ਨੂੰ ਅਧੁਨਿਕ ਤਕਨੀਕਸ ਨਾਲ ਲੈਸ ਕਰਦੇ ਰਹੇ। ਜੀਵਨ ਵਿਚ ਉਹਨਾਂ ਫੁੱਟਬਾਲ ਨੂੰ ਹੀ ਆਪਣਾ ਧਰਮ ਕਰਮ ਮੰਨਿਆ ਅਤੇ ਖਿਡਾਰੀਆਂ ਨੂੰ ਉਚੀਆਂ ਮੰਜ਼ਿਲਾਂ ਤੇ ਪਹੁੰਚਾਉਣ ਲਈ ਸਿਰਤੋੜ ਕੋਸ਼ਿਸ਼ਾਂ ਕੀਤੀਆਂ।ਉਹਨਾਂ ਦੀਆਂ ਕੁਝ ਗੱਲਾਂ ਕਿਸੇ ਨੂੰ ਮਿੱਠੀਆਂ ਤੇ ਕਿਸੇ ਨੂੰ ਖੱਟੀਆਂ ਲਗਦੀਆਂ ਪਰ ਉਹ ਆਪਣੀ ਧੁਨ ਵਿਚ ਜੁਟੇ ਰਹੇ।

ਕੋਚ ਅਲੀ ਹਸਨ ਦਾ ਜਨਮ ਮਲੇਰਕੋਟਲਾ ਵਿਖੇ ਪਿਤਾ ਜਨਾਬ ਮੁਹੰਮਦ ਯਾਕੂਬ ਅਤੇ ਮਾਤਾ ਆਇਸ਼ਾ ਦੇ ਘਰ 15 ਅਕਤੂਬਰ 1952 ਨੂੰ ਹੋਇਆ।ਆਪਣੀ ਐਮ ਏ ਅੰਗਰੇਜ਼ੀ ਅਤੇ ਐਨ ਆਈ ਐਸ ਦੀ ਪੜ੍ਹਾਈ ਮੁਕੰਮਲ ਕਰਕੇ ਉਹ ਕੋਚਿੰਗ ਵਾਸਤੇ ਮਾਹਿਲਪੁਰ 1975 ਵਿਚ ਆਏ ਤਾਂ ਇਥੋਂ ਦਾ ਹੀ ਵਾਸੀ ਬਣ ਗਏ। 2010 ਤਕ ਖੇਡ ਵਿੰਗ (ਅੱਜਕਲ ਫੁੱਟਬਾਲ ਅਕੈਡਮੀ) ਵਿਚ ਸ਼ਾਨਦਾਰ ਪੈੜਾਂ ਦੀ ਸਿਰਜਣਾ ਕਰਦੇ ਰਹੇ। ਇਲਾਕੇ ਦੀਆਂ ਖੇਡ ਕਲੱਬਾਂ ਨੂੰ ਉਹਨਾਂ ਦਾ ਵਿਸ਼ੇਸ਼ ਸਹਿਯੋਗ ਤੇ ਅਗਵਾਈ ਰਹੀ।



ਉਹ ਹਮੇਸ਼ਾ ਆਪਣੇ ਆਪ ਨੂੰ ਆਧੁਨਿਕ ਤਕਨੀਕਸ ਨਾਲ ਲੈਸ ਰੱਖਦੇ ਤਾਂ ਕਿ ਨਵੀਂ ਪੀੜ੍ਹੀ ਦੇ ਖਿਡਾਰੀ ਸਮੇਂ ਦੇ ਹਾਣੀ ਬਣ ਸਕਣ। ਉਹਨਾਂ ਦੀ ਪਰਿਵਾਰਕ ਫੁੱਲਵਾੜੀ ਦੇ ਬੇਟੇ ਆਸਿਮ ਅਤੇ ਆਦਿਲ ਵੀ ਉੱਘੇ ਫੁੱਟਬਾਲਰ ਬਣੇ ਹਨ। ਉਹਨਾਂ ਦੀ ਬੇਗਮ ਜ਼ਾਹਿਦਾ ਪਰਵੀਨ ਨੇ ਦਿਨ ਰਾਤ ਇਕ ਕਰਕੇ ਪਰਿਵਾਰ ਨੂੰ ਉਚੀਆਂ ਮੰਜ਼ਿਲਾਂ ਦੇ ਰਾਹੇ ਤੋਰਿਆ। ਬੇਟੀਆਂ ਨਿਧਾ,ਸਾਇਮਾ ਅਤੇ ਅਜਵੀ ਨੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਅਤੇ ਮਾਪਿਆਂ ਦਾ ਨਾਮ ਚਮਕਾਇਆ। ਜਦੋਂ ਅਸੀ ਖੇਡ ਮਨੋਵਿਗਿਆਨ ਤੇ ਵਿਚਾਰ ਕਰਦੇ ਤਾਂ ਉਹ ਆਖਦੇ ਸਨ ਕਿ ਅਜੋਕੀ ਪੀੜ੍ਹੀ ਦੇ ਖਿਡਾਰੀਆਂ ਵਿਚ ਪਹਿਲਾਂ ਵਾਲਾ ਆਦਰ ਮਾਣ ਅਤੇ ਅਨੁਸ਼ਾਸਨ ਗਾਇਬ ਹੋ ਗਿਆ ਹੈ। ਉਹਨਾਂ ਦੀ ਦੇਹ ਨੂੰ ਮਲੇਰਕੋਟਲਾ ਵਿਖੇ 20 ਨਵੰਬਰ ਨੂੰ ਸਨਮਾਨ ਪੂਰਬਕ ਸਪੁਰਦੇ ਖਾਕ ਕੀਤਾ ਗਿਆ।ਉਹਨਾਂ ਦੀ ਯਾਦ ਵਿਚ ਸ਼ਰਧਾਂਜਲੀ ਸਮਾਰੋਹ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਮਾਹਿਲਪਰੁ ਵਿਚ 28 ਨਵੰਬਰ,2021 ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਖੇਡ, ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਰਾਜਸੀ ਹਸਤੀਆਂ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

# ਭਾਜਪਾ ਓਬੀਸੀ ਮੋਰਚਾ, ਪੰਜਾਬ ਦੇ ਸੂਬਾਈ ਪ੍ਰਧਾਨ ਰਾਜਿੰਦਰ ਬਿੱਟਾ ਦੀ ਅਗਵਾਈ ਹੇਠ ਭਾਜਪਾ ਵਫਦ ਨੇ ਸ੍ਰੀ ਕਰਤਾਰਪੁਰ ਸਾਹਿਬ ਦਰਸ਼ਨ ਕਰ ਲਿਆ ਗੁਰੂ ਜੀ ਦਾ ਅਸ਼ੀਰਵਾਦ

**ਚੰਡੀਗੜ੍ਹ-** ਭਾਰਤੀ ਜਨਤਾ ਪਾਰਟੀ ਓਬੀਸੀ ਮੋਰਚਾ ਪੰਜਾਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਪੁਰਬ ਮੌਕੇ ਭਾਜਪਾ ਦਾ 20 ਮੈਂਬਰੀ ਵਫ਼ਦ ਮੋਰਚੇ ਦੇ ਸੂਬਾ ਪ੍ਰਧਾਨ ਰਾਜਿੰਦਰ ਬਿੱਟਾ ਦੀ ਅਗਵਾਈ ਹੇਠ ਪਾਕਿਸਤਾਨ ਸਥਿਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਗੁਰੂ ਚਰਨਾਂ 'ਚ ਨਤਮਸਤਕ ਹੋਇਆ ਅਤੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਸੂਬਾ ਪ੍ਰਧਾਨ ਰਾਜਿੰਦਰ ਬਿੱਟਾ ਨੇ ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆ ਕਿਹਾ ਕਿ ਭਾਰਤ ਦੇ ਪ੍ਰਧਾਨਮੰਤਰੀ ਨਰੇਂਦਰ ਮੋਦੀ ਦੇ ਸਾਰਥਕ ਯਤਨਾਂ ਸਦਕਾ ਖੋਲ੍ਹੇ ਗਏ ਲਾਂਘੇ ਰਾਹੀਂ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋ ਕੇ ਉਨ੍ਹਾਂ ਦੀ ਆਤਮਾ ਨੂੰ ਬੜਾ ਸਕੂਨ ਮਿਲਿਆ ਹੈ। ਇਸ ਮੌਕੇ ਉਨ੍ਹਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੂਬੇ ਅਤੇ



ਦੇਸ਼ ਵਿਚ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀ ਅਰਦਾਸ ਕੀਤੀ ਹੈ ਅਤੇ ਦੇਸ਼ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦੀ ਹੋਰ ਸੇਵਾ ਦਾ ਬਲ ਬਖ਼ਸ਼ਣ। ਇਸ ਮੌਕੇ ਬਿੱਟਾ ਨੇ ਦੋਨਾਂ ਦੇਸ਼ਾਂ ਵਿੱਚ ਦੋਸਤਾਨਾ ਸਬੰਧ ਬਣੇ ਰਹਿਣ ਦੀ ਵੀ ਗੁਰੂ ਜੀ ਅੱਗੇ ਅਰਦਾਸ ਕੀਤੀ ਤਾਂ ਕਿ ਸੰਗਤਾਂ ਨੂੰ ਧਾਰਮਿਕ ਸਥਾਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਪ੍ਰਾਪਤ ਹੋ ਸਕਣ। ਇਸ ਮੌਕੇ ਬਿੱਟਾ ਨੇ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਸਮੁੱਚੀ ਟੀਮ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੇ ਯਤਨਾਂ ਸਦਕਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਸਕਿਆ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸੂਬਾ ਸਕੱਤਰ ਸੁਨੀਤਾ ਗਰਗ, ਸੁਸ਼ੀਲ ਸ਼ਰਮਾ, ਅਮਰਜੀਤ ਅਮਰੀ, ਗੁਰਜੀਤ ਕੋਹਲੀ ਪਟਿਆਲਾ, ਚਾਂਦ ਸਿੰਘ ਚੱਠਾ, ਸੁਖਵਿੰਦਰ ਸਿੰਘ ਖੰਨਾ, ਸੰਦੀਪ ਸਿੰਘ ਸਰਹਿੰਦ, ਜਰਨੈਲ ਸਿੰਘ ਹੈਪੀ, ਸੁਖਵਿੰਦਰ ਸਿੰਘ ਪਿੰਟੂ, ਸੂਦ ਜੀ ਦਿੱਲੀ, ਜੀਤ ਕੌਰ, ਬਿੰਦੂ ਸ਼ਰਮਾ, ਜਸਪ੍ਰੀਤ ਸਿੰਘ, ਕੁੰਵਰ ਨਰਿੰਦਰ ਸਿੰਘ, ਪ੍ਰੇਮ ਸਿੰਘ ਫਰੀਦਕੋਟ ਆਦਿ ਵੀ ਹਾਜ਼ਰ ਸਨ।




# ਪਦਮ ਸ਼੍ਰੀ, 8 ਨਵੰਬਰ ਨੂੰ ਦਿਤਾ ਸਾਬਕਾ ਡੀਨ ਆਫ ਰਿਸਰਚ ਪ੍ਰੋਫੈਸਰ ਬੇਹਰਾ ਨੂੰ

ਫੇਫੜਿਆਂ ਦੇ ਕੈਂਸਰ ਦੀ ਕੀਮੋਥੈਰੇਪੀ ਦੇ ਮੋਢੀ, ਪੀਜੀਆਈ ਦੇ ਸਾਬਕਾ ਡੀਨ ਆਫ ਰਿਸਰਚ ਪ੍ਰੋਫੈਸਰ ਬੇਹਰਾ ਨੂੰ ਪਦਮ ਸ਼੍ਰੀ। ਉਡੀਸਾ ਦੇ ਮੂਲਨਿਵਾਸੀ ਸਮਾਜ ਵਿੱਚ ਜਨਮੇ ਜਿਸ ਦੇ ਅਨਪੜ ਮਾਂ ਬਾਪ, ਅੱਤ ਦੀ ਗਰੀਬੀ, ਦੂਰ ਦੂਰ ਤੱਕ ਕੋਈ ਸਹਾਇਤਾ ਕਰਨ ਵਾਲਾ ਅਤੇ ਰਾਹ ਦਸਣ ਵਾਲਾ ਰਿਸ਼ਤੇਦਾਰ ਵੀ ਨਹੀ, 4-5 ਕਿਲੋਮੀਟਰ ਸਕੂਲ ਨੰਗੇ ਪੈਰੀਂ ਜਾਣਾ ਸਖਸ਼, ਡਾਕਟਰ ਬਣਕੇ ਵੀ ਖਾਸ ਸਮਿਆਂ ਲਈ ਕੋਟ ਮੰਗ ਕੇ ਪਾਉਣ ਵਾਲਾ, ਅਣਗਿਣਤ ਲੋਕਾਂ ਦੀ ਜਿੰਦਗੀ ਰੋਸ਼ਨ ਕਰਨ ਵਾਲਾ ਮਹਾਨ ਮਾਨਵ ਪੀਜੀਆਈ ਦੇ ਸਾਬਕਾ ਡੀਨ ਆਫ ਰਿਸਰਚ ਪ੍ਰੋਫੈਸਰ ਬੇਹਰਾ ਹੈ ਜਿਸ ਨੂੰ 8 ਨਵੰਬਰ ਨੂੰ ਦਿਤਾ ਪਦਮ ਸ਼੍ਰੀ ਦਾ ਸਮਨਾਨ ਦਿਤਾ ਗਿਆ ਸੀ।

ਮਹਾਨ ਸਾਬਕਾ ਡੀਨ ਆਫ ਰਿਸਰਚ ਪ੍ਰੋਫੈਸਰ ਦਿਗੰਬਰ ਬੇਹਰਾ ਜਿਹਨਾ ਨੂੰ ਹੁਣੇ ਹੁਣੇ ਬਾਰਤ ਦੇ ਰਾਸ਼ਟਰਪਤੀ ਦੁਆਰਾ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ ਉਹਨਾ ਦਾ ਜਨਮ ਕਟਕ, ਓਡੀਸ਼ਾ ਵਿੱਚ 1953 ਵਿੱਚ ਹੋਇਆ ਸੀ। ਉਹ ਭਾਰਤ ਦੇ ਮਹਾਨ ਡਾਕਟਰ ਹਨ।

ਉਹਨਾ ਦੀ ਸਪੈਸਿਲਾਈਜੇਸ਼ਨ ਫੇਫੜਿਆਂ ਦੀਆਂ ਬਿਮਾਰੀਆਂ ਵਿੱਚ ਹੈ। 2020 ਦਾ, ਉਸਨੂੰ ਦਵਾਈ ਦੇ ਖੇਤਰ ਵਿੱਚ ਯੋਗਦਾਨ ਲਈ ਭਾਰਤ ਸਰਕਾਰ ਤੋਂ ਪਦਮ ਸ਼੍ਰੀ ਸਨਮਾਨ ਮਿਲਿਆ ਹੈ। ਡਾ। ਬੇਹਰਾ ਨੇ 1978 ਵਿੱਚ ਐਸਸੀਬੀਉਤਕਲ ਯੂਨੀਵਰਸਿਟੀਕਟਕਦੇਮੈਡੀਕਲ ਕਾਲਜ ਤੋਂ ਐਮਬੀਬੀਐਸਅਤੇ 1981 ਵਿੱਚ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈ), ਚੰਡੀਗੜ੍ਹ ਤੋਂ ਐਮ ਡੀ ਕੀਤੀ।

1978 ਵਿੱਚ, ਬੇਹੜਾ ਇੱਕ ਜੂਨੀਅਰ ਰੈਜ਼ੀਡੈਂਟ ਵਜੋਂ ਪੀਜੀਆਈ ਵਿੱਚ ਮੈਡੀਸਨ ਵਿਭਾਗ ਵਿੱਚ ਸ਼ਾਮਲ ਹੋਏ ਸਨ। ਉਹ 2000 ਤੋਂ ਸੀਨੀਅਰ ਪ੍ਰੋਫੈਸਰ ਵਜੋਂ ਪਲਮਨਰੀ ਮੈਡੀਸਨ ਵਿਭਾਗ ਨੂੰ ਪੜ੍ਹਾਉਂਦੇ ਰਹੇ ਹਨ। ਉਹ 2014 ਵਿੱਚ ਪਲਮਨਰੀ ਮੈਡੀਸਨ ਵਿਭਾਗ ਦਾ ਮੁਖੀ ਅਤੇ ਕੇਂਦਰੀ ਮੰਤਰਾਲੇ ਤੋਂ ਦੋ ਸਾਲ ਦੇ ਵਾਧੇ ਨਾਲ 2017 ਵਿੱਚ ਪਲਮਨਰੀ ਖੋਜ ਵਿਭਾਗ ਦਾ ਡੀਨ ਬਣੇ ਸਨ।2011 ਵਿੱਚ ਉਹ ਪੀਜੀਆਈ ਦੇ ਡਾਇਰੈਕਟਰ ਬਣੇ। ਉਹ ਰਾਸ਼ਟਰੀ ਤਪਦਿਕ ਐਲੀਮੀਨੇਸ਼ਨ ਪ੍ਰੋਗਰਾਮ ਅਤੇ ਭਾਰਤੀ ਤਪਦਿਕ ਖੋਜ ਕੰਸੋਰਟੀਅਮ ਦੇ ਅਧੀਨ ਕੁਝ ਵਿਭਾਗਾਂ ਦੇ ਚੇਅਰਮੈਨ ਹਨ। ਉਹਨਾ ਨੂੰ ਬਹੁਤ ਤਾਰੇ ਸਨਮਾਨ ਨਿਲ ਚੁੱਕੇ ਹਨ।

ਰਿਸਰਚ ਪ੍ਰੋਫੈਸਰ ਡਾਕਟਰ ਦਿਗੰਬਰ ਬੇਹਰਾ ਨੂੰ ਹੁਣ ਤਕ ਮਿਲੇ ਅਵਾਰਡ

1 ਪਦਮ ਸ਼੍ਰੀ (2020)
2 ਪੂਰਜ ਗੰਗਾਧਰਮ ਅਵਾਰਡ (2015)
3 ਪਬਲਿਕ ਹੈਲਥ ਲਈ ਕੇਲ ਸਟੈਬਲੋ ਇਨਾਮ (2009)
4 ਬਾਸ ਰਾਏ ਅਵਾਰਡ (2004)

ਉਹ ਅਮੈਰੀਕਨ ਕਾਲਜ ਆਫ਼ ਚੈਸਟ ਫਿਜ਼ੀਸ਼ੀਅਨਜ਼, ਨੈਸ਼ਨਲ ਅਕੈਡਮੀ ਆਫ਼ ਮੈਡੀਕਲ ਸਾਇੰਸਿਜ਼, ਅਤੇ ਏਸ਼ੀਆ ਪੈਸੀਫਿਕ ਸੋਸਾਇਟੀ ਆਫ਼ ਰੈਸਪੀਰੋਲੋਜੀ ਦਾ ਇੱਕ ਸਾਥੀ ਹੈ। ਉਹ ਇੰਡੀਅਨ ਜਰਨਲ ਆਫ ਚੈਸਟ ਡਿਜ਼ੀਜ਼ਜ਼ ਐਂਡ ਅਲਾਈਡ ਸਾਇੰਸਜ਼ ਅਤੇ ਇੰਡੀਅਨ ਜਰਨਲ ਆਫ਼ ਟੀਬਰਕਲੋਸਿਸ ਦੇ ਸੰਪਾਦਕੀ ਬੋਰਡ 'ਤੇ ਹੈ। ਉਹ ਫੇਫੜਿਆਂ ਦੇ ਕੈਂਸਰ ਦੇ ਅਧਿਐਨ ਲਈ ਭਾਰਤੀ ਅਧਿਐਨ ਦੇ ਸੰਸਥਾਪਕ ਪ੍ਰਧਾਨ ਵੀ ਹਨ।

ਸਪੈਸਿਲਾਈਜੇਸ਼ਨ /ਵਿਸ਼ੇਸ਼ਤਾ

ਉਹ ਦਮਾ, Broncihectaiss (ਬ੍ਰੌਨਕਿਏਕਟੇਸਿਸ ਫੇਫੜਿਆਂ ਦੀ ਇੱਕ ਸਥਿਤੀ ਹੈ ਜੋ ਬ੍ਰੌਨਚੀ ਵਿੱਚ ਜ਼ਖ਼ਮ ਵਾਲੇ ਟਿਸ਼ੂਆਂ, ਜਾਂ ਫੇਫੜਿਆਂ ਵਿੱਚ ਹਵਾ ਦੇਣ ਵਾਲੇ ਰਸਤਿਆਂ ਕਾਰਨ ਬਲਗ਼ਮ ਨੂੰ ਖੰਘਣ ਦਾ ਕਾਰਨ ਬਣਦੀ ਹੈ।) ਅਤੇ ਬ੍ਰੌਨਕਾਈਟਸ (ਫੇਫੜਿਆਂ (ਬ੍ਰੌਨਕਸੀਅਲ ਟਿਊਬਾਂ) ਵੱਲ ਜਾਣ ਵਾਲੀਆਂ ਟਿਊਬਾਂ ਦੀ ਬਿਮਾਰੀ ਜੋ ਬਹੁਤ ਖਰਾਬ ਖੰਘ ਦਾ ਕਾਰਨ ਬਣਦੀ ਹੈ) ਅਤੇ ਕ੍ਰੋਨਿਕ ਅਬਸਟਰਕਟਿਵ ਪਲਮਨਰੀ ਡਿਜ਼ੀਜ਼ (ਸੀਓਪੀਡੀ)(ਫੇਫੜਿਆਂ ਦੀਆਂ ਬਿਮਾਰੀਆਂ ਦਾ ਇੱਕ ਸਮੂਹ ਜੋ ਹਵਾ ਦੇ ਪ੍ਰਵਾਹ ਨੂੰ ਰੋਕਦਾ ਹੈ ਅਤੇ ਸਾਹ ਲੈਣ ਵਿੱਚ ਮੁਸ਼ਕਲ ਬਣਾਉਂਦਾ ਹੈ।), ਐਮਫੀਸੀਮਾ,ਐਮਫਾਈਸੀਮਾ ਉਹਨਾਂ ਬਿਮਾਰੀਆਂ ਵਿੱਚੋਂ ਇੱਕ ਹੈ ਜਿਸ ਵਿੱਚ ਸੀਓਪੀਡੀ (ਕ੍ਰੋਨਿਕ ਅਬਸਟਰਕਟਿਵ ਪਲਮਨਰੀ ਬਿਮਾਰੀ) ਸ਼ਾਮਲ ਹੈ। ਐਮਫੀਸੀਮਾ ਸਮੇਂ ਦੇ ਨਾਲ ਵਿਕਸਤ ਹੁੰਦਾ ਹੈ ਅਤੇ ਇਸ ਵਿੱਚ ਫੇਫੜਿਆਂ ਦੇ ਟਿਸ਼ੂ ਦਾ ਹੌਲੀ-ਹੌਲੀ ਨੁਕਸਾਨ ਸ਼ਾਮਲ ਹੁੰਦਾ ਹੈ, ਖਾਸ ਤੌਰ 'ਤੇ ਐਲਵੀਓਲੀ (ਛੋਟੀਆਂ ਹਵਾ ਦੀਆਂ ਥੈਲੀਆਂ) ਦਾ ਵਿਨਾਸ਼।ਵਿਚਕਾਰਲੇ ਫੇਫੜੇ ਦੇ ਰੋਗ, ਪੇਸ਼ਾਵਰ ਫੇਫੜੇ ਦੇ ਰੋਗ, ਰੁਕਾਵਟੀ ਸਲੀਪ ਐਪਨੀਆ, ਪਲਮਨਰੀ ਫੰਕਸ਼ਨ ਟੈਸਟ (ਪੀਐਫਟੀ), ਟ੍ਰੈਕੀਓਸਟੋਮੀ, ਸਜਾਵਟ, ਬਲੈਕਟੋਮੀ,



ਮੇਡੀਆਸਟਿਨੋਸਕੋਪੀ, ਬ੍ਰੌਨਕੋਸਕੋਪੀ, ਫੇਫੜਿਆਂ ਦਾ ਟ੍ਰਾਂਸਪਲਾਂਟ, ਨਿਮੋਨੈਕਟੋਮੀ, ਲੋਬੈਕਟੋਮੀ, ਫੇਫੜਿਆਂ ਦੀ ਸਰਜਰੀ ਦੇ ਮਾਹਰ ਹਨ।

ਸਿੱਖਿਆ

MBBS, SCB ਮੈਡੀਕਲ ਕਾਲਜ -ਕਟਕ ਉਤਕਲ ਯੂਨੀਵਰਸਿਟੀ, ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈ), ਚੰਡੀਗੜ੍ਹ ਤੋਂ ਐਮ।ਡੀ ਐਮ।ਡੀ, ਡੀ।ਐਮ, ਫੈਲੋਸ਼ਿਪ,ੰ ਓੰ।

ਮੈਂਬਰਸ਼ਿਪਾਂ

ਮੈਂਬਰ, ਸੰਪਾਦਕੀ ਬੋਰਡ, ਲੰਗ ਇੰਡੀਆ
ਇੰਡੀਅਨ ਸੋਸਾਇਟੀ ਆਫ ਓਨਕੋਲੋਜੀ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ
ਮੈਂਬਰ ਐਜੂਕੇਸ਼ਨ ਕਮੇਟੀ, ਇੰਟਰਨੈਸ਼ਨਲ ਸੋਸਾਇਟੀ ਫਾਰ ਸਟੱਡੀ ਆਫ਼ ਲੰਗ ਕੈਂਸਰ
ਇੰਡੀਅਨ ਸੁਸਾਇਟੀ ਫਾਰ ਸਟੱਡੀ ਆਫ਼ ਲੰਗ ਕੈਂਸਰ ਦੇ ਪ੍ਰਧਾਨ ਡਾਕਟਰ, ਸਲਾਹਕਾਰ ਬੋਰਡ ਦੇ ਮੈਂਬਰ, ਜਰਨਲ ਆਫ਼ ਐਸੋਸੀਏਸ਼ਨ ਆਫ਼ ਫਿਜ਼ੀਸ਼ੀਅਨ ਆਫ਼ ਇੰਡੀਆ
ਸੰਪਾਦਕੀ ਬੋਰਡ ਦੇ ਮੈਂਬਰ, ਇੰਡੀਅਨ ਜਰਨਲ ਆਫ਼ ਚੈਸਟ ਡਿਜ਼ੀਜ਼ ਐਂਡ ਅਲਾਈਡ ਸਾਇੰਸਿਜ਼
ਇੰਡੀਅਨ ਸੋਸਾਇਟੀ ਆਫ ਓਨਕੋਲੋਜੀ ਦੇ ਮੈਂਬਰ
ਇੰਡੀਅਨ ਚੈਸਟ ਸੁਸਾਇਟੀ ਦੇ ਮੈਂਬਰ
ਐਸੋਸੀਏਸ਼ਨ ਆਫ਼ ਫਿਜ਼ੀਸ਼ੀਅਨ ਆਫ਼ ਇੰਡੀਆ ਦੇ ਮੈਂਬਰ
ਇੰਟਰਨੈਸ਼ਨਲ ਕਾਲਜ ਆਫ਼ ਐਂਜੀਓਲੋਜੀ ਦੇ ਫੈਲੋ
ਸਾਥੀ ਭਾਰਤੀ ਡਾਕਟਰਾਂ ਦੇ ਕਾਲਜ
ਨੈਸ਼ਨਲ ਕਾਲਜ ਆਫ਼ ਚੈਸਟ ਫਿਜ਼ੀਸ਼ੀਅਨਜ਼ (ਇੰਡੀਆ) ਦੇ ਫੈਲੋ
ਅਮੈਰੀਕਨ ਕਾਲਜ ਆਫ ਚੈਸਟ ਫਿਜ਼ੀਸ਼ੀਅਨ ਦੇ ਫੈਲੋ
ਇੰਟਰਨੈਸ਼ਨਲ ਸੋਸਾਇਟੀ ਫਾਰ ਸਟੱਡੀ ਆਫ਼ ਲੰਗ ਕੈਂਸਰ ਦੇ ਮੈਂਬਰ

ਸ਼ੁਰੂਆਤੀ ਜੀਵਨ

ਉੜੀਸਾ ਦੇ ਕਟਕ ਦੇ ਇੱਕ ਪਿੰਡ ਦੇ ਮੂਲ ਨਿਵਾਸੀ ਡਾ: ਬੇਹਰਾ ਇੱਕ ਮੱਧਵਰਗੀ ਪਰਿਵਾਰ ਵਿੱਚੋਂ ਆਏ ਹਨ। ਉਸਦੇ ਮਾਤਾ-ਪਿਤਾ ਪੜ੍ਹੇ-ਲਿਖੇ ਨਹੀਂ ਸਨ ਅਤੇ ਉਹ ਆਪਣੇ ਦੋ ਭੈਣਾਂ-ਭਰਾਵਾਂ ਵਿੱਚੋਂ ਪਹਿਲਾ ਵਿਅਕਤੀ ਸੀ ਜਿਸਨੇ ਡਾਕਟਰੀ ਦਾ ਖੇਤਰ ਚੁਣਿਆ ਅਤੇ ਇਸ ਖੇਤਰ ਵਿੱਚ ਨਾਮ ਕਮਾਇਆ। ਉਹਨਾ ਲਈ ਪੀਜੀਆਈ ਤੱਕ ਦਾ ਸਫ਼ਰ ਬਹੁਤ ਔਖਾ ਸੀ। ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਦੇ ਹੋਏ, ਡਾ: ਬੇਹੜਾ ਨੇ ਕਿਹਾ, "ਮੈਂ ਘਰ ਤੋਂ ਲਗਭਗ 4-5 ਕਿਲੋਮੀਟਰ ਦੂਰ ਸਥਿਤ ਆਪਣੇ ਸਕੂਲ ਵਿਚ ਜਾਣ ਲਈ ਨੰਗੇ ਪੈਰੀਂ ਜਾਂਦਾ ਸੀ ਕਿਉਂਕਿ ਮੇਰੇ ਕੋਲ ਪੈਰਾਂ ਵਿੱਚ ਪਾਉਣ ਲਈ ਕਿਸੇ ਤਰਾਂ ਦਾ ਕੋਈ ਵੀ ਜੁੱਤੀ ਜਾਂ ਚਪਲ ਨਹੀਂ ਸੀ। ਸਕੂਲ ਦੀ ਪੜ੍ਹਾਈ ਦੇ ਕੰਮ ਤੋਂ ਬਿਨਾ ਘਰ ਦੇ ਕੰਮਾਂ ਵਿੱਚ ਵੀ ਹੱਥ ਵਟਾਉਣਾ ਪੈਂਦਾ ਸੀ। ਇਸ ਦੌਰਾਨ ਮੈਂ ਆਪਣੇ ਪਿਤਾ ਦੀ ਖੇਤੀਬਾੜੀ ਦੇ ਕੰਮਾਂ ਵਿੱਚ ਵੀ ਮਦਦ ਵੀ ਕਰਦਾ ਸੀ।" ਕਈ ਵਾਰ ਮੈਨੂੰ ਸਰਦੀਆਂ ਵਿੱਚ ਕੋਟ ਉਧਾਰ ਲੈਣਾ ਪੈਂਦਾ ਸੀ ਜਦੋਂ ਉਹ ਆਪਣੀ ਪੋਸਟ ਗ੍ਰੈਜੂਏਸ਼ਨ ਲਈ ਪੀਜੀਆਈ ਵਿੱਚ ਦਾਖਲ ਹੋਇਆ ਸੀ। ਗਰੀਬੀ ਵੀ ਅੱਤ ਦੀ ਗਰੀਬੀ ਹੰਢਾਈ ਹੈ ਉਹਨਾ ਨੇ। ਲੇਕਿਨ ਉਨ੍ਹਾਂ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਡਾ: ਬੇਹੜਾ ਨੇ ਲੰਬਾ ਅਤੇ ਸ਼ਾਨਦਾਰ ਲੋਕਾਂ ਦੀ ਸੇਵਾ ਕਰਦੇ ਸਫ਼ਰ ਤੈਅ ਕੀਤਾ ਹੈ।

ਪ੍ਰੋ। ਦਿਗੰਬਰ ਨੇ ਅਕਾਦਮਿਕ ਉਦੇਸ਼ਾਂ ਲਈ 81 ਤੋਂ ਵੱਧ ਦੇਸ਼ਾਂ ਦਾ ਦੌਰਾ ਕੀਤਾ। ਪ੍ਰੋ। ਬੇਹਰਾ ਵੱਖ-ਵੱਖ ਵਿਗਿਆਨਕ ਸੋਸਾਇਟੀਆਂ ਦਾ ਮੈਂਬਰ ਹੈ ਅਤੇ ਵੱਖ-ਵੱਖ ਵਿਗਿਆਨਕ ਰਸਾਲਿਆਂ ਦੇ ਸੰਪਾਦਕੀ ਬੋਰਡਾਂ 'ਤੇ ਹੈ। ਉਸਦੇ ਨਾਮ ਤੇ 500 ਤੋਂ ਵੱਧ ਪ੍ਰਕਾਸ਼ਨ ਹਨ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ 580 ਤੋਂ ਵੱਧ ਪੇਪਰ ਪੇਸ਼ ਕੀਤੇ ਹਨ। ਉਸ ਨੇ 9 ਕਿਤਾਬਾਂ ਲਿਖੀਆਂ ਹਨ।



ਹਰਦੀਪ ਸਿੰਘ ਚੁੰਬਰ
+91-94636-01616

ਫੇਫੜਿਆਂ ਦੇ ਕੈਂਸਰ ਲਈ ਕੀਮੋਥੈਰੇਪੀ ਦੇ ਮੋਢੀ ਅਤੇ ਪੀਜੀਆਈ ਵਿਖੇ ਖੋਜ ਦੇ ਸਾਬਕਾ ਡੀਨ, ਪ੍ਰੋ ਦਿਗੰਬਰ ਬੇਹਰਾ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਹੈ। ਉਹ 40 ਸਾਲਾਂ ਤੋਂ ਦਵਾਈ ਦੇ ਖੇਤਰ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਯੋਗਦਾਨ ਨੂੰ ਦੇਖਦੇ ਹੋਏ ਉਨ੍ਹਾਂ ਦਾ ਨਾਂ ਇਸ ਪੁਰਸਕਾਰ ਲਈ ਚੁਣਿਆ ਗਿਆ।

ਪੀਜੀਆਈ ਦੇ ਪਲਮਨਰੀ ਵਿਭਾਗ ਦੇ ਮੁਖੀ ਪ੍ਰੋ ਦਿਗੰਬਰ ਬੇਹਰਾ ਨੂੰ ਇਹ ਪੁਰਸਕਾਰ 8 ਨਵੰਬਰ ਨੂੰ ਰਾਸ਼ਟਰ-ਪਤੀ ਭਵਨ ਵਿੱਚ ਦਿੱਤਾ ਗਿਆ। ਇਸ ਦੌਰਾਨ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਰੇ ਕੈਬਨਿਟ ਮੰਤਰੀ ਮੌਜੂਦ ਸਨ। ਪ੍ਰੋ। ਬੇਹਰਾ ਇਸ ਤੋਂ ਪਹਿਲਾਂ 29 ਰਾਸ਼ਟਰੀ ਅਤੇ 7 ਅੰਤਰਰਾਸ਼ਟਰੀ ਪੁਰਸਕਾਰ ਪ੍ਰਾਪਤ ਕਰ ਚੁੱਕੇ ਹਨ। ਉਹ ਇਸ ਸਾਲ ਅਪ੍ਰੈਲ ਵਿੱਚ ਪੀਜੀਆਈ ਤੋਂ ਸੇਵਾਮੁਕਤ ਹੋਏ ਸਨ। ਇਸ ਸਮੇਂ ਉਹ ਫੋਰਟਿਸ ਹਸਪਤਾਲ ਮੋਹਾਲੀ ਵਿਖੇ ਆਪਣੀਆਂ ਸੇਵਾਵਾਂ ਦੇ ਰਹੇ ਹਨ।

ਪ੍ਰੋ ਬਹੇੜਾ ਦਾ ਸਫ਼ਰ ਇਸ ਤਰ੍ਹਾਂ ਸ਼ੁਰੂ ਹੋਇਆ, ਉਹਨਾ ਨੇ ਪੀਜੀਆਈ ਵਿੱਚ ਡੀਨ (ਖੋਜ) ਅਤੇ ਪਲਮੋਨਰੀ ਮੈਡੀਸਨ ਵਿਭਾਗ ਦੇ ਮੁਖੀ ਵਜੋਂ ਵੀ ਕੰਮ ਕੀਤਾ। ਉਸਨੇ ਨੈਸ਼ਨਲ ਇੰਸਟੀਚਿਊਟ ਆਫ਼ ਟੀਬੀ ਅਤੇ ਸਾਹ ਦੀਆਂ ਬਿਮਾਰੀਆਂ ਦੇ ਡਾਇਰੈਕਟਰ ਵਜੋਂ ਪੰਜ ਸਾਲਾਂ ਦੀ ਮਿਆਦ ਲਈ ਸੇਵਾ ਕੀਤੀ। ਉਹ ਇੰਡੀਅਨ ਸੋਸਾਇਟੀ ਫਾਰ ਸਟੱਡੀ ਆਫ਼ ਲੰਗ ਕੈਂਸਰ ਦੇ ਸੰਸਥਾਪਕ ਪ੍ਰਧਾਨ ਹਨ। ਵਰਤਮਾਨ ਵਿੱਚ ਉਹ ਇੰਡੀਅਨ ਚੈਸਟ ਸੋਸਾਇਟੀ ਦੇ ਪ੍ਰਧਾਨ ਅਤੇ ਰਾਸ਼ਟਰੀ ਤਪਦਿਕ ਦੇ ਖਾਤਮੇ ਪ੍ਰੋਗਰਾਮ ਲਈ ਰਾਸ਼ਟਰੀ ਟਾਸਕ ਫੋਰਸ ਦੇ ਚੇਅਰਮੈਨ ਹਨ।ਡਾ: ਬੇਹੜਾ ਦਾ ਮੰਨਣਾ ਹੈ ਕਿ ਵਿਅਕਤੀ ਨੂੰ ਦ੍ਰਿੜ ਹੋਣਾ ਚਾਹੀਦਾ ਹੈ, ਫੋਕਸ ਰਹਿਣਾ ਚਾਹੀਦਾ ਹੈ ਅਤੇ ਉਸ ਦੇ ਆਖਰੀ ਸਾਹ ਤੱਕ ਕੰਮ ਕਰਨਾ ਚਾਹੀਦਾ ਹੈ।

"ਮੈਂ ਜਲਦੀ ਹੀ 67 ਸਾਲ ਦਾ ਹੋਵਾਂਗਾ। ਪਰ ਮੈਨੂੰ ਦਿੱਤੇ ਗਏ ਇਸ ਸਨਮਾਨ ਨੇ ਮੈਨੂੰ ਟੀਬੀ ਦੇ ਖਾਤਮੇ ਅਤੇ ਫੇਫੜਿਆਂ ਦੇ ਕੈਂਸਰ ਦੇ ਇਲਾਜ ਲਈ ਹੋਰ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਹੈ।" ਪਿਛਲੇ ਸਾਲ ਪੀਜੀਆਈ ਦੇ ਡਾਇਰੈਕਟਰ ਪ੍ਰੋਫੈਸਰ ਜਗਤ ਰਾਮ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਤੋਂ ਪਹਿਲਾਂ, ਪ੍ਰੋਫੈਸਰ ਯੋਗੇਸ਼ ਚਾਵਲਾ, ਸਾਬਕਾ ਡਾਇਰੈਕਟਰ ਪੀਜੀਆਈ ਅਤੇ ਪ੍ਰੋਫੈਸਰ ਅਮੋਦ ਗੁਪਤਾ ਸਾਬਕਾ ਉਪ-ਡੀਨ ਪੀਜੀਆਈ ਐਮਈਆਰ ਵੀ ਪਦਮ ਸ਼੍ਰੀ ਦੇ ਪ੍ਰਾਪਤਕਰਤਾ ਰਹਿ ਚੁੱਕੇ ਹਨ।

# ਹੁਣ ਕੋਈ ਵੀ ਕਿਰਾਏ 'ਤੇ ਲੈ ਕੇ ਚਲਾ ਸਕਦਾ ਹੈ ਟਰੇਨ, ਰੇਲਵੇ ਨੇ ਲਿਆ ਇਹ ਵੱਡਾ ਫੈਸਲਾ

ਵਰਤਮਾਨ ਵਿੱਚ, ਦੇਸ਼ ਵਿੱਚ 180 ਭਾਰਤ ਗੌਰਵ ਟਰੇਨਾਂ ਚਲਾਉਣ ਦੀ ਯੋਜਨਾ ਹੈ ਅਤੇ ਇਸ ਵਿੱਚ ਤਿੰਨ ਹਜ਼ਾਰ ਤੋਂ ਵੱਧ ਕੋਚ ਹੋਣਗੇ। ਰੇਲਵੇ ਨੇ ਅੱਜ ਤੋਂ ਇਸ ਲਈ ਅਰਜ਼ੀਆਂ ਲੈਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ।

ਨਵੀਂ ਦਿੱਲੀ: ਭਾਰਤੀ ਰੇਲਵੇ ਨੇ ਹੁਣ ਰੇਲ ਯਾਤਰਾ ਕਰਨ ਵਾਲਿਆਂ ਨੂੰ ਇੱਕ ਖਾਸ ਆਫਰ ਦਿੱਤਾ ਹੈ। ਹੁਣ ਦੇਸ਼ 'ਚ ਅਜਿਹੀ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਕੋਈ ਵੀ ਰਾਜ ਜਾਂ ਵਿਅਕਤੀ ਰੇਲ ਗੱਡੀਆਂ ਕਿਰਾਏ 'ਤੇ ਲੈ ਸਕਦਾ ਹੈ ਅਤੇ ਇਨ੍ਹਾਂ ਟਰੇਨਾਂ ਨੂੰ 'ਭਾਰਤ ਗੌਰਵ ਟਰੇਨ' ਦਾ ਨਾਂ ਦਿੱਤਾ ਗਿਆ ਹੈ। ਟਰੇਨਾਂ ਨੂੰ ਲਿਜਾਣ ਲਈ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ ਅਤੇ ਬਦਲੇ 'ਚ ਰੇਲਵੇ ਉਨ੍ਹਾਂ ਤੋਂ ਘੱਟੋ-ਘੱਟ ਕਿਰਾਇਆ ਵਸੂਲੇਗਾ।

ਦੇਸ਼ ਵਿੱਚ ਭਾਰਤ ਗੌਰਵ ਟ੍ਰੇਨਾਂ ਚੱਲਣਗੀਆਂ ਇਸ ਸਮੇਂ ਦੇਸ਼ ਵਿੱਚ 180 ਭਾਰਤ ਗੌਰਵ ਰੇਲ ਗੱਡੀਆਂ ਚਲਾਉਣ ਦੀ ਯੋਜਨਾ ਹੈ ਅਤੇ ਇਸ ਵਿੱਚ ਤਿੰਨ ਹਜ਼ਾਰ ਤੋਂ ਵੱਧ ਕੋਚ ਹੋਣਗੇ। ਰੇਲਵੇ ਨੇ ਅੱਜ ਤੋਂ ਇਸ ਲਈ ਅਰਜ਼ੀਆਂ ਲੈਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ ਅਤੇ ਉਨ੍ਹਾਂ ਨੂੰ ਵੀ ਭਰਵਾਂ ਹੁੰਗਾਰਾ ਮਿਲ ਰਿਹਾ ਹੈ।



ਰੇਲਵੇ ਦੇ ਅਨੁਸਾਰ, ਭਾਰਤ ਗੌਰਵ ਟ੍ਰੇਨਾਂ ਨੂੰ ਪ੍ਰਾਈਵੇਟ ਸੈਕਟਰ ਅਤੇ ਆਈਆਰਸੀਟੀਸੀ ਦੋਵਾਂ ਦੁਆਰਾ ਚਲਾਇਆ ਜਾ ਸਕਦਾ ਹੈ। ਨਾਲ ਹੀ, ਇਸਦਾ ਕਿਰਾਇਆ ਟੂਰ ਆਪਰੇਟਰ ਦੁਆਰਾ ਤੈਅ ਕੀਤਾ ਜਾਵੇਗਾ। ਇਹ ਟਰੇਨਾਂ ਭਾਰਤ ਦੀ ਸੰਸਕ੍ਰਿਤੀ, ਵਿਰਾਸਤ ਨੂੰ ਦਰਸਾਉਂਦੀ ਥੀਮ 'ਤੇ ਆਧਾਰਿਤ ਹੋਣਗੀਆਂ, ਇਸ ਲਈ ਲਗਭਗ 180 ਟਰੇਨਾਂ ਨੂੰ ਰੱਖਿਆ ਗਿਆ ਹੈ। ਯਾਤਰੀ, ਮਾਲ ਤੋਂ ਬਾਅਦ ਰੇਲਵੇ ਸੈਰ-ਸਪਾਟੇ ਲਈ ਟਰੇਨਾਂ ਦਾ ਤੀਜਾ ਹਿੱਸਾ ਸ਼ੁਰੂ ਕਰਨ ਜਾ ਰਿਹਾ ਹੈ।

ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਦਾ ਉਦੇਸ਼ ਯੋਜਨਾ ਦਾ ਐਲਾਨ ਕਰਦੇ ਹੋਏ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਹਿੱਸੇਦਾਰ ਇਨ੍ਹਾਂ ਟਰੇਨਾਂ ਨੂੰ ਆਧੁਨਿਕ ਅਤੇ ਚਲਾਉਣਗੇ ਜਦਕਿ ਰੇਲਵੇ ਇਨ੍ਹਾਂ ਟਰੇਨਾਂ ਦੇ ਰੱਖ-ਰਖਾਅ, ਪਾਰਕਿੰਗ ਅਤੇ ਹੋਰ ਸੁਵਿਧਾਵਾਂ ਪ੍ਰਦਾਨ ਕਰਨ ਲਈ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਇਹ ਨਿਯਮਤ ਰੇਲ ਸੇਵਾ ਵਾਂਗ ਨਹੀਂ ਹੋਵੇਗੀ ਅਤੇ ਨਾ ਹੀ ਇਹ ਆਮ ਰੇਲ ਸੇਵਾ ਹੈ। ਭਾਰਤ ਗੌਰਵ ਟ੍ਰੇਨਾਂ ਦਾ ਮੁੱਖ ਉਦੇਸ਼ ਭਾਰਤ ਵਿੱਚ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨਾ ਹੈ।

ਰੇਲ ਮੰਤਰੀ ਨੇ ਕਿਹਾ ਕਿ ਫਿਲਹਾਲ ਸਿਰਫ ਸੈਰ-ਸਪਾਟੇ ਨੂੰ ਮੁੱਖ ਰੱਖ ਕੇ ਇਨ੍ਹਾਂ ਟਰੇਨਾਂ ਦਾ ਸੰਚਾਲਨ ਸ਼ੁਰੂ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਰੇਲਵੇ ਨੂੰ ਭਾਰਤੀ ਸੰਸਕ੍ਰਿਤੀ ਅਤੇ ਸੱਭਿਅਤਾ ਨਾਲ ਜੋੜਿਆ ਜਾਣਾ ਚਾਹੀਦਾ ਹੈ, ਇਸ ਲਈ ਰੇਲਵੇ ਨੂੰ ਭਾਰਤ ਦਾ ਮਾਣ ਦਿਖਾਉਣ ਲਈ ਸ਼ੁਰੂ ਕੀਤਾ ਜਾਵੇਗਾ। ਅੱਜ ਤੋਂ ਅਰਜ਼ੀਆਂ ਲੈਣਾ ਸ਼ੁਰੂ ਹੋ ਗਿਆ ਹੈ ਅਤੇ ਇਹ ਵਿਸ਼ੇਸ਼ ਰੇਲ ਗੱਡੀਆਂ ਕਿਸੇ ਵੀ ਰਾਜ, ਵਿਅਕਤੀ ਜਾਂ ਸੰਸਥਾ ਦੁਆਰਾ ਚਲਾਈਆਂ ਜਾ ਸਕਦੀਆਂ ਹਨ।

### 27 ਨਵੰਬਰ ਬਰਸੀ 'ਤੇ

# ਗੁਰੂ ਨਾਨਕ ਦਰਬਾਰ ਵਿਚ ਕੀਰਤਨ ਦਾ ਮੁੱਢ ਬੰਨ੍ਹਣ ਵਾਲੇ ਭਾਈ ਮਰਦਾਨਾ ਜੀ

ਸਿੱਖ ਇਤਿਹਾਸ ਵਿਚ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਬੜੀ ਹੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਨਾਲ ਲਿਆ ਜਾਂਦਾ ਹੈ ਉਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਹੀ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਕਈ ਮੀਲ ਬਿਖਰਿਆਂ ਪੈਂਡਿਆਂ ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਵਿਚ ਬਾਬੇ ਦਾ ਡੱਟਵਾਂ ਸਾਥ ਦੇਣ ਵਾਲਿਆਂ ਵਿੱਚ ਭਾਈ ਮਰਦਾਨਾ ਜੀ ਦਾ ਨਾਮ ਉੱਭਰਵੇਂ ਰੂਪ ਵਿੱਚ ਲਿਆ ਜਾਂਦਾ ਹੈ।

**ਰਮੇਸ਼ ਬੱਗਾ ਚੋਹਲਾ**
**91-94631-32719**

ਭਾਈ ਮਰਦਾਨਾ ਜੀ ਜਿਨ੍ਹਾਂ ਦਾ ਪਹਿਲਾ ਨਾਮ ਭਾਈ 'ਦਾਨਾ' ਸੀ, ਦਾ ਜਨਮ 6 ਫਰਵਰੀ 1459 ਈ.ਨੂੰ ਪਿੰਡ ਤਲਵੰਡੀ(ਰਾਏ ਭੋਏ ਦੀ) ਦੇ ਵਸਨੀਕ ਚੌਂਭੜ ਜਾਤ ਦੇ ਮਿਰਾਸੀ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲੱਗਭਗ ਸਵਾ 10 ਸਾਲ ਵੱਡੇ ਸਨ।ਮਿਰਾਸੀਆਂ ਦੇ ਘਰ ਦੀ ਪੈਦਾਇਸ਼ ਹੋਣ ਕਰਕੇ ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੂ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿੱਚ ਪੈ ਗਈ ਸੀ ਜੋ ਗੁਰੂ ਸਾਹਿਬ ਵੱਲੋਂ ਮਿਲੇ ਰੱਜਵੇਂ ਪਿਆਰ ਅਤੇ ਸਤਿਕਾਰ ਕਾਰਣ ਆਖ਼ਰੀ ਦਮ ਤੱਕ ਨਿਭਦੀ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ'ਵਰਗੀ ਭਰਾਤਰੀਭਾਵ ਵਾਲੀ ਅਤੇ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ,ਉਥੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਸਾਹਿਬ ਜਿਥੇ ਇੱਕ ਉੱਚਕੋਟੀ ਦੇ ਸੰਗੀਤਕਾਰ ਸਨ ਉਥੇ ਗੁਰੂ ਸਾਹਿਬ ਦੇ ਸੱਚੇ ਤੇ ਪੱਕੇ ਮਿੱਤਰ ਵੀ ਸਨ।

ਸੁੱਖ-ਦੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ, ਜਿਨ੍ਹਾਂ ਨੂੰ ਗੁਰੂ ਜੀ ਵੱਲੋਂ ਕੁੱਝ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਇਨ੍ਹਾਂ ਅਧਿਕਾਰਾਂ ਦੀ ਵਰਤੋਂ ਉਹ ਗੁਰੂ ਨਾਨਕ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਰਦੇ ਸਨ। ਭਾਈ ਸਾਹਿਬ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ ਜਿਨ੍ਹਾਂ ਵਿੱਚ ਭਾਈ ਨੀਰੂ ਦਾ ਨਾਮ ਵਰਨਣਯੋਗ ਹੈ।



ਭਾਈ ਮਰਦਾਨਾ ਜੀ ਦਾ ਇਹ ਵੀ ਇੱਕ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਸਾਹਿਬ ਦਾ ਵਡੇਰਾ ਅਤੇ ਲੰਮੇਰਾ (ਲੱਗਭਗ ਛੇ ਦਹਾਕੇ) ਸਾਥ ਪ੍ਰਾਪਤ ਹੋਇਆ ਹੈ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ ਦਾ ਲੱਗਭਗ 40000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ ਉਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ''। ਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ। ਜਿਥੇ ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ ਹਾਸਲ ਹੈ ਉਥੇ ਨਾਲ ਹੀ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਮਾਣ ਵੀ ਮਿਲਦਾ ਹੈ। ਇਹ ਮਾਣ-ਸਤਿਕਾਰ ਭਾਈ ਮਰਦਾਨਾ ਜੀ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤੱਕ ਬਣਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਸ੍ਰੀ ਗੁਰੂ ਅਰਜਨ ਦੇਵ ਜੀ) ਅਤੇ ਛੇਵੀਂ (ਸ੍ਰੀ ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਹੀ ਖਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸ ਹੀ ਘਰਾਣੇ ਨਾਲ ਜੁੜਿਆ ਹੋਇਆ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ (ਆਪਣੀ ਚੌਥੀ ਉਦਾਸੀ ਸਮੇਂ) ਅਫਗਾਨਿਸਤਾਨ ਦੇ ਨਗਰ ਖੁਰਮ ਵਿਖੇ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਆਪਣੇ ਸੱਚੇ ਸਾਥੀ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਸਾਹਿਬ ਨੂੰ ਗਲ ਨਾਲ ਲਿਆ ਅਤੇ ਬਚਨ ਕੀਤਾ ਕਿ, ਉਮਰਦਾਨਿਆਂ ਜੇ ਤੇਰਾ ਚਿਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂ ਪਾਣੀ ਵਿਚ ਸੁਟ ਦਿਆਂ, ਖੱਤਰੀ ਵਾਂਗੂੰ ਸਾੜ ਦਿਆਂ, ਵੈਸ਼ ਵਾਗੂੰ ਹਵਾ ਵਿਚ ਉਡਾ ਦਿਆਂ ਜਾਂ ਫਿਰ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰ ਦਿਆਂ''। ਬਾਬੇ ਦੇ ਬਚਨਾਂ ਦਾ ਜਵਾਬ ਦਿੰਦਿਆ ਭਾਈ ਮਰਦਾਨੇ ਨੇ ਕਿਹਾ, ਉਵਾਹ, ਬਾਬਾ ਵਾਹ ਅਜੇ ਵੀ ਸਰੀਰਾਂ ਦੇ ਚਕਰਾਂ ਵਿਚ ਹੀ ਪਾਈ ਜਾਨਾ''।

ਬਾਬਾ ਫਿਰ ਬੋਲਿਆ, ਉਭਾਈ ਮਰਦਾਨਿਆਂ ਜੇ ਤੂੰ ਕਹੇ ਤਾਂ ਤੇਰੀ ਸਮਾਧ ਬਣਾ ਦੇਈਏ''। ਉਸ ਵਕਤ ਭਾਈ ਸਾਹਿਬ ਨੇ ਜੋ ਉੱਤਰ ਦਿੱਤਾ ਉਹ ਬਹੁਤ ਹੀ ਭਾਵਪੂਰਤ ਸੀ, ਉ ਬਾਬਾ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਦੀ ਰੂਪੀ ਸਮਾਧ ਵਿਚੋਂ ਬਹਾਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ ਵਿਚ ਪਾਉਣਾ ਚਾਹੁੰਨਾ''।ਆਪਣੇ ਸੱਚੇ ਅਤੇ ਪੱਕੇ ਸਾਥੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖੀਰ 27 ਨਵੰਬਰ 1534 ਈ: ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਾਤ ਪਾ ਗਏ।

ਆਪਣੇ ਸੁੱਖ-ਦੁੱਖ ਦੇ ਭਾਈਵਾਲ ਭਾਈ ਮਰਦਾਨਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖਾਕ ਕਰ ਦਿੱਤਾ, ਜਿਥੇ ਅੱਜ ਵੀ ਉਨ੍ਹਾਂ (ਭਾਈ ਸਾਹਿਬ) ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ।

### 22 ਨਵੰਬਰ ਲਈ


# ਪੰਥ ਦਾ ਕੀਮਤੀ ਰਤਨ-ਮਾ ਤਾਰਾ ਸਿੰਘ ਜੀ

**ਰਮੇਸ਼ ਬੱਗਾ ਚੋਹਲਾ**

ਦੁਨੀਆਂ ਵਿਚ ਬਹੁਤ ਸਾਰੇ ਅਜਿਹੇ ਲੋਕ ਜਨਮ ਲੈਂਦੇ ਰਹਿੰਦੇ ਹਨ ਜਿਨ੍ਹਾਂ ਦਾ ਜੀਵਨ ਉਨ੍ਹਾਂ ਦੇ ਆਪਣੇ ਆਪ ਤੱਕ ਜਾਂ ਉਨ੍ਹਾਂ ਦੇ ਪਰਿਵਾਰ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ ਭਾਵ ਉਹ ਜੋ ਕੁੱਝ ਵੀ ਕਰਦੇ ਹਨ ਉਸ ਦਾ ਸੁਖਦਾਈ ਜਾਂ ਦੁੱਖਦਾਈ ਪ੍ਰਭਾਵ ਉਨ੍ਹਾਂ ਦੇ ਅਤਿ ਨੇੜਲੇ ਘੇਰੇ ਵਿਚ ਹੀ ਸਿਮਟ ਕੇ ਰਹਿ ਜਾਂਦਾ ਹੈ। ਦੂਸਰੇ ਪਾਸੇ ਸੰਸਾਰ ਵਿਚ ਕੁੱਝ ਅਜਿਹੇ ਲੋਕਾਂ ਦੀ ਆਮਦ ਵੀ ਸਮੇਂ-ਸਮੇਂ ਹੁੰਦੀ ਰਹਿੰਦੀ ਹੈ ਜੋ ਨਾ ਸਿਰਫ ਆਪਣੇ ਆਪ ਲਈ ਹੀ ਜਿਉਂਦੇ ਹਨ ਸਗੋਂ ਆਪਣੇ ਦੇਸ਼ ਅਤੇ ਸਮਾਜ ਦੇ ਪ੍ਰਤੀ ਵੀ ਕੁਰਬਾਨੀ ਦਾ ਜਜ਼ਬਾ ਰੱਖਦੇ ਹਨ। ਇਸ ਜਜ਼ਬੇ ਕਾਰਨ ਉਹ ਲੋਕਾਈ ਦੇ ਸਦੀਵੀ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ ਜੋ ਯੁੱਗਾਂ-ਯੁਗਾਂਤਰਾਂ ਤੱਕ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ ਹੈ। ਇਹ ਸਤਿਕਾਰ ਉਨ੍ਹਾਂ ਮਹਾਂਪੁਰਖਾਂ ਦੇ ਇਥੋਂ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਬਾਅਦ ਵੀ ਉਨ੍ਹਾਂ(ਕੀਤੇ ਕਾਰਜਾਂ ਕਰਕੇ) ਨੂੰ ਲੋਕ ਚੇਤਿਆਂ ਵਿਚ ਵਸਾਈ ਰੱਖਦਾ ਹੈ। ਇਸ ਵਸੇਬੇ ਕਰਕੇ ਹੀ ਉਨ੍ਹਾਂ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਵਾਲੇ ਲੋਕ ਉਨ੍ਹਾਂ ਪ੍ਰਤੀ ਹਰ ਸਾਲ (ਜਨਮ ਦਿਨ/ਬਰਸੀ ਮਨਾ ਕੇ) ਆਪਣਾ ਸਤਿਕਾਰ ਪ੍ਰਗਟ ਕਰਦੇ ਰਹਿੰਦੇ ਹਨ। ਇਹ ਸ਼ਰਧਾਮਈ ਭਾਵਨਾ ਪੰਥ ਰਤਨ ਮਾਸਟਰ ਤਾਰਾ ਸਿੰਘ ਦੇ ਪ੍ਰਤੀ ਵੀ ਹਰ ਸਾਲ ਹੀ ਪ੍ਰਗਟਾਈ ਜਾਂਦੀ ਹੈ।

ਸਰਬਾਂਗੀ ਵਿਅਕਤੀਤੱਵ ਦੇ ਮਾਲਕ ਮਾਸਟਰ ਤਾਰਾ ਸਿੰਘ ਦਾ ਜਨਮ 24 ਜੂਨ 1885 ਈਸਵੀ ਨੂੰ ਅਣਵੰਡੇ ਪੰਜਾਬ ਦੇ ਜ਼ਿਲ੍ਹਾ ਰਾਵਲਪਿੰਡੀ ਵਿਚ ਸਥਿਤ ਪਿੰਡ ਹਰਿਆਲ ਦੇ ਇਕ ਵਸਨੀਕ ਸ੍ਰੀ ਗੋਪੀ ਚੰਦ ਮਲਹੋਤਰਾ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਮੁੱਢਲਾ ਨਾਮ ਨਾਨਕ ਚੰਦ ਸੀ ਪਰ ਸਿੱਖ ਧਰਮ ਵਿਚ ਅਥਾਹ ਸ਼ਰਧਾ ਅਤੇ ਵਿਸ਼ਵਾਸ ਹੋਣ ਕਾਰਨ ਉਨ੍ਹਾਂ ਨੇ ਸੰਤ ਅਤਰ ਸਿੰਘ ਜੀ ਕੋਲੋਂ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰ ਲਿਆ ਜਿਸ ਕਰਕੇ ਉਨ੍ਹਾਂ ਦਾ ਨਾਮਕਰਣ ਤਾਰਾ ਸਿੰਘ ਹੋ ਗਿਆ।

ਮਾਸਟਰ ਤਾਰਾ ਸਿੰਘ ਨੇ 1907 ਈ। ਵਿਚ ਬੀ,ਏ ਪਾਸ ਕਰ ਲਈ ਅਤੇ ਉਚੇਰੀ ਪੜ੍ਹਾਈ (ਐਮ। ਏ) ਕਰਨ ਲਈ ਸੈਂਟਰਲ ਟਰੇਨਿੰਗ ਕਾਲਜ ਲਾਹੌਰ ਵਿਚ ਦਾਖਲ ਹੋ ਗਏ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਲਾਇਲਪੁਰ ਜ਼ਿਲ੍ਹੇ ਦੇ ਇੱਕ ਖਾਲਸਾ ਹਾਈ ਸਕੂਲ ਵਿਖੇ ਮੁੱਖ ਅਧਿਆਪਕ ਨਿਯੁਕਤ ਹੋ ਗਏ। ਸੇਵਾ ਅਤੇ ਪਰਉਪਕਾਰ ਦੀ ਭਾਵਨਾ ਹੋਣ ਕਰਕੇ ਉਹ ਕੇਵਲ ਪੰਦਰਾਂ ਰੁਪਏ ਮਹੀਨਾ ਵੇਤਨ 'ਤੇ ਹੀ ਕੰਮ ਕਰਦੇ ਰਹੇ। ਘੱਟ ਵੇਤਨ ਲੈਣ ਬਾਵਜ਼ੂਦ ਵੀ ਉਹ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਦੇ ਸਨ। ਉਨ੍ਹਾਂ ਦੀ ਇਸ ਵਿਸ਼ੇਸ਼ ਲਗਨ ਅਤੇ ਮਿਹਨਤ ਸਦਕਾ ਖਾਲਸਾ ਹਾਈ ਸਕੂਲ ਬੇਹਤਰੀਨ ਸਕੂਲਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ। ਸਕੂਲ ਦੀ ਪ੍ਰਸਿੱਧੀ ਦੇ ਨਾਲ-ਨਾਲ ਮਾਸਟਰ ਤਾਰਾ ਸਿੰਘ ਜੀ ਵੀ ਹਰਮਨ ਪਿਆਰੇ (ਵਿਸ਼ੇਸ ਕਰਕੇ ਲਾਇਲਪੁਰ ਦੇ ਇਲਾਕੇ ਵਿਚ) ਹੋਣ ਲੱਗ ਪਏ। ਕੁਝ ਕਾਰਨਾਂ ਕਰਕੇ ਮਾਸਟਰ ਜੀ ਨੂੰ ਇਸ ਸਕੂਲ ਦੀ ਮੁੱਖ-ਅਧਿਆਪਕੀ ਤੋਂ ਤਿਆਗ-ਪੱਤਰ ਦੇਣਾ ਪੈ ਗਿਆ। ਇਸ ਤੋਂ ਬਾਅਦ ਉਹ ਆਪਣੇ ਘਰੇਲੂ ਜ਼ਿਲ੍ਹੇ ਰਾਵਲਪਿੰਡੀ ਦੇ ਕੱਲਰ ਖਾਲਸਾ ਹਾਈ ਸਕੂਲ ਦੇ ਮੁੱਖ ਅਧਿਆਪਕ ਬਣ ਗਏ। ਮਾਸਟਰ ਤਾਰਾ ਸਿੰਘ ਜੀ ਦੀ ਯੋਗ ਅਗਵਾਈ ਹੇਠ ਕੱਲਰ ਸਕੂਲ ਨੇ ਪੰਥ ਨੂੰ ਅਜਿਹੇ ਹੀਰੇ (ਨੇਤਾ) ਦਿੱਤੇ ਜਿਨ੍ਹਾਂ ਨੇ ਦੇਸ਼/ਪੰਥ ਦੀ ਖਾਤਿਰ ਸੇਵਾ ਦੇ ਨਾਲ-ਨਾਲ ਜੀਵਨ ਵੀ ਲੇਖੇ ਲਾ ਦਿੱਤਾ। ਉਸ ਵਕਤ ਮਾਸਟਰ ਜੀ ਦੇ ਨਾਲ ਲਾਲ ਸਿੰਘ ਕਮਲਾ ਅਕਾਲੀ, ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ,ਗਿਆਨੀ ਹੀਰਾ ਸਿੰਘ ਦਰਦ ਅਤੇ ਮਾਸਟਰ ਸੁਜਾਨ ਸਿੰਘ ਜੀ ਸਰਹਾਲੀ ਵੀ ਕੰਮ ਕਰਦੇ ਸਨ। ਕੁੱਝ ਸਮੇਂ ਬਾਅਦ ਉਨ੍ਹਾਂ ਨੇ ਇਹ ਸਕੂਲ ਵੀ ਛੱਡ ਦਿੱਤਾ ਅਤੇ ਮੁੜ ਲਾਇਲਪੁਰ ਚਲੇ ਗਏ। ਇਥੇ ਉਨ੍ਹਾਂ ਨੇ ਆੜ੍ਹਤ ਦੀ ਦੁਕਾਨ ਖੋਲ੍ਹ ਲਈ ਜੋ ਉਨ੍ਹਾਂ ਦੇ ਸੁਭਾਅ ਨਾਲ ਮੇਲ ਨਾ ਖਾਂਦੀ ਕਰਕੇ ਛੱਡਣੀ ਪੈ ਗਈ।



ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋ ਜਾਣ ਕਰਕੇ ਮਾਸਟਰ ਤਾਰਾ ਸਿੰਘ ਜੀ ਅੰਮ੍ਰਿਤਸਰ ਆ ਗਏ ਅਤੇ ਉਸ ਵਕਤ ਦੀ ਚਰਚਿਤ ਅਖਬਾਰ 'ਅਕਾਲੀ' ਦੇ ਸੰਪਾਦਕ ਬਣ ਗਏ। ਇਸ ਡੂਨੀ ਸਾਕੇ ਕਾਰਨ ਸਿੱਖ ਭਾਈਚਾਰੇ ਵਿਚ ਗੁੱਸੇ ਦੀ ਅੱਗ ਭੜਕ ਪਈ ਅਤੇ ਸਿੱਖ ਆਗੂਆਂ ਨੇ ਨਿਰਣਾ ਲਿਆ ਕਿ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਚਾਹੀਦਾ ਹੈ।

ਜਦੋਂ ਬਾਬਾ ਖੜਕ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਮਾਸਟਰ ਤਾਰਾ ਸਿੰਘ ਜੀ ਨੂੰ ਇਸ ਕਮੇਟੀ ਦਾ ਸਕੱਤਰ ਬਣਾਇਆ ਗਿਆ। ਇਸ ਕਮੇਟੀ ਵਿਚ ਅੰਗਰੇਜ਼ ਸਰਕਾਰ ਦੇ ਨਾਲ ਨਾ ਮਿਲਵਰਤਣ ਦਾ ਮਤਾ ਪਾਸ ਕੀਤਾ ਗਿਆ ਜਿਸ ਦੇ ਪਾਸ ਹੋਣ ਨਾਲ ਅਕਾਲੀਆਂ ਅਤੇ ਅੰਗਰੇਜ਼ਾਂ ਦਾ ਸਿੱਧਾ ਮੁਕਾਬਲਾ ਹੋ ਗਿਆ। ਮਾਸਟਰ ਜੀ ਨੇ ਅੰਮ੍ਰਿਤਸਰ ਦਫ਼ਤਰ ਵਿਚ ਰਹਿ ਕੇ ਪੰਥ ਦੀ ਚੜ੍ਹਦੀਕਲਾ ਲਈ ਦਿਨ-ਰਾਤ ਇਕ ਕਰਕੇ ਕੰਮ ਕਰਨਾ ਆਰੰਭ ਕਰ ਦਿੱਤਾ। ਪ੍ਰੋ:ਨਿਰੰਜਨ ਸਿੰਘ ਦੇ ਸਹਿਯੋਗ ਸਦਕਾ ਉਨ੍ਹਾਂ ਨੇ ਬਹੁਤ ਸਾਰੇ ਇਸ਼ਤਿਹਾਰ,ਪੈਂਫਲਟ ਤੇ ਟਰੈਕਟ ਲਿਖ ਕੇ ਦੂਰ-ਦੁਰਾਡੇ ਤੱਕ ਭੇਜੇ ਜਿਸ ਨਾਲ ਕੌਮ ਵਿਚ ਇੱਕ ਜਾਗ੍ਰਤੀ ਪੈਦਾ ਹੋ ਗਈ। ਪੰਥ ਵਿਚ ਆਈ ਜਾਗ੍ਰਤੀ ਕਾਰਨ ਸਭ ਤੋਂ ਪਹਿਲਾਂ ਚਾਬੀਆਂ ਦਾ ਮੋਰਚਾ ਲਗਾਇਆ ਗਿਆ। ਇਸ ਮੋਰਚੇ ਵਿਚ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਜੀ ਨੇ ਅੱਗੇ ਵੱਧ ਕੇ ਗ੍ਰਿਫ਼ਤਾਰੀ ਦਿੱਤੀ। ਇਸ ਮੋਰਚੇ ਦੀ ਜਿੱਤ ਤੋਂ ਬਾਅਦ 'ਗੁਰੂ ਕੇ ਬਾਗ' ਅਤੇ 'ਜੈਤੋ' ਦਾ ਮੋਰਚਾ ਲੱਗ ਗਿਆ। ਇਨ੍ਹਾਂ ਮੋਰਚਿਆਂ ਵਿਚ ਸ਼ਾਮਿਲ ਜਥਿਆਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨ ਵਿਰੋਧੀ ਕਰਾਰ ਦਿੱਤਾ ਗਿਆ। ਕਮੇਟੀ ਦੇ ਅੰਤ੍ਰਿਗ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉਪਰ ਮੁਕੱਦਮਾਂ ਚਲਾਇਆ ਗਿਆ। ਇਨ੍ਹਾਂ ਗ੍ਰਿਫ਼ਤਾਰ ਮੈਂਬਰਾਂ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਿਲ ਸਨ। ਦੇਸ਼ ਭਗਤੀ ਦੀ ਭਾਵਨਾ ਪ੍ਰਬਲ ਹੋਣ ਕਰਕੇ ਮਾਸਟਰ ਤਾਰਾ ਸਿੰਘ ਵਿਦੇਸ਼ੀ ਰਾਜ ਤੋਂ ਮੁਕਤੀ ਤਾਂ ਚਾਹੁੰਦੇ ਸਨ ਪਰ ਉਹ ਸਿੱਖ ਹਿੱਤਾਂ ਨੂੰ ਕੁਰਬਾਨ ਨਹੀਂ ਸੀ ਹੋਣ ਦੇਣਾ ਚਾਹੁੰਦੇ। ਉਹ ਅਕਸਰ ਕਿਹਾ ਕਰਦੇ ਸਨ ਕਿ 'ਮੈਂ ਮਰਾਂ, ਪੰਥ ਜੀਵੇ' ਅਤੇ 'ਸਿੱਖੋ ਜੇ ਮੈਂ ਮਾੜਾ ਹਾਂ ਤਾਂ ਮੈਨੂੰ ਮਾਰ ਦਿਉ, ਪੰਥ ਨੂੰ ਨਾ ਮਾਰੋ'। ਆਪਣੇ ਇਨ੍ਹਾਂ ਬੋਲਾਂ ਨੂੰ ਜੀਵਤ ਰੱਖਣ ਲਈ ਉਹ ਹਮੇਸ਼ਾਂ ਹੀ ਸਿੱਖ ਹਿੱਤਾਂ ਲਈ ਲੜਦੇ ਰਹੇ।

ਸਿੱਖੀ ਸਿਧਾਤਾਂ (ਵਿਸ਼ੇਸ਼ ਕਰਕੇ ਸਰਬਤ ਦਾ ਭਲਾ ਮੰਗਣ ਵਾਲੇ) ਦੀ ਪਹਿਰੇਦਾਰੀ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਬਹੁਤ ਸਾਰੀਆਂ ਕੈਦਾਂ ਕੱਟੀਆਂ। ਜਦੋਂ ਵੀ ਦੇਸ਼ ਵਿਚ ਕੋਈ ਲੋਕ ਭਲਾਈ ਦੀ ਲਹਿਰ ਆਰੰਭ ਹੁੰਦੀ ਤਾਂ ਮਾਸਟਰ ਜੀ ਹਮੇਸ਼ਾਂ ਹੀ ਮੂਹਰਲੀਆਂ ਸਫ਼ਾਂ ਵਿਚ ਹੁੰਦੇ। ਇਥੋਂ ਤੱਕ ਕਿ ਮਹਾਤਮਾਂ ਗਾਂਧੀ ਵੱਲੋਂ ਸਮੇਂ-ਸਮੇਂ ਸ਼ੁਰੂ ਕੀਤੀਆਂ ਕਈ ਲਹਿਰਾਂ ਨੂੰ ਵੀ ਉਨ੍ਹਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾਂਦਾ ਰਿਹਾ ਹੈ। ਮਾਸਟਰ ਤਾਰਾ ਸਿੰਘ ਦਾ ਜੀਵਨ ਇੱਕ ਧਰੂ ਤਾਰੇ ਵਰਗਾ ਰਿਹਾ ਹੈ। ਉਨ੍ਹਾਂ ਦਾ ਸ਼ੁਮਾਰ ਕੌਮ ਦੇ ਚੌਣਵੇਂ ਰਾਹ ਦਸੇਰਿਆਂ ਵਿਚ ਕੀਤਾ ਜਾਂਦਾ ਹੈ। ਨਿਧੜਕ ਹੋਣ ਦੇ ਨਾਲ-ਨਾਲ ਉਹ ਨਿਡਰ ਵੀ ਸਨ। ਔਖਿਆਲਿਆਂ ਵਕਤਾਂ ਵਿਚ ਉਹ ਕਦੇ ਡੋਲਦੇ ਨਹੀਂ ਸਨ ਅਤੇ ਤਤਕਾਲ ਨਿਰਣਾ ਲੈ ਲਿਆ ਕਰਦੇ ਸਨ। ਕੋਈ ਵੀ ਪੰਥਕ ਪ੍ਰੋਗਰਾਮ ਅਜਿਹਾ ਨਹੀਂ ਕਿਹਾ ਜਾ ਸਕਦਾ ਜਿਸ ਵਿਚ ਮਾਸਟਰ ਤਾਰਾ ਸਿੰਘ ਦੀ ਅਹਿਮ ਭੂਮਿਕਾ ਨਾ ਰਹੀ ਹੋਵੇ। ਪੰਥ ਲਈ ਮਰ-ਮਿਟਣ ਦੀ ਭਾਵਨਾ ਰੱਖਣ ਵਾਲਾ ਇਹ ਅਨਮੋਲ ਰਤਨ ਆਪਣਾ ਜੀਵਨ ਸਫ਼ਰ ਸਮਾਪਤ ਕਰਕੇ 22 ਨਵੰਬਰ 1967 ਨੂੰ ਕੌਮ ਨੂੰ ਆਪਣੀ ਆਖਰੀ ਫ਼ਤਿਹ ਬੁਲਾ ਗਿਆ।

# ਤਿੰਨੋਂ ਖੇਤੀ ਕਾਨੂੰਨਾਂ ਦੀ ਵਾਪਸੀ 'ਤੇ ਆਗਾਮੀ ਸੰਸਦ ਸੈਸ਼ਨ 'ਚ ਚਰਚਾ ਦੀ ਤਰੀਕ ਤੈਅ

**ਨਵੀਂ ਦਿੱਲੀ –** ਤਿੰਨੋਂ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਹੁਣ ਇਸ 'ਤੇ ਚਰਚਾ ਕਰਨ ਲਈ ਸੰਸਦ ਦੇ ਆਗਾਮੀ ਸੈਸ਼ਨ ਦੀ ਤਰੀਕ ਤੈਅ ਹੋ ਗਈ ਹੈ। ਕੇਂਦਰੀ ਕੋਲਾ ਤੇ ਖਾਨ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਮੰਗਲਵਾਰ ਨੂੰ ਕਿਹਾ ਕਿ ਖੇਤੀ ਮੰਤਰਾਲਾ ਸੰਸਦ ਦੇ ਆਗਾਮੀ ਸਰਦ ਰੁੱਤ ਸੈਸ਼ਨ 'ਚ ਤਿੰਨ ਖੇਤੀ ਕਾਨੂੰਨਾਂ 'ਤੇ ਚਰਚਾ ਕਰਨ ਲਈ ਤਰੀਕਾਂ 'ਤੇ ਵਿਚਾਰ ਕਰ ਰਿਹਾ ਹੈ। ਸੂਤਰਾਂ ਮੁਤਾਬਕ, ਕੇਂਦਰੀ ਮੰਤਰੀ ਮੰਡਲ 24 ਨਵੰਬਰ ਨੂੰ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮਨਜ਼ੂਰੀ ਲਈ ਵਿਚਾਰ ਕਰ ਸਕਦਾ ਹੈ।ਸੰਸਦ 'ਚ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕੀਤੇ ਜਾਣ ਦੇ ਸਵਾਲ 'ਤੇ ਜੋਸ਼ੀ ਨੇ ਅੱਜ ਇੱਥੇ ਇਕ ਪੱਤਰਕਾਰ ਸੰਮੇਲਨ ਦੌਰਾਨ ਕਿਹਾ, 'ਖੇਤੀ ਮੰਤਰਾਲਾ ਵਿਚਾਰ ਕਰ ਰਿਹਾ ਹੈ ਤੇ ਇਹ ਤੈਅ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲਾਂ ਹੀ ਇਸ ਦਾ ਐਲਾਨ ਕਰ ਚੁੱਕੇ ਹਨ। ਜਦੋਂ ਇਹ ਸੰਸਦ 'ਚ ਆਉਂਦਾ ਹੈ, ਅਸੀਂ ਦੇਖਾਂਗੇ ਕਿ ਇਸ ਨੂੰ ਕਦੋਂ ਵਾਪਸ ਲਿਆ ਜਾ ਸਕਦਾ ਹੈ।'ਉਨ੍ਹਾਂ ਦੱਸਿਆ ਕਿ ਕਾਨੂੰਨਾਂ ਨੂੰ ਵਾਪਸ ਲੈਣ ਦੇ ਬਿੱਲਾਂ ਨੂੰ ਸੰਸਦ ਦੇ ਆਗਾਮੀ ਸਰਦ ਰੁੱਤ ਸੈਸ਼ਨ 'ਚ ਪੇਸ਼ ਕੀਤਾ ਜਾਵੇਗਾ ਜੋ 29 ਨਵੰਬਰ ਤੋਂ ਸ਼ੁਰੂ ਹੋਣ ਵਾਲਾ ਹੈ। ਦੱਸ ਦੇਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 19 ਨਵੰਬਰ ਨੂੰ ਤਿੰਨੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ। ਪੀਐੱਮ ਨੇ ਇਹ ਵੀ ਐਲਾਨ ਕੀਤਾ ਸੀ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਲਈ ਇਕ ਨਵੇਂ ਢਾਂਚੇ 'ਤੇ ਕੰਮ ਕਰਨ ਲਈ ਇਕ ਕਮੇਟੀ ਦਾ ਗਠਨ ਕਰੇਗੀ। ਕੇਂਦਰ ਵੱਲੋਂ 2020 'ਚ ਕਾਨੂੰਨ ਪਾਸ ਕੀਤੇ ਜਾਣ ਤੋਂ ਬਾਅਦ ਤੋਂ ਕਿਸਾਨ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ।

ਪੇਂਡੂ ਤੇ ਖੇਤ ਮਜ਼ਦੂਰਾਂ ਦੇ ਭਖਦੇ ਮਸਲਿਆਂ ਦੇ ਹੱਲ ਲਈ ਪੰਜਾਬ ਦੀਆਂ 7 ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮਹੀਨਿਆਂ ਬੱਧੀ ਕੀਤੇ ਜਾ ਰਹੇ ਸੰਘਰਸ਼ ਦੀ ਪੰਜਾਬ ਦੀਆਂ 5 ਕਿਸਾਨ ਜਥੇਬੰਦੀਆਂ ਵੱਲੋਂ ਹਮਾਇਤ ਦਾ ਐਲਾਨ ਕੀਤਾ ਗਿਆ ਹੈ। ਕਿਸਾਨ ਆਗੂਆਂ ਸਰਵ ਸ਼੍ਰੀ ਜੋਗਿੰਦਰ ਸਿੰਘ ਉਗਰਾਹਾਂ, ਬਲਵੀਰ ਸਿੰਘ ਰਾਜੇਵਾਲ, ਦਰਸ਼ਨਪਾਲ ਪਟਿਆਲਾ, ਰੁਲਦੂ ਸਿੰਘ ਮਾਨਸਾ ਅਤੇ ਕੁਲਵੰਤ ਸਿੰਘ ਸੰਧੂ ਦੀ ਤਰਫੋਂ ਸਾਂਝਾ ਬਿਆਨ ਜਾਰੀ ਕਰਦਿਆਂ ਕਿਸਾਨ ਆਗੂ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਸਾਰੇ ਬੇਘਰੇ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟ ਦੇਣ ਅਤੇ ਅਲਾਟ ਕੀਤੇ ਪਲਾਟਾਂ ਦੇ ਕਬਜ਼ੇ ਤੁਰੰਤ ਦੇਣ ਸਮੇਤ ਭਖਦੀਆਂ ਮਜ਼ਦੂਰ ਮੰਗਾਂ ਦੇ ਹੱਲ ਲਈ ਮੁੱਖ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਵੱਲੋਂ ਮਜ਼ਦੂਰ ਆਗੂਆਂ ਨਾਲ ਗੱਲਬਾਤ ਸਮੇਂ ਮੰਗਾਂ ਦਾ ਤਸੱਲੀਬਖ਼ਸ਼ ਨਿਪਟਾਰਾ ਨਾ ਹੋਣ ਦੀ ਸੂਰਤ ਵਿੱਚ ਸਾਂਝੇ ਮਜ਼ਦੂਰ ਮੋਰਚੇ ਵੱਲੋਂ ਐਲਾਨੇ ਗਏ 13 ਦਸੰਬਰ ਦੇ ਰੇਲ ਰੋਕੋ ਅੰਦੋਲਨ ਅਤੇ ਹੋਰ ਸਥਾਨਕ ਐਕਸ਼ਨਾਂ ਵਿੱਚ ਕਿਸਾਨਾਂ ਵੱਲੋਂ ਵੀ ਹਮਾਇਤੀ ਸ਼ਮੂਲੀਅਤ ਕੀਤੀ ਜਾਵੇਗੀ।

# ਕਿੱਧਰ ਗਈਆਂ ਲੋਰੀਆਂ?



ਮਾਸਟਰ ਸੰਜੀਵ ਧਰਮਾਣੀ
91-94785-61356

ਲੋਰੀ ਦਾ ਨਾਂ ਸੁਣਦੇ ਸਾਰ ਹੀ ਸਭ ਨੂੰ ਮਾਂ, ਮਾਂ ਦੀ ਗੋਦ, ਪੰਘੂੜੇ, ਨੀਂਦ , ਰੋਣਾ, ਰਾਤ, ਚੰਨ - ਤਾਰਿਆਂ ਤੇ ਮਾਂ ਦੀ ਛੋਹ ਦੀ ਕਲਪਨਾ ਜਿਹੀ ਆ ਜਾਂਦੀ ਹੈ। ਲੋਰੀ ਮਾਂ ਦੇ ਸ਼ਾਂਤ, ਸਹਿਜ, ਮੁਲਾਇਮ, ਪਿਆਰ ਭਰੇ, ਦਿਆਲੂ, ਸਮਰਪਣ ਅਤੇ ਕੋਮਲ ਹਿਰਦੇ ਵਿੱਚੋਂ ਮਿਲਿਆ ਵਰਦਾਨ ਹੈ। ਹਰ ਯੁੱਗ ਦੇ ਸਮੇਂ ਵਿੱਚ ਮਾਂ ਨੇ ਲੋਰੀ ਨੂੰ ਆਪਣੀ ਮਮਤਾ, ਸਨੇਹ, ਕਰੁਣਾ ਅਤੇ ਦਰਿਆਦਿਲੀ ਦਾ ਵਿਸ਼ਾ ਬਣਾਇਆ। ਲੋਰੀ, ਮਾਂ ਦੇ ਹਿਰਦੇ ਵਿੱ-ਚੋਂ ਨਿਕਲ ਕੇ ਹੈਰਾਨੀ - ਪ੍ਰੇਸ਼ਾਨੀ ਦੇ ਸਮੇਂ ਬੱਚੇ ਨੂੰ ਸੁੱਖ ਤੇ ਪਿਆਰ ਦੀ ਠੰਢਕ ਪਹੁੰਚਾਉਂਦੀ ਹੈ। ਇਸ ਵਿੱਚ ਮਿਠਾਸ ਹੀ ਮਿਠਾਸ, ਪਿਆਰ ਹੀ ਪਿਆਰ, ਮਮਤਾ ਹੀ ਮਮਤਾ ਹੁੰਦੀ ਹੈ। ਲੋਰੀ, ਔਰਤ ਦੇ ਮਨ ਦੇ ਉਸ ਕੋਨੇ ਵਿੱਚੋਂ ਨਿਕਲਦੀ ਹੈ , ਜਿੱਥੇ ਮਮਤਾ ਤੇ ਪਿਆਰ ਹੁੰਦਾ ਹੈ ,ਉਹ ਮਨ ਪਾਕ - ਪਵਿੱਤਰ ਹੁੰਦਾ ਹੈ, ਸ਼ੀਸ਼ੇ ਵਾਂਗ। ਇਸ ਲਈ ਮਾਂ ਨੂੰ "ਮਮਤਾ ਦੀ ਮੂਰਤ" ਕਿਹਾ ਗਿਆ ਹੈ। ਲੋਰੀ ਛੋਟੇ ਬੱਚਿਆਂ ਨੂੰ ਸੁਆਉਣ (ਸੌਣ) ਲਈ, ਮਨਪ੍ਰਚਾਵੇ ਜਾਂ ਰੋ ਰਹੇ ਬੱਚੇ ਨੂੰ ਚੁੱਪ ਕਰਵਾਉਣ ਲਈ ਗਾਈ ਜਾਂਦੀ ਹੈ। ਇਨ੍ਹਾਂ ਲੋਰੀਆਂ ਵਿੱਚੋਂ ਹੀ ਸਮੇਂ ਦੀ ਆਰਥਿਕ ਸਥਿਤੀ, ਔਰਤ ਦੇ ਪਿਆਰ, ਵਿਯੋਗ, ਇੱਛਾਵਾਂ, ਉਮੰਗਾਂ, ਰਸਮਾਂ - ਰਿਵਾਜਾਂ ਤੇ ਜ਼ਮੀਨੀ ਹਕੀਕਤ ਪ੍ਰਗਟ ਹੁੰਦੀ ਹੈ। ਲੋਰੀ ਰੋਟੀ - ਟੁੱਕ ਬਣਾਉਣ , ਕੱਪੜੇ ਧੋਣ, ਘਰ ਸੰਭਾਲਣ ਤੇ ਰੋਜ਼ ਦੇ ਕੰਮਾਂ ਦੇ ਨਾਲ ਬੱਚੇ ਨੂੰ ਸੰਭਾਲਣ, ਰੋਂਦੇ ਨੂੰ ਚੁੱਪ ਕਰਵਾਉਣ ਤੇ ਸੁਆਉਣ ਲਈ ਗਾਈ ਜਾਂਦੀ ਹੁੰਦੀ ਸੀ। ਸਾਡੀਆਂ ਲੋਰੀਆਂ ਵਿੱਚ ਪਸ਼ੂ, ਪੰਛੀ, ਸੂਰਜ , ਚੰਨ , ਤਾਰੇ, ਨਦੀਆਂ, ਪਰਬਤ, ਸਮੁੰਦਰ, ਰਾਜੇ - ਮਹਾਰਾਜੇ ਆਦਿ ਦੇ ਵੇਰਵੇ ਵੀ ਮਿਲਦੇ ਹਨ। ਮਾਤਾਵਾਂ ਬੱਚਿਆਂ ਨੂੰ ਕਈ ਢੰਗਾਂ ਨਾਲ ਜਿਵੇਂ ਉਠਾ ਕੇ, ਲਿਟਾ ਕੇ ਜਾਂ ਆਪਣੇ ਸਰੀਰ ਨਾਲ ਲਗਾ ਕੇ ਲੋਰੀਆਂ ਸੁਣਾਉਂਦੀਆਂ ਹੁੰਦੀਆਂ ਸਨ। ਲੋਰੀਆਂ ਨਾਲ ਨਿੱਕੇ ਬੱਚਿਆਂ ਨੂੰ ਇੱਕ ਵੱਖਰਾ ਹੀ ਮਾਨਸਿਕ ਸਕੂਨ ਵੀ ਮਿਲਦਾ ਹੁੰਦਾ ਸੀ। ਬੱਚੇ ਦਾ ਮਨ ਪਰਚਾਵਾ ਕਰਨ ਤੇ ਉਸ ਨੂੰ ਸੁਆਉਣ ਦਾ ਬਹੁਤ ਹੀ ਕਾਰਗਰ ਤਰੀਕਾ ਹੁੰਦੀ ਸੀ ਲੋਰੀ। ਮਾਂ ਆਪਣੇ ਪੁੱਤਰਾਂ - ਧੀਆਂ ਨੂੰ ਸੁਆਉਣ ਲਈ ਲੋਰੀ ਗਾਉਂਦੀਆਂ ਹੁੰਦੀਆਂ ਸਨ:



"ਨਾ ਰੋ ਰਾਣਿਆਂ ਵੇ,
ਮਾਂ ਦਿਆ ਅਮੋਲ ਖ਼ਜ਼ਾਨਿਆਂ ਵੇ,
ਮਾਂ ਦੀ ਸੋਹਣੀ ਗੋਦੀ ਵੇ,
ਫੜੀ ਨਾ ਪਿਓ ਦੀ ਬੋਦੀ ਵੇ,
ਮੇਰਾ ਕੁੱਕੂ ਰਾਣਾ ਰੋਂਦਾ,
ਹਾਏ ਮੈਂ ਮਰਜਾਂ ਰੋਂਦਾ ।"

ਅਤੇ

"ਸੋਹਣਾ ਪੁੱਤ ਮਾਂ ਦਾ,
ਦੁੱਧ ਪੀਵੇ ਗਾਂ ਦਾ,
ਰੋਟੀ ਖਾਵੇ ਕਣਕ ਦੀ,
ਵਹੁਟੀ ਲਿਆਵੇ ਛਣਕਦੀ। "

ਲੋਰੀਆਂ ਵਿੱਚ ਪਰੀਆਂ ਦਾ ਜ਼ਿਕਰ ਵੀ ਕੀਤਾ ਜਾਂਦਾ ਸੀ। ਮਾਂ ਆਪਣੀ ਲਾਡੋ ਧੀ ਨੂੰ ਸੁਆਉਣ ਲਈ ਆਖਦੀ ਹੁੰਦੀ ਸੀ,

"ਸੋ ਜਾ ਮੇਰੀ ਲਾਡੋ ਰਾਣੀ ਸੌਂ ਜਾ ,
ਨੀਂਦਰ ਦੇ ਵਿੱਚ ਜਾਏਂਗੀ,
ਪਰੀਆਂ ਕੋਲ ਬੁਲਾਏਂਗੀ,
ਪੀਂਘਾਂ ਉੱਚੀਆਂ ਪਾਵੇਂਗੀ,
ਪਿਆਰ ਹੁਲਾਰੇ ਖਾਏਂਗੀ ।"

ਇਸ ਤਰ੍ਹਾਂ ਬੱਚੇ ਲੋਰੀਆਂ ਰਾਹੀਂ ਮਾਂ ਦਾ ਪਿਆਰ, ਸਨੇਹ, ਤੇ ਮਮਤਾ ਪਾ ਕੇ ਭੌਰ - ਭੌਰ ਹੋ ਜਾਇਆ ਕਰਦੇ ਸੀ। ਵਡਭਾਗੇ ਹਨ ਉਹ, ਜਿਨ੍ਹਾਂ ਨੇ ਮਾਂ ਦੀ ਮਮਤਾ ਦੇ ਉਹ ਪਲ ਹੰਢਾਏ ਹਨ, ਪਰ ਅੱਜਕੱਲ੍ਹ ਸੂਚਨਾ ਕ੍ਰਾਂਤੀ, ਟੈਲੀਵਿਜ਼ਨ ਚੈਨਲਾਂ, ਕੰਮਾਂਕਾਰਾਂ, ਕੈਰੀਅਰ ਬਣਾਉਣ ਤੇ ਬਚਾਉਣ ਦੀ ਤਾਂਘ, ਸਾਂਝੇ ਪਰਿਵਾਰਾਂ ਦੀ ਅਣਹੋਂਦ ,ਕਾਰਟੂਨ ਫ਼ਿਲਮਾਂ ਦੀ ਭਰਮਾਰ, ਵਿਗਿਆਨਕ ਕ੍ਰਾਂਤੀ ਆਦਿ ਨੇ ਰਲ - ਮਿਲ ਕੇ ਬੱਚਿਆਂ ਕੋਲੋਂ ਲੋਰੀਆਂ ਖੋਹ ਹੀ ਲਈਆਂ ਹਨ।

ਦੌੜ - ਭੱਜ ਦੇ ਸਮੇਂ ਵਿੱਚ ਤੇ ਪੈਸੇ ਦੀ ਅੰਨ੍ਹੀ ਦੌੜ ਨੇ ਅੱਜ ਬਚਪਨ ਨੂੰ ਕਰੈਚਾਂ, ਆਇਆ ਅਤੇ ਨੌਕਰਾਣੀਆਂ ਹਵਾਲੇ ਕਰ ਛੱਡਿਆ ਹੈ ਅਤੇ ਤੇਜ਼ੀ ਦੇ ਜ਼ਮਾਨੇ ਵਿੱਚ ਲੋਰੀਆਂ ਕਿਤੇ ਗੁਆਚ ਜਿਹੀਆਂ ਹੀ ਗਈਆਂ ਹਨ, ਪਰ ਮਾਂ ਦੀ ਮਮਤਾ, ਛੋਹ , ਭਾਵਾਂ ਅਤੇ ਕਰੁਣਾ ਨਾਲ ਭਰੀ ਲੋਰੀ ਦੀ ਛਾਪ ਤੇ ਹੋਂਦ ਹਮੇਸ਼ਾ ਸਭ ਦੇ ਤਪਦੇ ਹਿਰਦਿਆਂ ਨੂੰ ਠੰਢ ਪਹੁੰਚਾਉਂਦੀ ਰਹੇਗੀ।

****

# "ਲੋਕ ਮਨਾਂ ਵਿੱਚੋਂ ਵਿਸਰਿਆ ਖੂਹ"



1990 ਦੇ ਦਹਾਕੇ ਤੱਕ ਖੂਹ ਪੇਂਡੂ ਖੇਤਰਾਂ ਵਿੱਚ ਪਾਣੀ ਦਾ ਮੁੱਖ ਜ਼ਰੀਆ ( ਸਾਧਨ ) ਹੁੰਦੇ ਸਨ। ਲੋਕ ਸਵੇਰੇ - ਸ਼ਾਮ ਖੂਹਾਂ 'ਤੇ ਬਾਲਟੀ ਤੇ ਲੱਜ ( ਰੱਸਾ ) ਲੈ ਕੇ ਖੂਹਾਂ ਤੋਂ ਪਾਣੀ ਭਰਦੇ ਹੁੰਦੇ ਸਨ ਅਤੇ ਆਪਣੀ - ਆਪਣੀ ਵਾਰੀ ਦੀ ਉਡੀਕ ਕਰਦੇ ਹੁੰਦੇ ਸਨ। ਖੂਹਾਂ ਦੇ ਮਿੱਠੇ ਤੇ ਸੁਆਦਲੇ ਪਾਣੀ ਵਰਗਾ ਅਨੰਦ ਕਿਤੇ ਨਹੀਂ ਸੀ ਮਿਲਦਾ। ਖੂਹਾਂ ਨੂੰ ਮਜ਼ਦੂਰ ਹੱਥਾਂ ਨਾਲ ਹੀ ਕਈ - ਕਈ ਦਿਨ ਲਗਾ ਕੇ ਪੁੱਟਦੇ ਹੁੰਦੇ ਸਨ। ਅੱਜ ਵਾਂਗ ਮਸ਼ੀਨੀ ਯੁੱਗ ਦੀ ਏਨੀ ਮਜ਼ਬੂਤ ਪਕੜ ਨਹੀਂ ਸੀ। ਪਿੰਡਾਂ ਦੀਆਂ ਧੀਆਂ - ਭੈਣਾਂ ਵੀ ਇਕੱਠੀਆਂ ਹੋ ਕੇ ਬਾਲਟੀਆਂ ਤੇ ਲੱਜਾਂ ਲੈ ਕੇ ਖੂਹਾਂ ਤੋਂ ਪੀਣ ਲਈ , ਨਹਾਉਣ ਲਈ , ਘਰ ਵਿੱਚ ਵਰਤੋਂ ਕਰਨ ਲਈ ਅਤੇ ਡੰਗਰ - ਪਸ਼ੂਆਂ ਨੂੰ ਪਾਣੀ ਪਿਲਾਉਣ ਲਈ ਪਾਣੀ ਭਰ-ਦੀਆਂ ਹੁੰਦੀਆਂ ਸਨ। ਇਸ ਤਰ੍ਹਾਂ ਸੁੱਤੇ - ਸਿੱਧ ਹੀ ਲੋਕਾਂ ਦੇ ਸਰੀਰ ਦੀ ਕਸਰਤ ਵੀ ਹੋ ਜਾਂਦੀ ਸੀ। ਉਸ ਸਮੇਂ ਲੋਕਾਂ ਨੂੰ ਆਰ। ਓ। ਜਾਂ ਫਿਲਟਰ ਆਦਿ ਦੀ ਵਰਤੋਂ ਕਰਨ ਦੀ ਲੋੜ ਹੀ ਨਹੀਂ ਸੀ ਪੈਂਦੀ ; ਕਿਉਂਕਿ ਖੂਹਾਂ ਦਾ ਪਾਣੀ ਹੁੰਦਾ ਹੈ ਇਨ੍ਹਾਂ ਸਾਫ਼ ਤੇ ਮਿੱਠਾ ਸੀ। ਹਾਂ , ਕਦੇ - ਕਦਾਈਂ ਲਾਲ ਦਵਾਈ ਜ਼ਰੂਰ ਖੂਹਾਂ ਵਿੱਚ ਪਾਈ ਜਾਂਦੀ ਸੀ ਅਤੇ ਖੂਹਾਂ ਵਿੱਚ ਮੱਛੀਆਂ ਵੀ ਛੱਡੀਆਂ ਜਾਂਦੀਆਂ ਹੁੰਦੀਆਂ ਸਨ ਤਾਂ ਜੋ ਪਾਣੀ ਸ਼ੁੱਧ ਰਹਿ ਸਕੇ। ਖੂਹ ਖਾਸ ਤੌਰ 'ਤੇ ਸਾਡੇ ਪੇਂਡੂ ਖਿੱਤੇ ਦਾ ਇੱਕ ਅਨਿੱਖੜਵਾਂ ਅੰਗ ਅਤੇ ਸਾਡੇ ਵਿਰਸੇ ਦੀ ਮਹਾਨ ਪਛਾਣ ਹੈ। ਪੰਜਾਬ 'ਚ ਖੂਹਾਂ ਨਾਲ ਸੰਬੰਧਿਤ ਕਈ ਅਖਾਣ ਅਤੇ ਬੁਝਾਰਤਾਂ ਵੀ ਪ੍ਰਸਿੱਧ ਹਨ , ਜਿਵੇਂ:-

" ਇੱਕ ਇੱਟ ਸੌ ਖੂਹ,
ਖੂਹ ਦੀ ਮਿੱਟੀ ਖੂਹ ਨੂੰ ਲੱਗੇ

ਅਤੇ

ਆਰ ਢਾਂਗਾ ਪਾਰ ਢਾਂਗਾ ਵਿੱਚ ਟੱਲਮ - ਟੱਲੀਆਂ
ਆਉਣ ਕੂੰਜਾਂ ਦੇਣ ਬੱਚੇ ਨਦੀ ਨਹਾਉਣ ਚੱਲੀਆਂ। "

ਖੂਹ ਮਖੌਲ ਆਦਿ ਕਰਨ ਦਾ ਅਤੇ ਦੁੱਖ - ਸੁੱਖ ਸਾਂਝੇ ਕਰਨ ਦਾ ਵਧੀਆ ਧੁਰਾ ਵੀ ਹੁੰਦਾ ਸੀ। ਲੋਕ ਵਿਹਲੇ ਸਮੇਂ ਅਤੇ ਪਾਣੀ ਲੈਣ ਆਉਣ ਸਮੇਂ ਆਪਸੀ ਮਿਲਵਰਤਣ ਰਾਹੀਂ ਸਮਾਜਿਕ ਤੰਦਾਂ ਸਾਂਝੀਆਂ ਕਰ ਲੈਂਦੇ ਹੁੰਦੇ ਸਨ। ਕਈ ਲੋਕ ਚੰਗੇ ਕਾਰ - ਵਿਹਾਰ ਸਮੇਂ ਪੰਜ ਖੂਹਾਂ ਦਾ ਪਾਣੀ ਇਕੱਠਾ ਕਰਕੇ ਵੀ ਵਰਤੋਂ ਵਿੱਚ ਲਿਆਉਂਦੇ ਹੁੰਦੇ ਸਨ। ਪੁਰਾਣੇ ਸਮਿਆਂ ਵਿੱਚ ਹਰ ਖੁਸ਼ੀ , ਪ੍ਰਾਪਤੀ , ਜਿੱਤ ਅਤੇ ਚੰਗੇ ਪਲਾਂ ਦੇ ਮੌਕਿਆਂ 'ਤੇ ਰਾਜੇ-ਮਹਾਰਾਜੇ ਅਤੇ ਵੱਡੇ ਤੇ ਅਮੀਰ ਘਰਾਣਿਆਂ ਦੇ ਲੋਕ ਖੂਹ - ਟੋਭੇ ਕਢਵਾਉਂਦੇ ਹੁੰਦੇ ਸਨ ਤਾਂ ਜੋ ਮਾਨਵਤਾ ਲਈ ਪਾਣੀ ਮੁਹ-ੱਈਆ ਹੁੰਦਾ ਰਹੇ ਅਤੇ ਟੋਭਿਆਂ - ਛੱਪੜਾਂ ਰਾਹੀਂ ਵਰਖਾ ਦਾ ਪਾਣੀ ਧਰਤੀ ਵਿੱਚ ਜਜ਼ਬ (ਸਮਾਉਣਾ) ਹੋ ਸਕੇ। ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਠੀਕ ਰਹਿੰਦਾ ਹੁੰਦਾ ਸੀ। ਹੁਣ ਖੂਹ - ਟੋਭੇ ਘੱਟ ਗਏ ਜਾਂ ਵਿਸਰ ਗਏ ਹਨ ਤਾਂ ਸ਼ੁੱਧ ਪਾਣੀ ਦੀ ਵੀ ਘਾਟ ਰੜਕਣ ਲੱਗ ਪਈ ਹੈ ਅਤੇ ਧਰਤੀ ਹੇਠਲਾ ਪਾਣੀ ਵੀ ਘੱਟਦਾ ਤੇ ਡੂੰਘਾ ਹੁੰਦਾ ਜਾ ਰਿਹਾ ਹੈ।

ਹੁਣ ਸਮੇਂ ਦੇ ਕਰਵਟ ਬਦਲਦੇ ਹੀ ਘਰ - ਘਰ ਨਲਕੇ ਅਤੇ ਟੂਟੀਆਂ ਲੱਗ ਗਈਆਂ ਹਨ ਅਤੇ ਖੂਹਾਂ ਬਾਰੇ ਤਾਂ ਸ਼ਾਇਦ ਨਵੀਂ ਪੀੜ੍ਹੀ ਨੂੰ ਪਤਾ ਵੀ ਨਾ ਹੋਵੇ ਕਿ ਖੂਹ ਕਿਸ ਕੰਮ ਆਉਂਦੇ ਹੁੰਦੇ ਸਨ , ਪਰ ਜਿਸ ਨੇ ਖੂਹਾਂ ਦੀ ਵਰਤੋਂ ਦੇ ਸਮਿਆਂ 'ਚ ਆਪਣਾ ਬਚਪਨ ਅਤੇ ਜਵਾਨੀ ਬਤੀਤ ਕੀਤੀ ਹੋਵੇ , ਉਹ ਭਲਾ ਖੂਹਾਂ ਦੀ ਮਹੱਤਤਾ ਅਤੇ ਖੂਹਾਂ ਦੇ ਦੌਰ ਨੂੰ ਦਿਲੋਂ ਕਿਵੇਂ ਵਿਸਾਰ ਸਕਦਾ ਹੈ!

ਪਿੰਡਾਂ ਦੇ ਖੂਹ,
ਸਰੀਰ ਦੀ ਹੋਵੇ ਕਸਰਤ ,
ਤਾਜ਼ੀ ਹੋਵੇ ਰੂਹ ।"

**-ਮਾਸਟਰ ਸੰਜੀਵ ਧਰਮਾਣੀ**

# ਕਿਸਾਨੀ ਸੰਘਰਸ਼ ਨੇ ਕਾਇਮ ਕੀਤੇ ਨਵੇਂ ਦਿਸਹੱਦੇ



ਰਾਜਨਦੀਪ ਕੌਰ ਮਾਨ
6239326166

ਕਿਸਾਨੀ ਸੰਘਰਸ਼ ਸ਼ੁਰੂ ਹੋਏ ਨੂੰ ਸਾਲ ਤੋਂ ਵੀ ਉਪਰ ਦਾ ਸਮਾਂ ਹੋ ਗਿਆ ਹੈ ਤੇ ਦਿੱਲੀ ਵਿਚ ਬੈਠੇ ਹੋਏ ਕਿਸਾਨਾਂ ਨੂੰ ਵੀ ਲਗਭਗ ਇੱਕ ਸਾਲ ਪੂਰਾ ਹੋਣ ਵਾਲਾ ਹੈ। ਜਦੋਂ ਤੋਂ ਸੰਘਰਸ਼ ਸ਼ੁਰੂ ਹੋਇਆ ਇਹ ਹਮੇਸ਼ਾਂ ਖਬਰਾਂ ਵਿੱਚ ਹੀ ਬਣਿਆ ਰਿਹਾ। ਇਸ ਨ

ਤਾਰਪੀਡੋ ਕਰਨ ਤੇ ਖਿੰਡਾਉਣ ਦੀਆਂ ਵੀ ਅਨੇਕ ਕੋਸ਼ਿਸ਼ਾਂ ਹੋਈਆਂ। ਪਰ ਕਿਸਾਨਾਂ ਦੀ ਏਕਤਾ ਤੇ ਸੂਝ ਬੂਝ ਨੇ ਸਭ ਫੇਲ ਕਰ ਦਿੱਤੀਆਂ । ਕਿਸਾਨਾਂ ਨੇ ਪੂਰੀ ਦੁਨੀਆ ਨੂੰ ਦਿਖਾ ਦਿੱਤਾ ਹੈ ਜੋ ਸਿਰਫ਼ ਅੰਨ ਦੇ ਦਾਤੇ ਹੀ ਨਹੀਂ ਸਗੋਂ ਸੰਘਰਸ਼ਾਂ ਦੇ ਵੀ ਸ਼ਾਹ ਸਵਾਰ ਨੇ। ਜਦੋਂ ਵੀ ਦੇਸ਼ ਤੇ ਭੀੜ ਪੈਂਦੀ ਹੈ ਤਾਂ ਇਹਨਾਂ ਕਿਸਾਨਾਂ ਦੇ ਬੱਚੇ ਹੀ ਬਾਡਰਾਂ ਤੇ ਜਾ ਕੇ ਆਪਣਾ ਖੂਨ ਡੋਲਦੇ ਨੇ। ਇਸ ਸੰਘਰਸ਼ ਦੇ ਦੌਰਾਨ ਲਗਾਤਾਰ ਲੰਗਰ ਚਲਦੇ ਰਹੇ ਤੇ ਕੋਈ ਵੀ ਕਿਸੇ ਵੀ ਜਾਤ ਪਾਤ ਦੇ ਭੇਦ ਭਾਵ ਤੋਂ ਬਗੈਰ ਇਥੋਂ ਆਪਣਾ ਪੇਟ ਭਰਕੇ ਜਾਂਦਾ ਰਿਹਾ। ਇਥੋਂ ਦੇ ਝੁੱਗੀ ਝੌਂਪੜੀ ਵਾਲਿਆਂ ਨੂੰ ਇਹ ਸੰਘਰਸ਼ ਆਪਣੀ ਪੂਰੀ ਜ਼ਿੰਦਗੀ ਯਾਦ ਰਹਿਣ ਵਾਲਾ ਹੈ। ਕਿਉਂਕਿ ਇਹ ਇਕ ਸਾਲ ਦੇ ਦੌਰਾਨ ਉਨ੍ਹਾਂ ਨੇ ਕਦੇ ਵੀ ਰੋਟੀ ਦੀ ਘਾਟ ਮਹਿਸੂਸ ਨਹੀਂ ਕੀਤੀ ਹੋਣੀ।ਹਰ ਗਰੀਬ ਗੁਰਬੇ ਦਾ ਇਥੋਂ ਪੇਟ ਭਰਿਆ ਹੈ। ਇੱਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਇਸ ਮੋਰਚੇ ਤੇ ਘਟੀਆ ਬਿਆਨਬਾਜ਼ੀ ਹੋ ਰਹੀ ਸੀ।



ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਸਨ। ਡਰ ਲਗਦਾ ਸੀ ਕਿ ਕਿਧਰੇ ਇਹ ਮੋਰਚਾ ਰਾਜਨੀਤੀ ਦੀ ਭੇਟ ਨਾ ਚੜ੍ਹ ਜਾਵੇ। ਪਰ ਅਜਿਹਾ ਕੁਝ ਵੀ ਨਹੀਂ ਹੋਇਆ। ਕਿਸਾਨਾਂ ਦੇ ਏਕੇ ਤੇ ਸੂਝ ਬੂਝ ਨੇ ਸੰਘਰਸ਼ ਦੀ ਦਿਸ਼ਾ ਤੇ ਦਸ਼ਾ ਬਿਲਕੁਲ ਖਰਾਬ ਨਹੀਂ ਹੋਣ ਦਿੱਤੀ। ਇਸਤੋਂ ਸਾਡੇ ਬਜ਼ੁਰਗਾਂ ਦੀ ਪ੍ਰਚੰਡ ਸੂਝ ਬੂਝ ਸਾਹਮਣੇ ਆਈ। ਹੁਣ ਜਦੋਂ ਇਸ ਮੋਰਚੇ ਨੂੰ ਫਤਿਹ ਕਰ ਲਿਆ ਹੈ ਤਾਂ ਨਵੀਆਂ ਨਸਲਾਂ ਲਈ ਇਹ ਬਹੁਤ ਵੱਡਾ ਪ੍ਰੇਰਨਾ ਸ੍ਰੋਤ ਬਣ ਗਿਆ ਹੈ ਕਿ ਕਿਸ ਤਰ੍ਹਾਂ ਸ਼ਾਂਤਮਈ ਤਰੀਕੇ ਨਾਲ ਵੀ ਆਪਣੇ ਹੱਕ ਹਾਸਿਲ ਕੀਤੇ ਜਾ ਸਕਦੇ ਹਨ। ਬਿਨਾਂ ਕੁਝ ਕੀਤੇ ਬੈਠੇ ਰਹਿੰਦੇ ਤਾਂ ਆਪਣੀਆਂ ਜ਼ਮੀਨਾਂ ਗਵਾ ਲੈਂਦੇ। ਇਸ ਸੰਘਰਸ਼ ਨੇ ਇਹ ਵੀ ਸਾਬਿਤ ਕਰ ਦਿੱਤਾ ਕਿ ਸਾਡੀਆਂ ਰਗਾਂ ਅੰਦਰ ਕਿਹੜਾ ਖੂਨ ਦੌੜਦਾ ਹੈ। ਕਹਿਰ ਦੀ ਗਰਮੀ, ਸਰਦੀ ,ਬਾਰਿਸ਼ ਆਪਣੇ ਪਿੰਡੇ ਤੇ ਹੰਡਾ ਰਹੇ ਬਜ਼ੁਰਗ ਅੱਜ ਸਾਡੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਵਜੋਂ ਸਥਾਪਿਤ ਹੋ ਗਏ ਹਨ। ਨੇਤਾਵਾਂ ਦੇ ਕੰਨ ਹੋ ਗਏ ਹਨ ਕਿ ਅੱਗੇ ਤੋਂ ਕੋਈ ਵੀ ਬੇਹੂਦਾ ਕਾਨੂੰਨ ਬਣਾਉਣ ਬਾਰੇ ਸੋਚਣ ਤੋਂ ਡਰ ਗਏ ਹਨ। ਕੋਈ ਵੀ ਆਕੇ ਸਾਡੇ ਉੱਪਰ ਆਪਣੇ ਕਾਨੂੰਨ ਨਹੀਂ ਥੋਪ ਸਕੇਗਾ ।ਅੱਗੇ ਤੋਂ ਕੋਈ ਵੀ ਸਰਕਾਰ ਅਜਿਹੇ ਬਿਲ ਲਿਆਉਣ ਤੇ ਚੁੱਪ ਚੁਪੀਤੇ ਪਾਸ ਕਰਨ ਦੀ ਜੁਅਰਤ ਨਹੀਂ ਕਰ ਸਕਦੀ। ਕੁੱਲ ਮਿਲਾ ਕੇ ਇਸ ਸੰਘਰਸ਼ ਨੇ ਸੁੱਤੇ ਹੋਇਆਂ ਨੂੰ ਜਗਾਉਣ ਦਾ ਕੰਮ ਕੀਤਾ ਹੈ।ਸਚਮੁੱਚ ਕਿਰਤੀ ਕਿਸਾਨਾਂ ਦੀ

## ਬਾਬਰ ਨੂੰ ਜੋ ਜਾਬਰ ਆਖੇ

ਬਾਬਰ ਨੂੰ ਜੋ ਜਾਬਰ ਆਖੇ , ਨਾਨਕ ਤੋਂ ਬਿਨ ਜੇਰਾ ਨਹੀਂ।

ਜਿੱਥੇ ਨੀਚ ਸੰਭਾਲੀ ਦੇ ਕਰਤਾਰਪੁਰੇ ਜਿਹਾ ਡੇਰਾ ਨਹੀਂ।

ਲਾਲ' ਲਾਲੋ ਦਾ ਬੇਲੀ ਸੀ ਉਹ, ਹੱਥੀਂ ਵਾਢੀ ਵੱਢਣ ਵਾਲਾ

ਰੇਸ਼ਮ ਪਹਿਨੀ, ਮਾਲ਼ਾ ਵਾਲ਼ਾ, ਵਿਹਲੜ ਨਾਨਕ ਮੇਰਾ ਨਹੀਂ।



ਲਾਲ ਸਿੰਘ ਸੁਲਹਾਣੀ
91-98721-55120

## ਜਾਬਰਾਂ 'ਤੇ ਨਾਬਰਾਂ ਦੀ ਜਿੱਤ

ਪੜ੍ਹਦੇ ਆਏ ਕਿਤਾਬਾਂ ਦੇ ਵਿੱਚ ਆਪਾਂ
ਦੇਖ ਲਿਆ ਏ ਬਣਦਾ ਇਤਹਾਸ ਕਿੱਦਾਂ।

ਸਾਂਝੇ ਮਾਨਵੀ-ਹਿਤਾਂ ਲਈ ਤੁਰਨ ਜਿਹੜੇ
ਲੋਕੀ ਜੁੜਦੇ ਨੇ ਕਰਕੇ ਵਿਸ਼ਵਾਸ ਕਿੱਦਾਂ।

ਆਪਾ ਵਾਰਨਾਂ ਹੱਕਾਂ ਨੂੰ ਲੈਣ ਖਾਤਿਰ
ਜਾਗੇ ਪੁਰਖਿਆਂ ਵਾਲ਼ਾ ਅਹਿਸਾਸ ਕਿੱਦਾਂ।

ਭੁੱਖ ਚੌਧਰ ਦੀ ਮਾਰੇ ਕਈ ਨਫਰਤਾਂ ਦੇ
ਪਿਛਾਂਹ-ਖਿੱਚੂ ਵੀ ਕਰਦੇ ਨਿਰਾਸ ਕਿੱਦਾਂ।

ਰਹਿ ਕੇ ਜ਼ਬਤ ਵਿਚ ਕਿੰਨੇਂ ਕੁ ਜੂਝਦੇ ਨੇ
ਹੁੰਦੀ ਇਹ ਵੀ ਪਹਿਚਾਣ ਹੈ ਨਾਬਰਾਂ ਦੀ।

ਇਹ 'ਇੱਕਠ ਹੀ ਲੋਹੇ ਦੀ ਲੱਠ' ਬਣਕੇ
ਆਕੜ ਭੰਨਦਾ ਆਇਆ ਹੈ ਜਾਬਰਾਂ ਦੀ !



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

## ਜੂਨੀਅਰ ਵਿਸ਼ਵ ਕੱਪ ਹਾਕੀ 2021

# ਕੌਣ ਬਣੇਗਾ ਨਵਾਂ ਚੈਂਪੀਅਨ, ਭਾਰਤ, ਬੈਲਜੀਅਮ, ਜਰਮਨੀ, ਹਾਲੈਂਡ ਦਾ ਦਾਅਵਾ ਮਜ਼ਬੂਤ





**ਮੇਰੀ ਵਿਦੇਸ਼ ਯਾਤਰਾ**



ਜਗਰੂਪ ਸਿੰਘ ਜਰਖੜ
206-478-2001

12ਵਾਂ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲਾ ਉੜੀਸਾ ਦੇ ਸ਼ਹਿਰ ਭੁਵਨੇਸ਼ਵਰ ਦੇ ਕਲਿੰਗਾ ਹਾਕੀ ਸਟੇਡੀਅਮ ਵਿਖੇ 24 ਨਵੰਬਰ ਤੋਂ 5 ਦਸੰਬਰ ਤਕ ਹੋਣ ਜਾ ਰਿਹਾ ਹੈ। ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ ਚਾਰ ਮਹਾਂਦੀਪਾਂ ਦੇ 16 ਮੁਲਕਾਂ ਦੀਆਂ ਟੀਮਾਂ ਖੇਡਣਗੀਆਂ । ਉੜੀਸਾ ਸਰਕਾਰ ਨੇ ਜੂਨੀਅਰ ਵਿਸ਼ਵ ਕੱਪ ਹਾਕੀ ਮੁਕਾਬਲੇ ਨੂੰ ਇਕ ਇਤਿਹਾਸਕ ਦਸਤਾਵੇਜ਼ ਬਣਾਉਣ ਵਜੋਂ ਵੱਡੇ ਪੱਧਰ ਤੇ ਤਿਆਰੀਆਂ ਕੀਤੀਆਂ ਹਨ । ਇਸ ਕਰਕੇ ਜੂਨੀਅਰ ਵਿਸ਼ਵ ਕੱਪ ਨੂੰ ਵੱਡੀਆਂ ਕੰਪਨੀਆਂ ਵੱਲੋਂ ਵੱਡੇ ਪੱਧਰ ਤੇ ਸਪਾਂਸਰਸ਼ਿਪ ਮਿਲੀ ਹੈ ।

ਭਾਰਤ ਲਗਾਤਾਰ ਦੂਸਰੀ ਵਾਰ ਜੂਨੀਅਰ ਵਿਸ਼ਵ ਕੱਪ ਹਾਕੀ ਦੀ ਮੇਜ਼ਬਾਨੀ ਕਰ ਰਿਹਾ ਹੈ ਇਸ ਤੋਂ ਪਹਿਲਾਂ ਸਾਲ 2016 ਵਿੱਚ ਲਖਨਊ ਸ਼ਹਿਰ ਨੇ ਜੂਨੀਅਰ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਸੀ ,ਜਿੱਥੇ ਭਾਰਤ ਬੈਲਜੀਅਮ ਨੂੰ 2-1 ਗੋਲਾਂ ਨਾਲ ਹਰਾ ਕੇ ਦੂਸਰੀ ਵਾਰ ਚੈਂਪੀਅਨ ਬਣਿਆ ਸੀ । ਇਸ ਵਾਰ ਵੀ ਭਾਰਤ ਦਾ ਜੇਤੂ ਦਾਅਵਾ ਕਾਫ਼ੀ ਮਜ਼ਬੂਤ ਹੈ ਭਾਰਤ ਤੋਂ ਇਲਾਵਾ ਬੈਲਜੀਅਮ, ਹਾਲੈਂਡ ,ਜਰਮਨੀ ਦੀਆਂ ਟੀਮਾਂ ਆਪਣੀ ਜੇਤੂ ਦਾਅਵੇਦਾਰੀ ਦਰਸਾ ਰਹੀਆਂ ਹਨ ਇਨ੍ਹਾਂ ਵੱਡੇ ਚਾਰ ਮਹਾਂਰਥੀਆਂ ਤੋਂ ਇਲਾਵਾ ਸਪੇਨ ਅਰਜਨਟੀਨਾ ਪਾਕਿਸਤਾਨ ਦੀਆਂ ਟੀਮਾਂ ਵੀ ਕਾਫ਼ੀ ਮਜ਼ਬੂਤ ਹੋ ਸਕਦੀਆਂ ਹਨ । ਇਸ ਵਾਰ ਕਰੋਨਾ ਮਹਾਂਮਾਰੀ ਕਾਰਨ ਆਸਟ੍ਰੇਲੀਆ ਨਿਊਜ਼ੀਲੈਂਡ ਅਤੇ ਇੰਗਲੈਂਡ ਦੀਆਂ ਟੀਮਾਂ ਨੇ ਮੌਕੇ ਤੇ ਹੀ ਆਪਣਾ ਨਾਮ ਵਾਪਸ ਲੈ ਲਿਆ ਹੈ । ਉਨ੍ਹਾਂ ਦੀ ਜਗ੍ਹਾ ਅਮਰੀਕਾ ਕੈਨੇਡਾ ਅਤੇ ਪੋਲੈਂਡ ਦੀਆਂ ਟੀਮਾਂ ਨੂੰ ਐਂਟਰੀ ਦਿੱਤੀ ਗਈ ਹੈ । ਕੈਨੇਡਾ ਦੀ ਇੱਕ ਅਜਿਹੀ ਟੀਮ ਹੈ ਜਿਸ ਵਿੱਚ ਸਭ ਤੋਂ ਵੱਧ 8 ਪੰਜਾਬੀ ਖਿਡਾਰੀ ਖੇਡ ਰਹੇ ਹਨ ਇਸ ਤੋਂ ਇਲਾਵਾ ਅਮਰੀਕਾ ਦੇ ਵਿਚ 5 ਪੰਜਾਬੀ ਖਿਡਾਰੀ ਖੇਡ ਰਹੇ ਹਨ ਜਦ ਕਿ ਭਾਰਤ ਦੀ ਹਾਕੀ ਟੀਮ ਜਿਸ ਵਿੱਚ ਪੰਜਾਬੀਆਂ ਦੀ ਭਰਮਾਰ ਹੁੰਦੀ ਸੀ ਇਸ ਵਾਰ 4 ਦੇ ਕਰੀਬ ਹੀ ਪੰਜਾਬੀ ਖਿਡਾਰੀ ਟੀਮ ਲਈ ਚੁਣੇ ਗਏ ਹਨ ਪੰਜਾਬ ਦੀ ਹਾਕੀ ਲਈ ਇਕ ਖ਼ਤਰੇ ਦੀ ਘੰਟੀ ਹੈ । ਕਿਉਂਕਿ ਪਿਛਲੇ ਕੁਝ ਅਰਸੇ ਤੋਂ ਪੰਜਾਬ ਦੀਆਂ ਸਰਕਾਰਾਂ ਦਾ ਖੇਡਾਂ ਵੱਲ ਉੱਕਾ ਹੀ ਧਿਆਨ ਨਹੀਂ ਹੈ ਇਸ ਕਰਕੇ ਗੁਆਂਢੀ ਸੂਬਾ ਹਰਿਆਣਾ ਵੀ ਖੇਡਾਂ ਵਿੱਚ ਪੰਜਾਬ ਨਾਲੋਂ ਕੋਹਾਂ ਅੱਗੇ ਨਿੱਕਲ ਗਿਆ ਹੈ ਇਸ ਵਾਰ ਟੋਕੀਓ ਓਲੰਪਿਕ ਵਿੱਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਨੂੰ ਉੜੀਸਾ ਸਰਕਾਰ ਨੇ ਹੀ ਸਪਾਂਸਰਸ਼ਿਪ ਦਿੱਤੀ ਸੀ ਜਦਕਿ 11 ਖਿਡਾਰੀ ਪੰਜਾਬ ਦੇ ਭਾਰਤੀ ਟੀਮ ਵਿੱਚ ਸ਼ਾਮਲ ਸਨ ।

ਜੂਨੀਅਰ ਵਿਸ਼ਵ ਕੱਪ ਹਾਕੀ ਦੇ ਇਤਿਹਾਸ ਦੀ ਸ਼ੁਰੂਆਤ ਸਾਲ 1979 ਫਰਾਂਸ ਤੋਂ ਹੋਈ ਸੀ, ਪਾਕਿਸਤਾਨ ਨੂੰ ਜੂਨੀਅਰ ਵਿਸ਼ਵ ਕੱਪ ਦਾ ਪਲੇਠਾ ਚੈਂਪੀਅਨ ਬਣਿਆ ਸੀ ਜਦਕਿ ਹੁਣ ਤੱਕ ਖੇਡੇ ਗਏ 11 ਜੂਨੀਅਰ ਵਿਸ਼ਵ ਕੱਪਾਂ ਵਿੱਚ ਜਰਮਨੀ ਦੀ ਟੀਮ 6 ਵਾਰ ਚੈਂਪੀਅਨ ਬਣੀ ਹੈ ਜਦ ਕਿ ਭਾਰਤ 2 ਵਾਰ ( 2001 ਅਤੇ 2016) ਇਸ ਤੋਂ ਇਲਾਵਾ ਪਾਕਿਸਤਾਨ ਆਸਟਰੇਲੀਆ ਅਰਜਨਟਾਈਨਾ ਟੀਮਾਂ ਨੇ ਇੱਕ ਇੱਕ ਵਾਰ ਖਿਤਾਬੀ ਜਿੱਤ ਹਾਸਲ ਕੀਤੀ ਹੈ ।

ਜੂਨੀਅਰ ਵਿਸ਼ਵ ਹਾਕੀ ਕੱਪ ਵਿਚ ਜੋ 16 ਟੀਮਾਂ ਹਿੱਸਾ ਲੈ ਰਹੀਆਂ ਹਨ ਉਨ੍ਹਾਂ ਨੂੰ ਵੱਖ ਵੱਖ 4 ਪੂਲਾਂ ਵਿੱਚ ਵੰਡਿਆ ਗਿਆ ਹੈ। ਪੂਲ ਏ ਵਿੱਚ ਪਿਛਲੇ ਵਿਸ਼ਵ ਕੱਪ ਦੀ ਉਪ ਜੇਤੂ ਬੈਲਜੀਅਮ, ਚਿੱਲੀ ,ਮਲੇਸ਼ੀਆ ਅਤੇ ਦੱਖਣੀ ਅਫ਼ਰੀਕਾ ਦੀਆਂ ਟੀਮਾਂ ਨੂੰ ਰੱਖਿਆ ਗਿਆ ਹੈ। ਜਦਕਿ ਪੂਲ ਬੀ ਵਿੱਚ ਵਰਤਮਾਨ ਚੈਂਪੀਅਨ ਭਾਰਤ, ਫਰਾਂਸ , ਕੈਨੇਡਾ ਅਤੇ ਪੋਲੈਂਡ ਨੂੰ ਰੱਖਿਆ ਗਿਆ ਹੈ।

ਪੂਲ ਸੀ ਵਿੱਚ ਕੋਰੀਆ, ਹਾਲੈਂਡ , ਸਪੇਨ ਅਤੇ ਅਮਰੀਕਾ ਦੀਆਂ ਟੀਮਾਂ ਨੂੰ ਰੱਖਿਆ ਗਿਆ ਹੈ । ਪੂਲ ਡੀ ਵਿਚ ਜਰਮਨੀ , ਪਾਕਿਸਤਾਨ ,ਅਰਜਨਟੀਨਾ ਅਤੇ ਮਿਸਰ ਦੀਆਂ ਟੀਮਾਂ ਨੂੰ ਰੱਖਿਆ ਗਿਆ ਹੈ ।ਟੂਰਨਾਮੈਂਟ ਦਾ ਉਦਘਾਟਨੀ ਮੈਚ ਭਾਰਤ ਅਤੇ ਫਰਾਂਸ ਵਿਚਕਾਰ 24 ਨਵੰਬਰ ਨੂੰ ਸ਼ਾਮ 7 ਵਜੇ ਖੇਡਿਆ ਜਾਵੇਗਾ। ਇਸ ਤੋਂ ਇਲਾਵਾ 24 ਨਵੰਬਰ ਨੂੰ ਹੀ ਹੋਰ 4 ਮੈਚ ਖੇਡੇ ਜਾਣਗੇ । ਜਿਨ੍ਹਾਂ ਵਿਚ ਪਾਕਿਸਤਾਨ ਦਾ ਮੁੱਢਲਾ ਮੁਕਾਬਲਾ ਜਰਮਨੀ ਨਾਲ, ਬੈਲਜੀਅਮ ਦਾ ਮੁੱਢਲਾ ਮੁਕਾਬਲਾ ਦੱਖਣੀ ਅਫ਼ਰੀਕਾ ਨਾਲ, ਪੋਲੈਂਡ ਦਾ ਪਹਿਲਾ ਮੈਚ ਕੈਨੇਡਾ ਨਾਲ ਮਲੇਸ਼ੀਆ ਅਤੇ ਚਿੱਲੀ ਆਪਣੇ ਗੇੜ ਦਾ ਮੈਚ ਵੀ 24 ਨਵੰਬਰ ਨੂੰ ਹੀ ਖੇਡਣਗੇ।

ਲੀਗ ਦੌਰ ਦੇ ਮੁਕਾਬਲੇ 28 ਨਵੰਬਰ ਨੂੰ ਸਮਾਪਤ ਹੋਣਗੇ ।ਜੂਨੀਅਰ ਵਿਸ਼ਵ ਕੱਪ ਦੀਆਂ ਸਾਰੀਆਂ ਟੀਮਾਂ ਦੇ ਲੀਗ ਦੌਰ ਮੈਚ ਖੇਡਣ ਤੋਂ ਬਾਅਦ 2-2 ਸਰਬੋਤਮ ਟੀਮਾਂ ਹਰ ਪੂਲ ਵਿਚੋਂ ਕੁਆਰਟਰ ਫਾਈਨਲ ਲਈ ਕੁਆਲੀਫਾਈ ਕਰਨਗੀਆਂ। ਕੁਆਰਟਰ ਫਾਈਨਲ ਮੁਕਾਬਲੇ 1 ਦਸੰਬਰ ਨੂੰ ਖੇਡੇ ਜਾਣਗੇ। ਸੈਮੀ ਫਾਈਨਲ ਮੁਕਾਬਲੇ 3 ਦਸੰਬਰ ਨੂੰ ਜਦਕਿ ਫਾਈਨਲ ਮੁਕਾਬਲਾ 5 ਦਸੰਬਰ ਨੂੰ ਖੇਡਿਆ ਜਾਵੇਗਾ । ਜੂਨੀਅਰ ਵਿਸ਼ਵ ਕੱਪ ਹਾਕੀ ਵਿੱਚ ਕੁੱਲ 40 ਮੁਕਾਬਲੇ ਖੇਡੇ ਜਾਣਗੇ । ਸਾਰੇ ਮੈਚਾਂ ਦਾ ਸਟਾਰ ਸਪੋਰਟਸ ਤੋਂ ਸਿੱਧਾ ਪ੍ਰਸਾਰਨ ਹੋਵੇਗਾ ।

FIH ODISHA HOCKEY MEN'S JUNIOR WORLD CUP BHUBANESWAR 2021

| POOL A | POOL B | POOL C | POOL D |
|---|---|---|---|
| BELGIUM | INDIA | NETHERLANDS | GERMANY |
| MALAYSIA | CANADA | SPAIN | ARGENTINA |
| SOUTH AFRICA | FRANCE | KOREA | PAKISTAN |
| CHILE | POLAND | UNITED STATES | EGYPT |

| DATE | N° | POOL | TIME | MATCH | LIVE TELECAST |
|---|---|---|---|---|---|
| Wed 24 Nov | 1 | A | 09:30 | Belgium Vs South Africa | Watch.hockey |
| | 2 | D | 12:00 | Germany Vs Pakistan | Watch.hockey |
| | 3 | B | 14:30 | Canada Vs Poland | Watch.hockey |
| | 4 | A | 17:00 | Malaysia Vs Chile | Watch.hockey |
| | 5 | B | 20:00 | India Vs France | Watch.hockey |
| Thu 25 Nov | 6 | D | 09:30 | Argentina Vs Egypt | Watch.hockey |
| | 7 | C | 12:00 | Netherlands Vs Korea | Watch.hockey |
| | 8 | C | 14:30 | Spain Vs United States | Watch.hockey |
| | 9 | B | 17:00 | France Vs Poland | Watch.hockey |
| | 10 | B | 19:30 | Canada Vs India | Watch.hockey |
| Fri 26 Nov | 11 | A | 09:30 | South Africa Vs Chile | Watch.hockey |
| | 12 | C | 12:00 | Korea Vs United States | Watch.hockey |
| | 13 | C | 14:30 | Spain Vs Netherlands | Watch.hockey |
| | 14 | D | 17:00 | Argentina Vs Germany | Watch.hockey |
| | 15 | A | 19:30 | Malaysia Vs Belgium | Watch.hockey |
| Sat 27 Nov | 16 | D | 09:30 | Pakistan Vs Egypt | Watch.hockey |
| | 17 | B | 12:00 | France Vs Canada | Watch.hockey |
| | 18 | A | 14:30 | South Africa Vs Malaysia | Watch.hockey |
| | 19 | A | 17:00 | Belgium Vs Chile | Watch.hockey |
| | 20 | B | 19:30 | India Vs Poland | Watch.hockey |
| Sun 28 Nov | 21 | C | 12:00 | Korea Vs Spain | Watch.hockey |
| | 22 | C | 14:30 | Netherlands Vs United States | Watch.hockey |
| | 23 | D | 17:00 | Pakistan Vs Argentina | Watch.hockey |
| | 24 | D | 19:30 | Germany Vs Egypt | Watch.hockey |

| DATE | N° | POOL | TIME | MATCH | LIVE TELECAST |
|---|---|---|---|---|---|
| Mon 29 Nov | | | | REST DAY | |
| Tue 30 Nov | 25 | 9/16[1] | 10:30 | 3rd Pool A Vs 4th Pool B | Watch.hockey |
| | 26 | 9/16[1] | 13:30 | 3rd Pool D Vs 4th Pool C | Watch.hockey |
| | 27 | 9/16[1] | 16:30 | 3rd Pool B Vs 4th Pool A | Watch.hockey |
| | 28 | 9/16[1] | 19:30 | 3rd Pool C Vs 4th Pool D | Watch.hockey |
| Wed 1 Dec | 29 | Qf1[1] | 10:30 | 1st Pool A Vs 2nd Pool B | Star Sports 3 |
| | 30 | Qf1[1] | 13:30 | 1st Pool D Vs 2nd Pool C | Star Sports 3 |
| | 31 | Qf1[1] | 16:30 | 1st Pool B Vs 2nd Pool A | Star Sports 3 |
| | 32 | Qf1[1] | 19:30 | 1st Pool C Vs 2nd Pool D | Star Sports 1 SD+HD |
| Thu 2 Dec | 33 | 13/16[3] | 10:30 | Loser Match 25 Vs Loser Match 26 | Star Sports 3 |
| | 34 | 13/16[3] | 13:30 | Loser Match 27 Vs Loser Match 28 | Star Sports 3 |
| | 35 | 9/12[3] | 16:30 | Winner Match 25 Vs Winner Match 26 | Star Sports 3 |
| | 36 | 9/12[3] | 19:30 | Winner Match 27 Vs Winner Match 28 | Star Sports 1 SD+HD |
| Fri 3 Dec | 37 | 5/8[2] | 10:30 | Loser Match 29 Vs Loser Match 30 | Star Sports 3 |
| | 38 | 5/8[2] | 13:30 | Loser Match 31 Vs Loser Match 32 | Star Sports 3 |
| | 39 | Sf[2] | 16:30 | Winner Match 29 Vs Winner Match 30 | Star Sports 3 |
| | 40 | Sf[2] | 19:30 | Winner Match 31 Vs Winner Match 32 | Star Sports 1 SD+HD |
| Sat 4 Dec | 41 | 15/16 | 10:30 | Loser Match 33 Vs Loser Match 34 | Star Sports 3 |
| | 42 | 13/14 | 13:30 | Winner Match 33 Vs Winner Match 34 | Star Sports 3 |
| | 43 | 11/12 | 16:30 | Loser Match 35 Vs Loser Match 36 | Star Sports 3 |
| | 44 | 9/10 | 19:30 | Winner Match 35 Vs Winner Match 36 | Star Sports 1 SD+HD |
| Sun 5 Dec | 45 | 7/8 | 10:30 | Loser Match 37 Vs Loser Match 38 | Star Sports 3 |
| | 46 | 5/6 | 13:30 | Winner Match 37 Vs Winner Match 38 | Star Sports 3 |
| | 47 | 3/4 | 16:30 | Loser Match 39 Vs Loser Match 40 | Star Sports 3 |
| | 48 | Final | 19:30 | Winner Match 39 Vs Winner Match 40 | Star Sports 1 SD+HD |

Download the watch.hockey app

Download on the App Store — apple.co/2Fslaoh

GET IT ON Google Play — rb.gy/qkrhcx

Web Version - Watch.Hockey

# ਕਿਸਾਨਾਂ ਦੇ ਸਿੱਦਕ ਤੇ ਹੱਠ ਦੀ ਜਿੱਤ , ਤਾਨਾਸ਼ਾਹ ਪ੍ਰਧਾਨ ਮੰਤਰੀ ਦੀ ਹੋਈ ਨਮੋਸ਼ੀਜਨਕ ਹਾਰ!


ਜੰਗ ਸਿੰਘ
91-94170-95965

ਬਾਬੇ ਨਾਨਕ ਦੇ 552 ਵੇਂ ਪ੍ਰਕਾਸ਼ ਦਿਹਾੜੇ ਨੇ ਦੇਸ਼ ਦੇ ਹੱਠ ਧਰਮੀ ਧਾਰਨ ਕਰਕੇ ਬੈਠੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਆਖਰ ਆਪਣੀ ਤਾਨਾਸ਼ਾਹ ਬਣੀ ਜਮੀਰ ਨੂੰ ਮਾਰ ਕੇ ਪਹਿਲਾਂ ਦੇਸ਼ ਭਰ ਦੇ ਕਿਸਾਨਾਂ ਕੋਲੋਂ ਮੁਆਫੀ ਮੰਗ ਕੇ ਤੇ ਫਿਰ ਤਿੰਨੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦਾ ਬਿਆਨ ਦੇ ਕੇ ਸੰਸਾਰ ਭਰ ਦੇ ਲੋਕ ਤੰਤਰ ਪੱਖੀ ਲੋਕਾਂ ਦੀ ਮੰਗ ਨੂੰ ਜਾਇਜ ਤੇ ਹੱਕੀ ਜਾਣ ਕੇ ਪ੍ਰਵਾਨ ਕਰਨਾ ਪਿਆ ।ਦੇਸ਼ ਦੇ ਕਿਸਾਨ ਪਿੱਛਲੇ ਇਕ ਸਾਲ ਤੋਂ ਕੁਝ ਦਿਨ ਘੱਟ ਮੋਦੀ ਦੀ ਭਾਜਪਾ ਸਰਕਾਰ ਵਲੋਂ ਕਿਸਾਨਾਂ ਵਲੋਂ ਬਿਨ ਮੰਗੇ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਕਰਾਉਣ ਲਈ ਦਿੱਲੀ ਦੀਆ ਬਰੂਹਾਂ ਸਿੰਘੂ ,ਟਿੱਕਰੀ ਤੇ ਗਾਜੀਪੁਰ ਬਾਰਡਰਾਂ ਤੇ ਧਰਨੇ ਮਾਰ ਕੇ ਇਕ ਸਿਰੜ ਤੇ ਸਿਦਕ ਨਾਲ ਬੈਠੇ ਹੋਏ ਸਨ। ਇਸ ਅੰਦੋਲਨ ਦੀ ਪਹਿਲ ਪੰਜਾਬ ਦੇ ਕਿਸਾਨਾਂ ਨੇ ਦਿੱਲੀ ਜਾਣ ਤੋਂ ਤਿੰਨ ਮਹੀਨੇ ਪਹਿਲਾਂ ਪੰਜਾਬ ਵਿੱਚ ਧਰਨੇ ਮੁਜਾਹਰੇ, ਰੇਲਾਂ ਤੇ ਸੜਕੀ ਆਵਾਜਾਈ ਬੰਦ ਕਰਕੇ ਭਾਰਤ ਦੀ ਇਸੇ ਢੀਠ ਬਣ ਚੁੱਕੀ ਭਾਜਪਾ ਸਰਕਾਰ ਨੂੰ ਆਪਣੀਆ ਜਾਇਜ ਤੇ ਹੱਕੀ ਮੰਗਾਂ ਨੂੰ ਮੰਨਣ ਲਈ ਕਹਿੰਦੇ ਆ ਰਹੇ ਸਨ। ਕਿਸਾਨਾਂ ਨੇ ਦੇਸ਼ ਦੀਆ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਵੀ ਅਪੀਲ ਕੀਤੀ ਸੀ ਕਿ ਉਹ ਇਸ ਮੱਸਲੇ ਤੇ ਉਨਾਂ ਦੀ ਮੱਦਦ ਕਰਨ ਪਰ ਉਨਾਂ ਨੇ ਨਾ ਬਿੱਲ ਪਾਸ ਕਰਨ ਵੇਲੇ ਕੋਈ ਅਵਾਜ ਬੁਲੰਦ ਕੀਤੀ ਤੇ ਨਾ ਹੀ ਰੱਲ ਕੇ ਇਨਾਂ ਬਿੱਲਾਂ ਨੂੰ ਰੱਦ ਕਰਾਉਣ ਲਈ ਕੋਈ ਅੰਦੋਲਨ ਵਿੱਢਿਆ ਬਲਕਿ ਪੰਜਾਬ ਦੀ ਇਕ ਪਾਰਟੀ ਅਕਾਲੀ ਦੱਲ ਬਾਦਲ ਜਿਹੜੀ ਆਪਣੇ ਆਪ ਨੂੰ ਕਿਸਾਨ ਹਿਤੈਸੀ ਕਹਿੰਦੀ ਨਹੀਂ ਸੀ ਥੱਕਦੀ ਉਹ ਵੀ ਮੋਦੀ ਸਰਕਾਰ ਵਲੋਂ ਪਾਸ ਕੀਤੇ ਬਿੱਲਾਂ ਨੂੰ ਰੱਦ ਕਰਾਉਣ ਦੀ ਥਾਂ ਤੇ ਮੋਦੀ ਸਰਕਾਰ ਵਿੱਚ ਭਾਈਵਾਲ ਹੋਣ ਕਾਰਨ ਉਨਾਂ ਬਿੱਲਾਂ ਦੀ ਟੀ ਵੀ ਚੈਨਲਾਂ ਤੇ ਵਕਾਲਤ ਕਰਦੇ ਰਹੇ ਤਾਂ ਕਿ ਬੀਬੀ ਹਰਸਿਮਰਤ ਕੋਰ ਨੂੰ ਵਜਾਰਤ ਨਾ ਛੱਡਣੀ ਪਵੇ। ਜਿਸ ਦਾ ਨਤੀਜਾ ਅੰਤ ਵਿੱਚ ਇਹ ਨਿਕਲਿਆ ਕਿ ਕਿਸਾਨਾਂ ਨੂੰ ਉਨਾਂ ਦੇ ਘਰਾਂ ਅੱਗੇ ਇੰਨੇ ਰੋਸ ਮੁਜਾਹਰੇ ਕਰਨੇ ਪਏ ਕਿ ਇਸੇ ਪਾਰਟੀ ਨੂੰ ਕੋਈ ਵਾਹ ਚਲਦੀ ਨਾ ਵੇਖ ਕੇ ਅੱਕ ਚੱਬਣਾ ਪਿਆ ਬੀਬੀ ਹਰਸਿਮਰਤ ਨੂੰ ਕੇਂਦਰ ਸਰਕਾਰ ਦੀ ਗੱਦੀ ਵੀ ਛੱਡਣੀ ਪਈ ਤੇ ਰੱਜ ਕੇ ਆਪਣੀ ਭੰਡੀ ਵੱਖਰੀ ਕਰਾਉਣੀ ਪਈ ਕਿ ਕਿਸਾਨਾਂ ਦੇ ਸੰਘਰਸ਼ ਕਾਰਨ ਇਹ ਪਾਰਟੀ 'ਨਾ ਤੀਨੋ ਮੇਂ ਰਹੀ ਨਾ ਤੇਰਾਂ ਮੇ' ਅੱਜ ਇਸ ਪਾਰਟੀ ਦੀ ਪੰਜਾਬ ਵਿੱਚ ਹਾਲਤ ਪਾਣੀ ਤੋਂ ਵੀ ਪੱਤਲੀ ਬਣੀ ਹੋਈ ਹੈ।ਇਸ ਹਮਾਮ ਵਿੱਚ ਪੰਜਾਬ ਦੀਆਂ ਸਾਰੀਆ ਪਾਰਟੀਆ ਇਕੋ ਜਿਹੀਆਂ ਰਹੀਆਂ ਹਨ। ਜਿਸ ਕਾਰਨ ਪੰਜਾਬ ਦੀਆਂ 23 ਜਥੇਬੰਦੀਆਂ ਨੇ ਪਹਿਲਾਂ ਆਪਣੀ ਇਕਜੁਟੱਤਾ ਬਣਾਈ ਤੇ ਫਿਰ ਭਾਰਤ ਪੱਧਰ ਤੇ ਇਕ ਜਥੇਬੰਦੀ ਕਿਸਾਨ ਏਕਤਾ ਮੋਰਚਾ ਬਣਾ ਕੇ ਜਦੋਜਹਿਦ ਸ਼ੁਰੂ ਕਰ ਦਿੱਤੀ। ਜੋ ਬਾਅਦ ਵਿੱਚ ਸੰਸਾਰ ਪੱਧਰੀ ਅੰਦੋਲਨ ਬਣ ਗਿਆ।ਸਾਰੇ ਸੰਸਾਰ ਵਿੱਚ ਮੋਦੀ ਸਰਕਾਰ ਵਿਰੁੱਧ ਭਾਰਤ ਦੇ ਸਫਾਰਤ ਖਾਨਿਆਂ ਅੱਗੇ ਕਿਸਾਨਾਂ ਦੇ ਹੱਕ ਵਿੱਚ ਧਰਨੇ, ਮੁਜਾਹਰੇ, ਰੈਲੀਆਂ ਹੋਣੀਆਂ ਸ਼ੁਰੂ ਹੋ ਗਈਆਂ।ਇਹ ਹੀ ਨਹੀਂ ਜਿਸ ਦੇਸ਼ ਵਿੱਚ ਵੀ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਜਾਂਦੇ ਉਨਾਂ ਵਿਰੁੱਧ ਜੋਰਦਾਰ ਮੁਜਾਹਰੇ ਹੋਣ ਨਾਲ ਸੰਸਾਰ ਭਰ ਵਿੱਚ ਇੰਨੀ ਬੇਇਜਤੀ ਹੋਣ ਲਗ ਪਈ ਕਿ ਹਾਲਾਤ ਇਥੋਂ ਤਕ ਪੁੱਜ ਗਏੈ ਕਿ ਅਮਰੀਕਾ ਦੀ ਫੇਰੀ ਦੌਰਾਨ ਸਮੂਹ ਦੇਸ਼ਾਂ ਦੀ ਕਾਨਫਰੰਸ ਦੌਰਾਨ ਕਿਸਾਨ ਹਿਤੈਸ਼ੀ ਲੋਕਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਦੀ ਇਹ ਹਾਲਤ ਬਣਾ ਦਿੱਤੀ ਕਿ ਇਸ ਨੂੰ ਅਮਰੀਕਾ ਦਾ ਦੋਰਾ ਅੱਧਵਾਟੇ ਛੱਡ ਕੇ ਭਾਰਤ ਪਰਤਣਾ ਪਿਆ ਸੀ ।ਸਾਰੇ ਸੰਸਾਰ ਵਿੱਚ ਮੋਦੀ ਦੀ ਸਰਕਾਰ ਨੂੰ ਤਾਨਾਸ਼ਾਹ ਹਕੂਮਤ ਜਾਣਿਆ ਜਾਣ ਲਗ ਪਿਆ ।ਇਸ ਸਭ ਕੁਝ ਦੇ ਬਾਵਜੂਦ ਮੋਦੀ ਨੇ ਇਕੋ ਨੰਨਾ ਫੜ੍ਹਿਆ ਹੋਇਆ ਸੀ ਇਸ ਸਾਲ ਭਰ ਦੇ ਫੜੇ ਨੰਨੇ ਦੇ ਪਿੱਛੇ ਸੰਸਾਰ ਦੇ ਲੋਕਾਂ ਦੀਆਂ ਅੱਖਾਂ ਅਗੋ ਕਿਸਾਨਾਂ ਨਾਲ ਕੀ ਕੁਝ ਵਾਪਰਿਆ ਦੀ ਇਕ ਬਹੁਤ ਹੀ ਦਰਦਨਾਕ ਰੀਲ ਜਿਹੀ ਘੁੰਮਦੀ ਹੈ।ਸੰਸਾਰ ਭਰ ਦੇ ਅਮਨ ਪਸੰਦ ਲੋਕਾਂ ਨੂੰ ਇੰਨ ਬਿੰਨ ਯਾਦ ਹੈ ਕਿ ਜਦੋਂ ਇਹ ਕਿਸਾਨਾਂ ਦਾ ਕਾਫਲਾ 26 ਨਵੰਬਰ ਨੂੰ ਦਿੱਲੀ ਜਾਣ ਲਈ ਸ਼ੰਭੂ ਬਾਰਡਰ ਤੋਂ ਹਰਿਆਣੇ ਰਾਹੀਂ ਦਿੱਲੀ ਲਈ ਰਵਾਨਾ ਹੋਇਆ ਸੀ ਇਸ ਭਾਜਪਾ ਦੀ ਸਰਕਾਰ ਜਿਹੜੀ ਸ੍ਰੀ ਮਨੋਹਰ ਲਾਲ ਖਟੱੜ ਮੁੱਖ ਮੰਤਰੀ ਦੀ ਅਗਵਾਈ ਵਿੱਚ ਹਰਿਆਣੇ ਵਿੱਚ ਚੱਲ ਰਹੀ ਸੀ ਇਸ ਨੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਕੀ ਕੀ ਨਹੀਂ ਸੀ ਕੀਤਾ ਸਭ ਦੇ ਸਾਹਮਣੇ ਹੈ।ਹਰਿਆਣੇ ਵਿੱਚ ਦਾਖਲ ਹੁੰਦਿਆਂ ਹੀ ਲਾਠੀਆਂ ਡੰਡਿਆਂ ਤੋਂ ਬਿਨਾ ਜੱਲ ਤੋਪਾਂ ਨਾਲ ਕਈਆਂ ਕਿਸਾਨਾਂ ਨੂੰ ਜਖਮੀ ਕਰਕੇ ਕਿਸਾਨਾਂ ਦਾ ਸੁਆਗਤ ਕੀਤਾ ਗਿਆ , ਦੇਸ਼ ਦੇ ਲੋਕਾਂ ਦੀ ਸੰਪਤੀ ਜੋ ਕਿ ਉਨਾਂ ਵਲੋਂ ਦਿੱਤੇ ਟੈਕਸਾਂ ਦੇ ਰੂਪ ਵਿੱਚ ਸਰਕਾਰ ਨੂੰ ਦਿੱਤੀ ਜਾਦੀ ਹੈ ਨੂੰ ਸੜਕਾਂ ਵਿੱਚ ਵੱਡੇ ਵੱਡੇ ਟੋਏ ਪੁੱਟੇ ਗਏ , ਮਿੱਟੀ ,ਰੇਤੇ ਦੇ ਭਰੇ ਹੋਏ ਵੱਡੇ ਵੱਡੇ ਟਰੱਕਾਂ, ਕਨਟਰੇਨਰਾਂ ਆਦਿ ਨੂੰ ਖੜ੍ਹੇ ਕਰਕੇ ਅਤੇ ਕਈ ਹੋਰ ਬੇਹੂਦੇ ਢੰਗਾਂ ਨਾਲ ਬਰਬਾਦ ਕੀਤਾ ਗਿਆ ਜਿਵੇਂ ਪੰਜਾਬ, ਹਰਿਆਣੇ ਦਾ ਕਿਸਾਨ ਜੋ ਦੇਸ਼ ਦਾ ਢਿੱਡ ਭਰਦਾ ਹੈ ਤੇ ਜੋ ਦਿੱਲੀ ਨਹੀਂ ਜਾ ਰਿਹਾ ਕਿਸਾਨ ਨਾ ਹੋ ਕੇ ਕਿਸੇ ਦੁਸ਼ਮਣ ਦੇਸ਼ ਦੇ ਫੌਜੀ ਟੈਂਕਾਂ ਤੋਪਾਂ ਤੇ ਹੋਰ ਲੜਾਈ ਵਾਲੇ ਜੰਗੀ ਸਾਜੋ ਸਮਾਨ ਲੈ ਕੇ ਜਾ ਰਹੇ ਹੋਣ ਕਰਕੇ ਰੋਕਣ ਦੀ ਕੋਸ਼ਿਸ਼ ਕੀਤੀ ਗਈ ।ਇਸ ਹੱਕ ਸੱਚ ਦੀ ਜਦੋਜਹਿਦ ਕਰ ਰਹੇ ਕਿਸਾਨਾਂ ਵਿੱਚ ਛੋਟੀ ਤੋਂ ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਵਡੇਰੀ ਤੋਂ ਵਡੇਰੀ ਉਮਰ ਦੇ ਬਜੁਰਗ ਮਰਦਾਂ ਤੇ ਇਸਤਰੀਆਂ ਤਕ ਨੇ ਹੱਠ ਧਾਰ ਕੇ ਸ਼ਮੂਲੀਅਤ ਕੀਤੀ।ਇਸ ਸੰਘਰਸ਼ ਵਿੱਚ ਸ਼ਾਮਲ ਬਜੁਰਗ ਇਸਤਰੀਆਂ ਤਕ ਨੂੰ ਇਕ ਮੂੰਹ ਫੱਟ ਐਕਟਰਸ ਜਿਸ ਦੇ ਸਿਰ ਤੇ ਭਾਜਪਾ ਚੜ੍ਹ ਕੇ ਬੋਲ ਰਹੀ ਸੀ ਕੰਗਣਾ ਰਣੌਤ ਨੇ ਉਨਾਂ ਇਸਤਰੀਆਂ ਬਾਰੇ ਇਥੋਂ ਤਕ ਆਖ ਦਿੱਤਾ ਕਿ ਦਿੱਲੀ ਬੈਠੇ ਧਰਨੇ ਵਿੱਚ ਬੈਠੀਆਂ ਔਰਤਾਂ 100 – 100 ਰੁਪਏ ਦਿਹਾੜ੍ਹੀ ਦੇ ਕਿਰਾਏ ਭਾੜੇ ਤੇ ਲਿਆ ਕੇ ਬਿਠ-ਾਈਆਂ ਹੋਈਆਂ ਹਨ, ਜਿਸ ਨੂੰ ਉਸ 80 ਵਰ੍ਹਿਆਂ ਦੀ ਪੰਜਾਬ ਦੀ ਔਰਤ ਮਹਿੰਦਰ ਕੌਰ ਨੇ ਇਹ ਕਹਿ ਕੇ ਕੰਗਣਾ ਰਣੋਤ ਨੂੰ ਵੰਗਾਰਿਆ ਕਿ ਉਹ ਉਸ ਨੂੰ 1000 ਰੁਪਏ ਦੇਣ ਲਈ ਤਿਆਰ ਹੈ ਕੰਗਣਾ ਰਣੌਤ ਉਸ ਦੇ ਘਰ ਦਾ ਗੋਹਾ ਕੂੜ੍ਹਾ ਸਾਂਭ ਕੇ ਵੇਖੇ। ਦੇਸ਼ ਦੀ ਭਾਜਪਾ ਹਕੂਮਤ ਤੇ ਪਾਰਟੀ ਦੇ ਆਗੂਆਂ ਨੇ ਇਨਾਂ ਅੰਨ ਦਾਤਿਆਂ ਨੂੰ ਨਕਸਲ੍ਹਬਾੜੀ , ਅੱਤਿਵਾਦੀ, ਖਾਲਿਸਤਾਨੀ. ਪਾਕਿਸਤਾਨੀ, ਮਵਾਲੀ, ਪਰਜੀਵੀ ਪਤਾ ਨਹੀਂ ਕਿ ਹੋਰ ਕਿਹੜੇ ਕਿਹੜੇ ਨਾਂਵਾਂ ਨਾਲ ਬੇ ਇੱਜਤ ਕੀਤਾ ਗਿਆ। ਭਾਜਪਾ ਦੇ ਪ੍ਰਧਾਨ ਮੰਤਰੀ ਸਮੇਤ ਹੋਰ ਆਗੂਆਂ ਤੇ ਹਕੂਮਤ ਦਾ ਨਸ਼ਾ ਜੁ ਚੜ੍ਹਿਆ ਹੋਇਆ ਸੀ। ਇਹਨਾਂ ਵਲੋਂ ਲਗਾਤਾਰ ਇਹ ਹੀ ਆਖਿਆ ਜਾ ਰਿਹਾ ਸੀ ਕਿ ਇਹ ਨਰਿੰਦਰ ਮੋਦੀ ਹੈ! ਨਰਿੰਦਰ ਮੋਦੀ !!ਇਸ ਨੇ ਨੋਟ ਬੰਦੀ ਕੀਤੀ , ਇਸ ਨੇ ਐਨ. ਆਰ. ਸੀ. ਲਾਗੂ ਕੀਤੀ , ਇਸ ਨੇ ਕਸ਼ਮੀਰੀਆਂ ਨੂੰ ਮਿਲਿਆ 370 ਦਾ ਕਾਨੂੰਨੀ ਹੱਕ ਸਿਰਫ ਇਸ ਕਰਕੇ ਹੀ ਨਹੀਂ ਸੀ ਖੋਹਿਆ ਕਿ ਉਹ ਮੁਸਲਮਾਨ ਹਨ ਬਲਕਿ ਇਸ ਸਰਕਾਰ ਦੇ ਮਨ ਵਿੱਚ ਇਤਨੀ ਨਫਰਤੀ ਅੱਗ ਦੇ ਭਾਂਬੜ੍ਹ ਮੱਚ ਰਹੇ ਸਨ ਕਿ ਉਨਾਂ ਦੇ ਪ੍ਰਾਂਤ ਜੰਮੂ ਕਸ਼ਮੀਰ ਦਾ ਨਾਂ ਵੀ ਕੇਂਦਰੀ ਸ਼ਾਸਤ ਪਰਦੇਸ਼ ਬਣਾ ਕੇ ਭਾਰਤ ਦੇ ਨਕਸ਼ੇ ਤੋਂ ਮਿਟਾ ਕੇ ਰੱਖ ਦਿੱਤਾ।ਇਹ ਵੀ ਆਖਿਆ ਜਾਂਦਾ ਕਿ ਜਿਹੜੀ ਕਲਮ ਸ੍ਰੀ ਨਰਿੰਦਰ ਮੋਦੀ ਨੇ ਚਲਾਈ ਹੈ, ਉਹ ਕਲਮ ਕਦੇ ਵਾਪਿਸ ਨਹੀਂ ਹੋਈ ।ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਜਿਹੜਾ ਇਹ ਕਾਫਲਾ ਸਿਰੜ੍ਹੀ ਅੰਨ ਦਾਤੇ ਕਿਸਾਨਾਂ ਦਾ ਸਿਰ ਤੱਲੀ ਤੇ ਰੱਖ ਕੇ ਚਲਿਆ ਸੀ ,ਇਹ ਜਗੋਂ ਵੱਖਰੀ ਹੀ ਕਿਸਮ ਦਾ ਹੈ ।ਇਸ ਵਿੱਚ ਹਰਿਆਣੇ ਦੇ ਕਿਸਾਨਾਂ ਦਾ ਕਾਫ਼ਲਾ ਜਿਨਾਂ ਨੂੰ ਤੁਸੀ ਪੰਜਾਬ, ਹਰਿਆਣੇ ਦੇ ਪਾਣੀ ਦਾ ਘਚੋਲਾ ਪਾ ਕੇ ਵੰਡਣ ਦਾ ਯਤਨ ਕੀਤਾ ਸੀ ,ਉਹ ਤੋਪ ਦਾ ਗੋਲਾ ਵੀ ਕਾਰਗਰ ਨਾ ਸਾਬਤ ਹੋਇਆ। ਸ਼ਾਬਾਸ਼ ਹੈ ਕਿ ਉਨਾਂ ਕਿਸਾਨਾਂ ਦੀ ਜਿਨਾਂ ਨੇ ਤੁਹਾਡੀਆ ਸਾਰੀਆਂ ਸਕੀਮਾਂ ਚਕਨਾਚੂਰ ਹਰਿਆਣੇ ਦੇ ਕਿਸਾਨਾਂ ਨੂੰ ਇਹ ਆਖ ਕੇ ਕਰ ਦਿੱਤੀਆਂ ਕਿ ਪੰਜਾਬ ਦੇ ਕਿਸਾਨ ਸਾਡੇ ਭਰਾ ਦੇ ਨਿਆਈਂ ਹਨ , ਕਹਿ ਕੇ ਨਿਵਾਜਿਆ ਤੇ ਨਾਲ ਇਹ ਵੀ ਆਖਿਆ ਕਿ ਪੰਜਾਬ ਵਾਲੇ ਸਾਡੇ ਵੱਡੇ ਭਰਾ ਹਨ ਤੇ ਹਮੇਸ਼ਾ ਹੀ ਵੱਡੇ ਰਹਿਣਗੇ। ਇਹ ਆਖ ਕੇ ਤੁਹਾਡੇ (ਭਾਜਪਾ ) ਵਲੋਂ ਨਫਰਤ ਦੇ ਬੀਜੇ ਬੀਜਾਂ ਨੂੰ ਚੁਰਾਹੇ ਭੰਨ ਦਿੱਤਾ ਸੀ ।ਪਰ ਤੁਹਾਡੀ ਪਾਰਟੀ ਦੇ ਉੱਪਰ ਤੋਂ ਲੈ ਕੇ ਹੇਠਾਂ ਤਕ ਦੇ ਆਗੂਆਂ ਨੇ ਇਕੋ ਰੱਟ ਫੜ੍ਹੀ ਹੋਈ ਸੀ ਕਿ ਮੋਦੀ ਨੇ ਇਹ ਬਿੱਲ ਕਦੇ ਵੀ ਵਾਪਿਸ ਨਹੀਂ ਲੈਣੇ ।ਪਰ ਕਹਿੰਦੇ ਹਨ ਹੈਂਕੜ੍ਹ ਦੀ ਸਚਾਈ ਅੱਗੇ ਕਦੇ ਟਿਕੱਤ ਨਹੀਂ ਹੁੰਦੀ।ਆਖਰ ਮੋਦੀ ਸਾਹਿਬ ਨਾਲ ਵੀ ਉਹੋ ਕੁਝ ਹੋ ਨਿਬੜਿਆ, ਜੋ ਦੂਜੇ ਹੈਂਕੜਬਾਜਾਂ ਨਾਲ ਵਾਪਰਦਾ ਹੈ। ਇਸੇ ਮੋਦੀ ਨੂੰ ਬਾਬੇ ਨਾਨਕ ਦੇ ਇਸ ਪੁਰਬ ਦੇ ਮੌਕੇ ਤੇ ਕਿਸਾਨਾਂ ਦੇ ਸਿਰੜ੍ਹ ਅੱਗੇ ਝੁਕੱਦਿਆ ਜਿਥੇ ਕਿਸਾਨਾਂ ਕੋਲੋਂ ਪਹਿਲਾਂ ਮੁਆਫੀ ਮੰਗਣੀ ਪਈ , ਫਿਰ ਪਾਸ ਕੀਤੇ ਤਿੰਨੇ ਦੇ ਤਿੰਨੇ ਕਾਲੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਵੀ ਰੱਦ ਕਰਨ ਦਾ ਐਲਾਨ ਕਰਨ ਲਈ ਮਜਬੂਰ ਹੋਣਾ ਪਿਆ ।ਇਹ ਠੀਕ ਹੈ ਕਿ ਇਸ ਬਦਲੇ ਵਿੱਚ ਕਿਸਾਨਾਂ ਨੂੰ ਆਪਣੀਆਂ 600 ਤੋਂ ਵਧੇਰੇ ਕਿਸਾਨਾਂ ਦੀਆਂ ਅਹੂਤੀਆਂ ਦੇਣ ਤੋਂ ਇਲਾਵਾ ਅਣਗਿਣਤ ਪ੍ਰਕਾਰ ਦੇ ਝੱਖੜਾਂ, ਹਨੇਰੀਆਂ, ਸਿਖਰਾਂ ਦੀ ਗਰਮੀ ਸਰਦੀ ,ਸਾਜਿਸ਼ੀ ਢੰਗ ਨਾਲ ਕੀਤੀ ਗਈ ਸਾੜ੍ਹ ਫੂਕ, ਜਿਹੜੀ ਥਾਂ ਤੇ ਧਰਨੇ ਲਗਾ ਕੇ ਬੈਠ ਕੇ ਇਸੇ ਮੋਦੀ ਸਰਕਾਰ ਨੂੰ ਬਿੱਲ ਵਾਪਿਸ ਲੈਣ ਲਈ ਕਹਿ ਰਹੇ ਸਨ ਉਥੋਂ ਦੇ ਨਜਦੀਕ ਰਹਿ ਰਹੇ ਪਿੰਡ ਦੇ ਕੁਝ ਸ਼ਰਾਰਤੀ ਕਿਸਮ ਦੇ ਲੋਕਾਂ ਕੋਲੋਂ ਅਦਾਲਤਾਂ ਵਿੱਚ ਕੇਸ ਰਜ ਕਰਵਾ ਕੇ ਕਿਸਾਨਾਂ ਵਲੋਂ ਧਰਨੇ ਵਾਲੀਆਂ ਥਾਵਾਂ ਨੂੰ ਖਾਲੀ ਕਰਵਾਉਣ ਲਈ ਦਬਾਅ ਪਾਇਆ ਗਿਆ। ਪਰ ਮੋਦੀ ਸਾਹਿਬ ਉਦੋਂ ਵੀ ਨਾ ਸਮਝੇ ਜਦੋਂ ਸਭ ਤੋਂ ਉੱਚ ਅਦਾਲਤ ਨੇ ਇਹ ਆਖ ਕੇ ਤੁਹਾਡੀ ਸਰਕਾਰ ਨੂੰ ਜੋਰਦਾਰ ਝਿੜਕ ਦਿੱਤਾ ਕਿ ਕਿਸਾਨਾਂ ਨੇ ਸੜਕਾਂ ਨਹੀਂ ਰੋਕੀਆਂ, ਉਹ ਤਾਂ ਦਿੱਲੀ ਆਉਣਾ ਚਾਹੁੰਦੇ ਸਨ ਪਰ ਤੁਹਾਡੀ ਪੁਲੀਸ ਨੇ ਉਨਾਂ ਵਲੋਂ ਸ਼ਾਤਮਈ ਢੰਗ ਨਾਲ ਆ ਰਹੇ ਕਿਸਾਨਾਂ ਨੂੰ ਇਨਾਂ ਥਾਵਾਂ ਤੇ ਰੋਕ ਕੇ ਬੈਠਣ ਲਈ ਮਜਬੂਰ ਕੀਤਾ ਹੈ। ਮੋਦੀ ਸਾਹਿਬ ਤੁਸੀ ਤਾਂ ਉਦੋਂ ਵੀ ਨਾ ਸਮਝੇ। ਜਦੋਂ ਉਨਾਂ ਨੇ ਤੁਹਾਡੀ ਪਾਰਲੀਮੈਂਟ ਦੇ ਬਰਾਬਰ ਸਫਲਤਾ ਪੂਰਵਕ ਪਾਰਲੀਮੈਂਟ ਚਲਾ ਕੇ ਤੁਹਾਡੇ ਵਲੋਂ ਪਾਸ ਕੀਤੇ ਕਾਲੇ ਕਾਨੂੰਨਾਂ ਨੂੰ ਰੱਦ ਕਰ ਵਿਖਾਇਆ ਸੀ। ਤੁਸੀ, ਤੁਹਾਡੀ ਸਰਕਾਰ ਤੇ ਤੁਹਾਡੀ ਪਾਰਟੀ ਨੇ ਹਰ ਹਰਬਾ ਖਰਬਾ ਵਰਤ ਕੇ ਵੇਖ ਲਿਆ ਕਿ ਇਹ ਉਹ ਕਿਸਾਨ ਹਨ ਜਦੋਂ ਉਹ ਹਾਲੇ ਅਜਾਦ ਨਹੀਂ ਸਨ ਹੋਏ। ਉਸ ਵੇਲੇ ਵੀ ਇਕ ਮੋਦੀ ਵਰਗੇ ਇਕ ਹੋਰ ਹੱਠੀ ਅੰਗਰੇਜ ਹਾਕਮ ਨੇ ਵੀ ਕਿਸਾਨਾਂ ਨਾਲ ਪੰਗਾ ਲਿਆ ਸੀ ਜੋ ਇਕ ਸਾਲ ਤਕ ਦੇ ਚਲੇ ਲੰਮੇ ਸੰਘਰਸ਼ ਤੋਂ ਬਾਅਦ ਉਸ ਅੰਗਰੇਜ ਹਾਕਮ ਨੂੰ ਵੀ ਕਾਲੇ ਕਾਨੂੰਨ ਵਾਪਿਸ ਲੈਣ ਲਈ ਮਜਬੂਰ ਹੋਣਾ ਪਿਆ ਸੀ।ਮੋਦੀ ਸਾਹਿਬ ਤੁਸੀ ਤਾਂ ਉਨਾਂ ਚਿੱਟੀ ਚੱਮੜ੍ਹੀ ਵਾਲਿਆ ਤੋਂ ਵੀ ਜਾਲਮ ਨਿਕਲੇ। ਕਿਸਾਨਾਂ ਨੇ ਦੂਸਰੀ ਵਾਰ ਇਹ ਸੰਘਰਸ਼ ਜਿੱਤ ਕੇ ਆਉਣ ਵਾਲੇ ਹੋਰ ਹਾਕਮਾਂ ਨੂੰ ਵੀ ਦੱਸ ਦਿੱਤਾ ਹੈ ਕਿ ਭੁੱਲ ਕੇ ਵੀ ਕਾਰਪੋਰੇਟਾਂ ਦੇ ਕਹੇ ਤੇ ਕੋਈ ਵੀ ਮੋਦੀ ਵਰਗੀ ਹੈਂਕੜ੍ਹਬਾਜ ਸਰਕਾਰ ਕਿਸਾਨਾਂ ਦੀਆਂ ਜਮੀਨਾਂ ਜਿਨਾਂ ਦੇ ਮਲਕੀਤੀ ਹੱਕ ਸਿੱਖਾਂ ਦੇ ਪਹਿਲੇ ਬੇਤਾਜ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਸਾਨਾਂ ਨੂੰ ਦਿੱਤੇ ਸਨ।ਉਨਾਂ ਵੱਲ ਕੌੜ੍ਹੀ ਅੱਖ ਨਾਲ ਕਦੇ ਨਾ ਵੇਖਿਓ!ਇਹ ਉਹ ਕਿਸਾਨ ਹਨ ਜੋ ਆਪ ਣਾ ਏਕਾ ਉਸਾਰ ਕੇ ਉਸ ਦੀਆਂ ਅੱਖਾਂ ਕੱਢਣ ਤਕ ਵੀ ਪੁੱਜ ਜਾਂਦੇ ਹਨ।ਮੋਦੀ ਸਾਹਿਬ ਤੁਸੀ ਸਿਰਫ ਕਿਸਾਨਾਂ ਨਾਲ ਹੀ ਧ੍ਰੋਹ ਨਹੀਂ ਕਮਾਇਆ ਬਲਕਿ ਤੁਸੀ ਤਾਂ ਕਿਰਤੀਆਂ ਦੇ ਕਾਨੂੰਨਾਂ ਨਾਲ ਛੇੜ੍ਹ ਛਾੜ੍ਹ ਕਰਕੇ, ਉਨਾਂ ਦੇ ਕੰਮ ਦੇ 8 ਘੰਟੇ ਕਰਾਉਣ ਲਈ ਜਿਸ ਵਾਸਤੇ ਉਨਾਂ ਨੂੰ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਖੇ ਪਹਿਲੀ ਮਈ 1881 ਜਲੂਸ ਕੱਢਣ ਲਈ ਮਜਬੂਰ ਕੀਤਾ ਸੀ। ਜਿਸ ਵਿੱਚ ਇਕ ਮਾਂ ਦੀ ਝੋਲੀ ਵਿੱਚ ਪਏ ਮਾਸੂਮ ਬੱਚੇ ਦੀ ਕੁਰਬਾਨੀ ਦੇ ਕੇ ਆਪਣੇ ਲਹੂ ਨਾਲ ਕਿਰਤੀਆ ਦੇ ਚਿੱਟੇ ਰੰਗ ਦੇ ਝੰਡੇ ਨੂੰ 'ਲਾਲ' ਰੰਗ ਦੇ ਝੰਡੇ ਵਿੱਚ ਤਬਦੀਲ ਕਰਵਾਇਆ ਸੀ।ਤੁਸੀ ਤਾਂ ਕਾਰਪੋਰੇਟਾਂ ਦੇ ਕਹੇ ਤੇ ਕਿਰਤੀਆਂ ਦੀ ਲੁੱਟ ਨੂੰ ਹੁਣ 8 ਘੰਟੇ ਤੋਂ 12 ਘੰਟੇ ਦੇ ਕੰਮ ਵਿੱਚ ਤਬਦੀਲ ਕਰਕੇ ਉਨਾਂ ਨੂੰ ਖੁਸ਼ ਕਰਨ ਵੱਲ ਲਗੇ ਹੋਏ ਹੋ। ਤੁਹਾਡੇ ਮਨਾਂ ਵਿੱਚ ਮੁਸਲਮਾਨ ਧਰਮ ਨਾਲ ਸਬੰਧ ਰੱਖਣ ਵਾਲੇ ਪੱਕੇ ਤੌਰ ਤੇ ਰਹਿ ਰਹੇ ਭਾਰਤੀਆਂ ਜਿਨਾਂ ਦਾ ਦੇਸ਼ ਦੀ ਅਜਾਦੀ ਵਿੱਚ ਬੜਾ ਵੱਡਾ ਯੋਗਦਾਨ ਰਿਹਾ ਹੈ। ਤੁਸੀ ਉਨਾਂ ਕੋਲੋਂ ਦੇਸ਼ ਦੇ ਪੱਕੇ ਨਾਗਰਿਕ ਹੋਣ ਦਾ ਸਬੂਤ ਮੰਗਦੇ ਹੋ। ਕਿੰਨੇ ਹਾਸੇ ਵਾਲੀ ਗੱਲ ਹੈ ਕਿ ਸਬੂਤ ਮੰਗਣ ਵਾਲੇ ਭਾਜਪਾ ਪਾਰਟੀ ਦੇ ਹਨ ।ਕੀ ਭਾਜਪਾ ਵਾਲੇ ਕਿਸੇ ਇਕ ਬੰਦੇ ਦਾ ਨਾਂ ਦਸਣ ਦੇ ਸਮਰੱਥ ਹਨ ਜਿਸ ਨੇ ਦੇਸ਼ ਦੀ ਅਜਾਦੀ ਵਿੱਚ ਕੋਈ ਯੋਗਦਾਨ ਪਾਇਆ ਹੋਵੇ? ਹਾਂ ਅੰਗਰੇਜਾਂ ਦੀ ਭੱਗਤੀ ਤੇ ਦੇਸ਼ ਨਾਲ ਗਦਾਰੀ ਕਰਨ ਵਾਲੇ ਤੇ ਅੰਗਰੇਜਾਂ ਕੋਲੋਂ ਮੁਆਫੀਆਂ ਮੰਗ ਕੇ ਬਾਹਰ ਆਉਣ ਵਾਲੇ ਤੇ ਰਾਸ਼ਟਰ ਪਿਤਾ ਦੇ ਕਾਤਲ ਨਿੱਕਰਧਾਰੀ ਲੋਕਾਂ ਦੀ ਸ਼ਾਇਦ ਲੰਮੀ ਕਤਾਰ ਜਰੂਰ ਹੋਵੇਗੀ।

ਤੁਸੀ (ਭਾਜਪਾ ਦੀ ਸਰਕਾਰ) ਲੱਖ ਯਤਨ ਕਰਕੇ ਇਤਿਹਾਸ ਝੂਠ ਮੂਠ ਲਿਖਵਾ ਕੇ ਨਾ ਤਾਂ ਦੇਸ਼ ਭਗਤ ਬਣ ਸਕਦੇ ਹੋ ਤੇ ਨਾ ਹੀ ਸੰਸਾਰ ਦੇ ਲੋਕਾਂ ਕੋਲੋਂ ਇਹ ਮੰਨਵਾ ਸਕਦੇ ਹੋ ਕਿ ਹਲਦੀ ਘਾਟੀ ਦੀ ਲੜਾਈ ਵਿੱਚ ਮਹਾਂਰਾਣਾ ਪ੍ਰਤਾਪ ਹਾਰਿਆ ਸੀ ਤੇ ਉਸ ਲੜਾਈ ਵਿੱਚ ਅਕਬਰ ਦੀ ਜਿੱਤ ਹੋਈ ਸੀ, ਨਾ ਹੀ ਤੁਸੀ ਇਸ ਗੱਲ ਨੂੰ ਝੁਠਲਾ ਸਕਦੇ ਹੋ ਕਿ ਵੀਰ ਸਾਵਰਕਰ ਅੰਗਰੇਜਾਂ ਕੋਲੋਂ ਮੁਆਫੀ ਮੰਗ ਕੇ ਤੇ ਇਹ ਕਹਿ ਕੇ ਜੇਲ੍ਹ ਤੋਂ ਬਾਹਰ ਆਇਆ ਸੀ ਕਿ ਉਹ ਤਾਂ ਅੰਗਰੇਜਾਂ ਦਾ ਭੱਗਤ ਹੈ। ਉਸ ਦਾ ਅਜਾਦੀ ਨਾਲ ਨੇੜੇ ਤੇੜੇ ਦਾ ਵੀ ਵਾਹ ਵਾਸਤਾ ਨਹੀਂ ਹੈ। ਤੁਸੀ ਉਨਾਂ ਮੁਸਲਿਮ ਧਰਮ ਨਾਲ ਸਬੰਧਤ ਲੋਕਾਂ ਜਿਨਾਂ ਨੇ ਦੇਸ਼ ਦੀ ਅਜਾਦੀ ਸਮੇਂ ਕਈ ਕੁਰਬਾਨੀਆ ਦਿੱਤੀਆਂ ਹਨ। ਸਿਰਫ ਅੱਜ ਮੁਸਲਮਾਨ ਹੋਣ ਨਾਤੇ ਉਨਾਂ ਤੇ ਐਨ .ਆਰ. ਸੀ. ਦਾ ਨਜਾਇਜ ਕਾਨੂੰਨ ਥੋਪ ਕੇ ਤੁਸੀ ਉਨਾਂ ਕੋਲੋਂ ਦੇਸ਼ ਦੇ ਪੱਕੇ ਨਾਗਰਿਕ ਹੋਣ ਦਾ ਪ੍ਰਮਾਣ ਮੰਗਦੇ ਹੋ। ਤੁਹਾਡੇ ਮਨ ਵਿੱਚ ਮੁਸਲਮਾਨਾਂ ਪ੍ਰਤੀ ਇਤਨੀ ਨਫਰਤ ਭਰੀ ਹੋਈ ਕਿ ਜੰਮੂ ਕਸ਼ਮੀਰ ਦੇ ਲੋਕ ਜਿਹੜੇ ਮੁਸਲਿਮ ਧਰਮ ਨਾਲ ਸਬੰਧਤ ਹਨ।

ਉਨਾਂ ਦਾ ਵਪਾਰ ਵੀ ਤੁਹਾਡੀਆਂ ਨਫਰਤ ਭਰੀਆਂ ਅੱਖਾਂ ਵਿੱਚ ਰੜਕਦਾ ਆ ਰਿਹਾ ਸੀ।ਦੇਸ਼ ਦੇ ਬਹੁ ਵਰਗ ਹਿੰਦੂ ਧਰਮ ਨਾਲ ਸਬੰਧਤ ਲਗ ਭਗ ਇਕ ਅਰਬ ਲੋਕਾਂ ਤੇ ਹਿੰਦੂ ਧਰਮ ਦਾ ਮੁਲੰਮਾ ਚਾੜ੍ਹ ਕੇ ਉਥੋਂ ਦੇ ਮੁਸਲਮਾਨਾਂ ਦਾ ਵਪਾਰ ਆਪਣੇ ਦੋ ਗੁਜਰਾਤੀ ਮਿਤਰਾਂ ਅੰਬਾਨੀਆਂ ਤੇ ਅਡਾਨੀਆਂ ਦੇ ਹੱਥ ਸੌਪਣ ਲਈ ਇਥੋਂ ਤਕ ਨੀਂਵੀਂ ਪੱਧਰ ਤਕ ਜਾ ਸਕਦੇ ਹੋ।ਅੱਜ ਹਿੰਦੂ ਧਰਮ ਦੇ ਲੋਕਾਂ ਦੀਆਂ ਅੱਖਾਂ ਵੀ ਕਿਸਾਨੀ ਸੰਘਰਸ਼ ਨੇ ਖੋਹਲ ਕੇ ਰੱਖ ਦਿੱਤੀਆਂ ਹਨ ।ਤੁਹਾਡੇ ਹਿੰਦੂਤੱਵੀ ਪਤੇ ਤਹਿਸ ਨਹਿਸ ਹੋ ਰਹੇ ਹਨ ।

ਲੋਕਾਂ ਨੇ ਕੋਰੋਨਾ ਕਾਲ ਵਿੱਚ ਜੋ ਜੋ ਹਿੰਦੂ ਵਰਗ ਦੇ ਲੋਕਾਂ ਨਾਲ ਜਿਹੜੇ ਦੂਸਰੇ ਪ੍ਰਾਂਤਾਂ ਤੋਂ ਰੁਜਗਾਰ ਲਈ ਹੋਰ ਸੂਬਿਆਂ ਵਿੱਚ ਆਏ ਸਨ ਤੁਸੀ ਤਾਂ ਉਨਾਂ ਨੂੰ ਭੁੱਖਿਆ ਮਰਨ ਤੇ ਪੈਦਲ ਚੱਲ ਚੱਲ ਕੇ ਆਪਣੇ ਪਿੱਤਰੀ ਘਰ ਪੁੱਜਣ ਲਈ ਮਜਬੂਰ ਕੀਤਾ ਸੀ। ਜਿਸ ਦੌਰਾਨ ਅਣਗਿਣਤ ਪੈਦਲ ਜਾ ਰਹੇ ਇਨਾਂ ਹਿੰਦੂਆਂ ਨੂੰ ਭਿੰਨ ਭਿੰਨ ਹੋਈਆਂ ਦੁਰਘਟਨਾਵਾਂ ਤੇ ਹੋਰ ਕਾਰਨਾਂ ਕਰਕੇ ਘਰ ਪੁੱਜਣ ਤੋਂ ਪਹਿਲਾਂ ਹੀ ਰੱਬ ਨੂੰ ਪਿਆਰੇ ਹੋਣਾ ਪਿਆ ਸੀ । ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਾਲੀ ਭਾਜਪਾ ਸਰਕਾਰ ਕੋਲ ਤਾਂ ਇਨਾਂ ਹਿੰਦੂਆਂ ਲਈ ਗੱਡੀਆਂ ਤੇ ਜਾਣ ਦਾ ਪ੍ਰਬੰਧ ਵੀ ਨਹੀਂ ਸੀ ਕੀਤਾ ਜਾ ਸਕਿਆ।

ਹਿੰਦੂ ਵਰਗ ਦੇ ਲੋਕ ਕੁਝ ਕੱਟੜ੍ਹ ਕਿਸਮ ਦੇ ਰ.ਸ.ਸ. ਦੇ ਬੰਦਿਆ ਤੋਂ ਬਿਨਾ ਬਾਕੀ ਬਹੁਤ ਸਾਰੇ ਹਿੰਦੂ ਧਰਮ ਨਾਲ ਸਬੰਧਤ ਲੋਕ ਭਾਜਪਾ ਦੀ ਦੰਭੀ ਚਾਲ ਨੂੰ ਸਮਝ ਚੁੱਕੇ ਹਨ ਕਿ ਉਇਹ ਦੰਦ ਵਿਖਾਓਣ ਦੇ ਹੋਰ ਤੇ ਖਾਣ ਦੇ ਹੋਰ" ਹੀ ਹਨ !ਮੋਦੀ ਸਾਹਿਬ ਕਿਸਾਨਾਂ ਦੀ ਜਿੱਤ ਦਾ ਇਹ ਪਰਚਮ ਤੁਹਾਡੇ ਰਹਿੰਦੇ ਖੂੰਹਦੇ ਪੋਲ ਵੀ ਜਲਦੀ ਜਨਤਕ ਕਰ ਕੇ ਰੱਖ ਦੇਵੇਗਾ। ਕਿਸਾਨ ਆਗੂਆਂ ਨੇ ਐਲਾਨ ਕਰ ਦਿੱਤਾ ਹੈ ਕਿ ਜਿੰਨਾ ਚਿਰ ਭਾਜਪਾ ਸਰਕਾਰ ਐਮ .ਐਸ .ਪੀ. ਦੀ ਕਾਨੂੰਨੀ ਗਾਰੰਟੀ ਦੇ ਨਾਲ ਹੋਰ ਰਹਿੰਦੀਆਂ ਕਿਸਾਨ ਮੰਗਾਂ ਨੂੰ ਪ੍ਰਵਾਨ ਨਹੀਂ ਕਰਦੀ ਉਹ ਇਸ ਸੰਘਰਸ਼ ਨੂੰ ਛੱਡ ਕੇ ਜਾਣ ਵਾਲੇ ਨਹੀਂ ।ਮੋਦੀ ਸਾਹਿਬ ਇਸ ਹਾਲਤ ਵਿੱਚ ਫੱਸ ਗਏ ਹਨ ਕਿ ਉਨਾਂ ਕੋਲ ਹੋਰ ਕੋਈ ਚਾਰਾ ਹੀ ਬਾਕੀ ਨਹੀਂ ਬਚਿਆ ।ਉਨਾਂ ਨੂੰ ਉਹ ਰਹਿੰਦੀਆਂ ਮੰਗਾਂ ਵੀ ਸਵੀਕਾਰ ਕਰਨੀਆਂ ਪੈਣੀਆਂ ਹਨ ।ਕਿਉਂ ਕਿ ਭਾਜਪਾ ਪਾਰਟੀ ਤੇ ਰ.ਸ.ਸ. ਵਿੱਚ ਉਨਾਂ(ਮੋਦੀ ਸਾਹਿਬ) ਦੇ ਵਿਰੁੱਧ ਭਾਰੀ ਰੋਹ ਪੈਦਾ ਹੋ ਗਿਆ ਹੈ।

ਭਾਜਪਾ ਨੂੰ ਚੋਣਾਂ ਵਿੱਚ ਆਪਣਾ ਭਵਿੱਖ ਹੁਣ ਤੋਂ ਹੀ ਦਿਸਣ ਲਗ ਪਿਆ ਹੈ ਕਿ ਜਿੰਨਾ ਚਿਰ ਉਹ ਕਿਸਾਨ ਮੰਗਾਂ ਪ੍ਰਵਾਨ ਕਰਕੇ ਉਨਾਂ ਨੂੰ ਘਰ ਨਹੀਂ ਭੇਜਦੀ ।ਆਉਣ ਵਾਲੇ ਕੁਝ ਮਹੀਨਿਆਂ ਵਿੱਚ ਭਾਰਤ ਦੇ ਪੰਜ ਪ੍ਰਾਤਾਂ ਦੀਆਂ ਚੋਣਾਂ ਵਿੱਚ ਲੋਕ ਉਨਾਂ ਨੂੰ ਦਿਨੇ ਤਾਰੇ ਵਿਖਾਉਣ ਲਈ ਮਨ ਬਣਾਈ ਬੈਠੇ ਹਨ। ਜਿਸ ਤਰਾਂ ਦੇ ਅਸਾਰ ਬਣ ਰਹੇ ਹਨ। ਕਿਸਾਨਾਂ ਦੀ ਇਹ ਜਿੱਤ ਉਨਾਂ ਲੋਕਾਂ ਲਈ ਰਾਹ ਦਿਸੇਰੇ ਦੇ ਤੌਰ 'ਤੇ ਕੰਮ ਕਰੇਗੀ ਜਿਨਾਂ ਲਈ ਤੁਸੀ ਖੱਡੇ ਖੋਦ ਕੇ ਆਏ ਹੋ। ਮੋਦੀ ਸਾਹਿਬ ਤਿਆਰ ਹੋ ਜਾਓ, ਪਤਾ ਨਹੀਂ ਕਿੰਨੀ ਪਰਕਾਰ ਦੇ ਹੋਰ ਸੰਘਰਸ਼ ਅੰਗੜਾਈਆਂ ਲੈ ਰਹੇ ਹਨ । ਜਿਹੜੇ ਇਸ ਵੇਲੇ ਸਮੇਂ ਦੇ ਗਰਭ ਵਿੱਚ ਉੱਸਲ ਵੱਟੇ ਲੈ ਰਹੇ ਹਨ।

# ਸੁਪਰ ਸਿੱਖ ਰਨ ਵਿੱਚ ਬੌਰਨ ਰਨਰਜ਼ ਟੀਮ ਬਣੀ ਚੈਂਪੀਅਨ

**ਪਟਿਆਲਾ, (ਚਮਨਦੀਪ ਸ਼ਰਮਾ)** ਬੀਤੇ ਦਿਨੀਂ ਸਿਟੀ ਬਿਊਟੀਫੁੱਲ ਚੰਡੀਗੜ੍ਹ ਵਿਖੇ ਹੋਈ ਸੁਪਰ ਸਿੱਖ ਸੁਪਰ ਰਨ ਵਿੱਚ ਬੌਰਨ ਰਨਰਜ਼ ਟੀਮ (ਰਜਿ) ਦੇ ਅਥਲੀਟਾਂ ਨੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਜੇਤੂ ਸਥਾਨਾਂ ਤੇ ਕਬਜ਼ਾ ਕੀਤਾ। ਇਸ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਸਵਿੰਦਰ ਸਿੰਘ ਨੇ ਦੱਸਿਆ ਕਿ ਇਸ ਈਵੈਂਟ ਵਿੱਚ ਸਾਰੇ ਰਨਰਜ਼ ਨੇ ਆਪਣੀ ਉਮਰ ਕੈਟਾਗਿਰੀ ਵਿੱਚ ਚੰਗਾ ਪ੍ਰਦਰਸ਼ਨ ਕੀਤਾ। ਦਸ ਕਿਲੋਮੀਟਰ ਦੀ ਦੌੜ ਵਿੱਚ ਈਸ਼ਵਰ ਚੌਧਰੀ ਨੇ ਪਹਿਲਾ, ਜਤਿੰਦਰ ਪਾਇਲ (5 ਕਿਲੋਮੀਟਰ) ਨੇ ਪਹਿਲਾ, ਰੁਪਿੰਦਰ ਕੌਰ ਨੇ (5 ਕਿ-



ਲੋਮੀਟਰ) ਵਰਗ ਵਿੱਚ ਪਹਿਲਾ, ਅਮਨਪ੍ਰੀਤ ਕੌਰ ਸੰਧੂ ਨੇ (5 ਕਿਲੋਮੀਟਰ) ਵਿੱਚ ਪਹਿਲਾ, ਕੁੰਵਰਵੀਰ ਸਿੰਘ ਨੇ (5 ਕਿਲੋਮੀਟਰ) ਕੈਟਾਗਿਰੀ ਵਿੱਚ ਪਹਿਲਾ, ਸੁਮੀਤਾ ਸੁਮੀ ਨੇ (5 ਕਿਲੋਮੀਟਰ) ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਉਹਨਾਂ ਦੱਸਿਆ ਕਿ ਟੀਮ ਦੇ ਕਪਤਾਨ ਸੁਖਚੈਨ ਸਿੰਘ ਨੇ ਹਾਫ ਮੈਰਾਥਨ ਅਤੇ ਫੀਮੇਲ ਕੈਟਾਗਿਰੀ ਵਿੱਚ ਜਸਵੀਰ ਖਾਨ ਨੇ ਦਸ ਕਿਲੋਮੀਟਰ ਦੀ ਦੌੜ ਦੌਰਾਨ ਪੇਸਰ ਦੀ ਭੂਮਿਕਾ ਨਿਭਾਈ। ਸਾਰੇ ਅਥਲੀਟਾਂ ਨੂੰ ਸੁਪਰ ਸਿੱਖ ਸੁਪਰ ਰਨ ਦੀ ਟੀਮ ਨੇ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ। ਉਹਨਾਂ ਦੱਸਿਆ ਕਿ ਟੀਮ ਦੇ ਚੰਗੇ ਪ੍ਰਦਰਸ਼ਨ ਲਈ ਫਿੱਟਨੈੱਸ ਕੋਚ ਸਰਬਜੀਤ ਸਿੰਘ ਦਾ ਅਹਿਮ ਰੋਲ ਹੈ।

# ਤਿੰਨ ਗ਼ਜ਼ਲਾਂ

ਪਿੰਡਾਂ ਵਾਲੇ ਸ਼ਹਿਰਾਂ ਵਾਲੇ ਕਹਿੰਦੇ ਨੇ।
ਚੰਗੇ ਬੰਦੇ ਅਜਕਲ ਕਿੱਥੇ ਰਹਿੰਦੇ ਨੇ।
ਇਕ ਛੋਟੀ ਜਿਹੀ ਲਹਿਰ ਤਮਾਸ਼ਾ ਕਰ ਦਿੰਦੀ,
ਝੀਲ ਕਿਨਾਰੇ ਰੇਤੇ ਦੇ ਘਰ ਢਹਿੰਦੇ ਨੇ।
ਇਸ ਜੰਗਲ ਨੂੰ ਕਿਸੇ ਨੇ ਅੱਗ ਲਗਾਈ ਹੈ,
ਪੰਛੀ ਖਵਰੇ ਕਿਸ ਆਲ੍ਹਣੇਵਿਚ ਬਹਿੰਦੇ ਨੇ।
ਮਾਨ ਕਦੀ ਨਾ ਕਰੀਏ ਆਪਣੀ ਤਾਕਤ ਦਾ,
ਚੜ੍ਹਦੇ ਹੋਏ ਸੂਰਜ ਆਖ਼ਿਰ ਲਹਿੰਦੇ ਨੇ।
ਬਿਜਲੀ ਦਾ ਲਿਸ਼ਕਾਰਾ ਸਭ ਕੁਝ ਫੂਕ ਦਵੇ,
ਬੱਦਲ ਜਦ ਵੀ ਬੱਦਲਾਂ ਦੇਨਾਲ ਖਹਿੰਦੇ ਨੇ।
ਮੁੱਦਤ ਪਿੱਛੋਂ ਮਿਲਿਆ ਅੱਜ ਅਚਾਨਕ ਉਹ,
ਮਾਰੂਥਲ ਦੇ ਅੰਦਰ ਦਰਿਆ ਵਹਿੰਦੇ ਨੇ।
ਹਰ ਜਾਂਦੇ ਜਾਂ ਜਿੱਤੇ ਜਾਂਦੇ ਨੇ ਉਹ, ਜਿਹੜੇ,
ਤਲਵਾਰਾਂ ਜਾਂ ਕਿਸਮਤ ਦੇ ਫੱਟ ਸਹਿੰਦੇ ਨੇ।
ਨੇਰ੍ਹੇ ਦੇ ਵਿਚ ਲੋਅ ਕਰਨੀ ਕੋਈ ਸੌਖੀ ਨਈਂ,
'ਬਾਲਮ' ਦੀਵੇ ਤੋਂ ਪੁੱਛ ਕੀ-ਕੀ ਸਹਿੰਦੇ ਨੇ।

-------

ਟੁੱਟੇ ਰੁੱਖ ਨਿਸ਼ਾਨੀਆਂ ਦੀ ਗੱਲ ਕੋਈ ਨਾ।
ਛਾਵਾਂ ਵਿਚ ਜਵਾਨੀਆਂ ਦੀ ਗੱਲ ਕੋਈ ਨਾ।
ਔਖੇ-ਔਖੇ ਪਾਣੀਆਂ ਨੂੰ ਲੰਘ ਗਏ ਹਾਂ,
ਸੌਖੇ-ਸੌਖੇ ਪਾਣੀਆਂ ਦੀ ਗੱਲ ਕੋਈ ਨਾ।
ਅਪਣੇ ਹੀ ਸਾਥ ਰਹੇ ਦੁੱਖਾਂ-ਸੁੱਖਾਂ ਵਿਚ,
ਰੁੱਸੇ ਹੋਏ ਹਾਣੀਆਂ ਦੀ ਗੱਲ ਕੋਈ ਨਾ।
ਅੱਖਰਾਂ ਦੇ ਨਾਲ ਸਦਾ ਪਾ ਲਏ ਯਾਰਾਨੇ,
ਖ਼ਾਮੀਆਂ ਸ਼ੈਤਾਨੀਆਂ ਦੀ ਗੱਲ ਕੋਈ ਨਾ।
ਘਰ ਵਿਚ ਜ਼ੁੰਮੇਦਾਰੀ, ਅੱਖ ਵੀ ਨਾ ਚੁੱਕੀ,
ਗੋਰੇ ਗਲ ਵਿਚ ਗਾਨੀਆਂ ਦੀ ਗੱਲ ਕੋਈ ਨਾ।
ਚੱਲ ਚੱਲੀਏ ਏਥੋਂ ਆਪਾਂ ਕੀ ਲੈਣਾ,
ਮਹਿਫ਼ਿਲ ਵਿਚ ਦਿਲਜਾਨੀਆਂ ਦੀ ਗੱਲ ਕੋਈ ਨਾ।
ਤਾਰੇ ਚੰਨ ਅਤੇ ਸੂਰਜ ਇਕ ਨਈਂ ਹੋਣੇਂ,
ਅੰਬਰਾਂ 'ਚ ਮਿਹਰਬਾਨੀਆਂ ਦੀ ਗੱਲ ਕੋਈ ਨਾ।
ਬੰਦ ਡੱਬਿਆਂ ਦੇ ਵਿਚ ਪਕਵਾਣ ਤੇਜ਼ਾਬੀ,
ਚਾਟੀ ਵਿਚ ਮਧਾਣੀਆਂ ਦੀ ਗੱਲ ਕੋਈ ਨਾ।
ਸੁੱਕੇ ਪਏ ਝਰਨੇ ਦੀ ਕੀ ਏ ਜ਼ਿੰਦਗਾਨੀ,
ਬਿਨ ਪਾਣੀਆਂ ਰਵਾਨੀਆਂ ਦੀ ਗੱਲ ਕੋਈ ਨਾ।
ਖ਼ੁਸ਼ਬੂ, ਮੈਖ਼ਾਨੇ, ਘੁੰਮੇ ਦੇਸ਼ ਵਿਦੇਸ਼ਾਂ,
'ਬਾਲਮ' ਵਿਚ ਨਾਦਾਨੀਆਂ ਦੀ ਗੱਲ ਕੋਈ ਨਾ।

-------

ਸੁਣਿਆਂ ਨਈਂ ਓਏ ਸੁਣ ਬੰਦਿਆਂ ਵਾਂਗ ਖਲੋ।
ਅੱਗੇ ਹੋਜਾ, ਜਾਂ ਫਿਰ ਥੋੜ੍ਹਾ ਪਿੱਛੇ ਹੋ।
ਬੁੱਧੂਆ ਅਕਲ ਲਤੀਫ਼ਾਂ ਕੋਲ ਤਜ਼ੁਰਬੇ ਨੇ,
ਐਵੇਂ ਤੇਜ਼ ਹਵਾਵਾਂ ਦੇਨਾ ਹਾਰ ਪਿਰੋ।
ਦੁੱਖ ਮਸੀਬਤ ਯਾਰ ਕਿਸੇ ਤੇ ਆਵੇ ਨਾ,
ਕੱਛੂ ਵੀ ਤਾਂ ਲੈਂਦਾ ਅਪਣਾ ਆਪ ਲੁਕੋ।
ਦੀਵੇ ਵਿਚ ਘਿਉ ਹੋਵੇ ਬੱਤੀ ਜਗਦੀ ਹੈ,
ਮੇਰੇ ਸਾਹ ਵੀ ਅਪਣੇਂ ਸਾਹਾਂ ਵਿਚ ਸਮੋ।
ਕਿਉਂ ਦੂਜੇ ਦੇ ਮੋਢੇ ਉਪਰ ਬੈਠੇ ਹੋ,
ਜੀਣਾਂ ਹੈ ਤਾਂ ਅਪਣੇ ਪੈਰ੍ਹਾਂ ਨਾਲ ਚਲੋ।
ਸੂਰਜ ਡੁਬਦਾ ਹੈ ਤਾਂ ਤਾਰੇ ਚੜ੍ਹ ਜਾਂਦੇ,
ਸੁੱਤੇ ਕੋਲੋਂ ਲੋਕੀਂ ਲੈਂਦੇ ਨੇਰ੍ਹਾ ਖੋ।
ਚੰਨ ਕੋਲੋਂ ਬਦਨਾਮੀ ਵਾਲਾ ਕਾਰਜ ਪੁੱਛ,
ਦਾਗ ਕਦੀ ਨਈਂ ਮਿਟਦੇ ਜਿੰਨੇ ਮਰਜ਼ੀ ਧੋ।
ਮਤਲਬ ਪ੍ਰਸਤੀ ਤੇਰੇ ਲਈ ਹੁਣ ਚੰਗੀ ਨਈਂ,
'ਬਾਲਮ' ਅਪਣੀ ਵਾਰੀ ਨਾ ਦਰਵਾਜ਼ੇ ਢੋ।



– ਬਲਵਿੰਦਰ ਬਾਲਮ
ਗੁਰਦਾਸਪੁਰ
98156-25409 ਕਨੇਡਾ ਐਡਮਿੰਟਨ

# ਪੰਜਾਬ ਦੀ ਰਾਣੀ

ਸਾਡੀ ਮਾਂ ਬੋਲੀ ਪੰਜਾਬੀ, ਹੈ ਪੰਜਾਬ ਦੀ ਰਾਣੀ।
ਇਦ੍ਹੇ 'ਚ ਰਚੀ ਹੈ ਗੁਰੂਆਂ ਤੇ ਭਗਤਾਂ ਨੇ ਬਾਣੀ।

ਇਸ ਨੂੰ ਬੋਲਣ ਵੇਲੇ ਨਾ ਕੋਈ ਮੁਸ਼ਕਿਲ ਪੇਸ਼ ਆਵੇ।
ਇਸ ਨੂੰ ਬੋਲ ਕੇ ਮੂੰਹ ਸ਼ਹਿਦ ਵਰਗਾ ਮਿੱਠਾ ਹੋ ਜਾਵੇ।

ਇਦ੍ਹੇ ਟੱਪੇ, ਬੋਲੀਆਂ ਤੇ ਲੋਕ ਗੀਤ ਜੇ ਪੜ੍ਹੋਗੇ ਕਦੇ,
ਤੁਹਾਡੀ ਰੂਹ ਫੁੱਲਾਂ ਵਾਂਗ ਖਿੜੇਗੀ ਦੋਸਤੋ ਤਦੇ।

ਇਸ ਨੂੰ ਕਰੋ ਦਿਲੋਂ ਪਿਆਰ ਤੇ ਦਿਉ ਸਤਿਕਾਰ,
ਤਾਂ ਹੀ ਇਸ ਦਾ ਨਾਂ ਉੱਚਾ ਹੋਣਾ ਵਿੱਚ ਸੰਸਾਰ।

ਇਸ ਦੇ ਨਾਲ ਕਰਿਉ ਨਾ ਦੋਸਤੋ ਕਦੇ ਵੀ ਧੋਖਾ,
ਇਸ ਨੂੰ ਮਿੱਟੀ 'ਚ ਰੋਲਣ ਦਾ ਕਿਸੇ ਨੂੰ ਦਿਉ ਨਾ ਮੌਕਾ।

ਇਸ ਦੀ ਕਰਿਉ ਨਾ ਬੇਕਦਰੀ, ਭਾਵੇਂ ਸਿੱਖੋ ਹੋਰ ਭਾਸ਼ਾਵਾਂ,
ਇਸ ਨੂੰ ਲੱਗੇ ਨਾ ਕਿਸੇ ਦੀ ਨਜ਼ਰ, ਰਲ ਕਰੋ ਦੁਆਵਾਂ।

ਇਸ ਨੂੰ ਬਚਾਉਣ ਲਈ ਰਲ ਹੰਭਲਾ ਮਾਰੋ ਸਾਰੇ,
ਵੇਲਾ ਬੀਤ ਗਿਆ, ਤਾਂ ਫਿਰ ਗਿਣੋਗੇ ਰਾਤਾਂ ਨੂੰ ਤਾਰੇ।

# ਗਜ਼ਲ

ਮੈਂ ਨਿਰਾਸ਼ਾ ਦੀ ਨਦੀ ਵਿਚ ਜੇ ਨਾ ਲਾਂਦਾ ਤਾਰੀਆਂ,
ਮੇਰੇ ਦਿਲ ਤੇ ਹੋਰ ਵੀ ਦੋਸਤ ਚਲਾਂਦੇ ਆਰੀਆਂ ।

ਰੋਟੀ, ਕੱਪੜਾ ਤੇ ਮਕਾਨ ਬੰਦੇ ਦੀਆਂ ਮੁੱਖ ਲੋੜਾਂ ਨੇ ,
ਇਹ ਨਹੀਂ, ਪਰ ਹੋਰ ਉਹ ਛੱਡ ਸਕਦਾਂ ਲੋੜਾਂ ਸਾਰੀਆਂ ।

ਸਮਝੇ ਮੈਨੂੰ ਆਪਣਾ ਉਹ ਤੇ ਸਮਝਾਂ ਉਸ ਨੂੰ ਆਪਣਾ ਮੈਂ ,
ਤਾਂ ਹੀ ਮੇਰੇ ਨਾਲ ਗੱਲਾਂ ਕਰ ਲਵੇ ਉਹ ਸਾਰੀਆਂ ।

ਦਾਦ ਉਹਨਾਂ ਦੇ ਸਬਰ ਤੇ ਜੇਰੇ ਦੀ ਦੇਣੀ ਪਊ ,
ਸਹਿੰਦੀਆਂ ਨੇ ਦੁੱਖ ਆਪਣੇ ਤੇ ਪਰਾਏ ਨਾਰੀਆਂ ।

ਮੈਨੂੰ ਤੇਰੇ ਨਾ' ਵਫ਼ਾ ਕਰਨੇ ਦਾ ਕੱਲਾ ਕੰਮ ਨ੍ਹੀ ,
ਮੇਰੇ ਸਿਰ ਤੇ ਹੋਰ ਵੀ ਨੇ ਬਹੁਤ ਜ਼ਿੰਮੇਵਾਰੀਆਂ ।

ਕੋਈ ਮਿਹਣਾ ਮਾਰ ਦੇ ਤਾਂ ਜੋ ਹੋ ਜਾਵਣ ਹਲਕੀਆਂ,
ਲਗਦੀਆਂ ਨੇ ਮੈਨੂੰ ਅੱਖਾਂ ਆਪਣੀਆਂ ਅੱਜ ਭਾਰੀਆਂ ।

ਜਾਨ ਵਾਰਨ ਦੀ ਜ਼ਰੂਰਤ 'ਮਾਨ' ਨਾ ਯਾਰਾਂ ਲਈ ,
ਇੱਥੇ ਪੈਸੇ ਨਾਲ ਅੱਜ ਕੱਲ੍ਹ ਨਿਭਦੀਆਂ ਨੇ ਯਾਰੀਆਂ ।



ਮਹਿੰਦਰ ਸਿੰਘ ਮਾਨ
91-99158-03554

# ਕਵਿਤਾ

ਟੱਬਰ ਟੀਹਰ ਤੇ ਛੱਡ ਕੇ ਬਾਲ ਬੱਚੇ
ਘਰੋਂ ਚੱਲ ਪਿਆ ਜਗਤ ਉਧਾਰ ਖਾਤਰ।
ਸਾੜਾ ਈਰਖਾ ਕੱਢ ਦਵੈਤ ਦੂਈ
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਘਰ ਵਿਚ ਸੁੱਖ ਨਾਲ ਹੈਸਨ ਸੁੱਖ ਸਾਰੇ
ਮਾਣ ਤਾਣ ਸੀ ਚੰਗਾ ਸਮਾਜ ਅੰਦਰ।
ਕੁੜਮ ਕਬੀਲੇ 'ਚ ਹੈ ਸੀ ਠੁੱਕ ਵਾਹਵਾ,
ਪੁੱਛ ਗਿੱਛ ਸੀ ਰੀਤੀ ਰਿਵਾਜ ਅੰਦਰ।
ਰਾਏ ਭੋਇੰ ਤਲਵੰਡੀ ਭੱਟੀਆਂ ਦਾ,
ਕਾਲੂ ਪਟਵਾਰੀ ਸੀ ਮੁਗਲਾਂ ਦੇ ਰਾਜ ਅੰਦਰ।
ਬੇਦੀ ਕੁਲ਼ ਦਾ ਹੈ ਸੀ ਫਰਜੰਦ ਨਾਨਕ
ਹੀਰਾ ਚਮਕਦਾ ਜਿਸ ਤਰਾਂ ਤਾਜ ਅੰਦਰ।
ਮਾਤਾ ਤ੍ਰਿਪਤਾ ਦੀ ਕੁੱਖ ਨੂੰ ਭਾਗ ਲਾਏ,
ਕੁਨਬਾ ਉਮੜਿਆ ਤੇਰੇ ਦੀਦਾਰ ਖਾਤਰ।
ਭੈਣ ਨਾਨਕੀ ਦਾ ਛੋਟੇ ਵੀਰ ਨਾਨਕ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਗੋਸ਼ਟਿ ਕੀਤੀ ਸਤਿ ਪੁਰਖਾਂ ਨਾਲ ਬਹਿ ਕੇ,
ਚਰਨ ਧੂੜ ਮੰਗੀ ਤਲਬਗਾਰ ਬਣਕੇ ।
ਸੋਧਣ ਚਲ ਪਿਆ ਧਰਤ ਲੋਕਾਈ ਤਾਈਂ
ਮਨੁੱਖੀ ਹੱਕਾਂ ਦਾ ਪਹਿਰੇਦਾਰ ਬਣਕੇ।
ਰਹੇ ਮਨੁੱਖ , ਮਨੁੱਖ ਬਣਕੇ ਧਰਤ ਉੱਤੇ,
ਰਹੇ ਮਨੁੱਖ ਮਨੁੱਖਾਂ ਦਾ ਯਾਰ ਬਣਕੇ ।
ਕੋਈ ਉੱਤਮ ਨਾ ਮੱਧਮ, ਨਾ ਨੀਚ ਹੋਵੇ ,
ਰਹੇ ਹਰ ਕੋਈ ਸਾਂਝਾ ਪਰਵਾਰ ਬਣਕੇ ।
ਟੀਚਾ ਮਿੱਥ ਲਿਆ ਔਖਾ ਜਿੰਦਗੀ ਦਾ,
ਜਗਤ ਬਗੀਚੇ ਦੀ ਬਸੰਤ ਬਹਾਰ ਖਾਤਰ।
ਸਤਨਾਮ ਦਾ ਛੱਟਾ ਦੇ ਠਾਰਨੇ ਨੂੰ ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਗਲ਼ ਲਾਇਆ ਤੈਂ ਕੰਮੀਂ ਕਮੀਣਾਂ ਤਾਈਂ,
ਨੀਚੋਂ ਨੀਚ ਨੂੰ ਰੱਜਵਾਂ ਪਿਆਰ ਦਿੱਤਾ ।
ਲਿਤਾੜੇ ਯੁੱਗਾਂ ਤੋਂ ਜਾਤ ਕੁਜਾਤ ਕਹਿਕੇ
ਉਹਨਾਂ ਲੋਕਾਂ ਨੂੰ ਦਿਲੋਂ ਸਤਿਕਾਰ ਦਿੱਤਾ ।
ਨੂਰ ਅੱਲਾ ਦਾ ਕਹਿਕੇ ਗਲ਼ ਲਾਇਆ,
ਤਪਦਾ ਲੁੱਛਦਾ ਹਿਰਦਾ ਠਾਰ ਦਿੱਤਾ ।
ਜਿਹੜਾ ਜਾਤ ਦਾ ਲੈਕੇ ਘੁਮੰਡ ਆਇਆ ,
ਉਹਦਾ ਬਾਣੀ ਨਾਲ ਤੋੜ ਹੰਕਾਰ ਦਿੱਤਾ ।
ਮਾਨਵ ਏਕੇ ਦਾ ਦਿੱਤਾ ਸੰਦੇਸ਼ ਸੁੱਚਾ ,
ਵਿਸ਼ਵ ਕੁਟੰਬ ਲਈ ਸੁੱਚੇ ਵਿਹਾਰ ਖਾਤਰ।
ਭਾਈ ਮਰਦਾਨੇ ਰਬਾਬੀ ਨੂੰ ਨਾਲ਼ ਲੈਕੇ ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਕਰਮ ਧਰਮ, ਪਾਖੰਡ ਜੋ ਧਰਮੀਆਂ ਦੇ,
ਬੇਬਾਕ ਤੈਂ ਪਾਜ ਉਘਾੜ ਦਿੱਤੇ ।
ਪਾਂਧੇ, ਜੋਤਸ਼ੀ , ਕਾਜੀ ਤੇ ਜੋਗੀਆਂ ਦੇ,
ਲਾਏ ਝੂਠ ਦੇ ਤੰਬੂ ਉਖਾੜ ਦਿੱਤੇ ।
ਵ਼ਲ ਕੱਢੇ ਕਈ ਵ਼ਲ ਕੰਧਾਰੀਆਂ ਦੇ,
ਕਾਰਨ ਉਜਾੜੇ ਦਾ, ਬਣੇ ਜੋ, ਤਾੜ ਦਿੱਤੇ ।
ਦੋਹੀ ਸੱਚ ਦੀ ਫੇਰੀ ਜਹਾਨ ਅੰਦਰ,
ਕੂੜ ਕੁਸੱਤ ਦੇ ਪੱਤਰੇ ਪਾੜ ਦਿੱਤੇ ।
ਭ੍ਰਿਸ਼ਟ ਹੋਏ ਸਨ ਧਰਮ ਸਥਾਨ ਜਿਹੜੇ
ਸੋਧੇ ਧਰਮ ਦੇ ਸੁੱਚੇ ਪਰਚਾਰ ਖਾਤਰ।
ਤਰਕ- ਸੰਗਤ ਧਰਮ ਪਰਚਾਰ ਕਰਕੇ,
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਜਦੋਂ ਵੇਖਿਆ ਅੰਤਰ ਧਿਆਨ ਹੋਕੇ,
ਜਲਦੀ ਪ੍ਰਿਥਵੀ ਤਦ ਨਜ਼ਰ ਆਈ ਬਾਬਾ ।
ਭੇਸ ਧਾਰ ਕੇ ਆਪ ਉਦਾਸੀਆਂ ਦਾ
ਸੋਧਣ ਤੁਰ ਪਿਆ ਧਰਤ ਲੋਕਾਈ ਬਾਬਾ ।
ਰਾਜੇ ਸ਼ੀਂਹ ਤੇ ਕੁੱਤੇ ਮੁਕੱਦਮਾਂ ਨੂੰ ਆਖ ,
ਮਜ਼ਲੂਮਾਂ ਦੀ ਵਾਜ ਉਠਾਈ ਬਾਬਾ ।
ਮਾਨਵ ਏਕਾ, ਸਰਬੱਤ ਦੇ ਭਲੇ ਖਾਤਰ
ਸੰਗਤ ਪੰਗਤ ਦੀ ਰੀਤ ਚਲਾਈ ਬਾਬਾ ।
ਹੋਵੇ ਹੱਕ ਇਨਸਾਫ ਦਾ ਬੋਲ ਬਾਲਾ
ਡਟ ਗਿਆ ਸੀ ਮਾਨਵ ਅਧਿਕਾਰ ਖਾਤਰ।
ਜਬਰੀ ਖੋਹੇ ਨਾ ਕਿਸੇ ਦਾ ਹੱਕ ਕੋਈ
ਭਰਮਣ ਕੀਤਾ ਤੈਂ ਪਰੇਮ ਪਿਆਰ ਖਾਤਰ।

ਸਾਢੇ ਪੰਜ ਸੌ ਸਾਲਾ ਪਰਕਾਸ਼ ਉਤਸਵ
ਵਾਜੇ ਗਾਜਿਆਂ ਨਾਲ ਮਨਾਇਆ ਤੇਰਾ।
ਜਿਹੜੇ ਚਿੱਕੜ ਚੋਂ ਕੱਢਿਆ ਕਸ਼ਟ ਸਹਿਕੇ।
ਗੁਰਮੁਖ ਗਾਡੀ ਰਾਹ ਅਸੀਂ ਭੁਲਾਇਆ ਤੇਰਾ।
ਫਸ ਗਏ ਫੇਰ ਪੁਜਾਰੀ ਦੇ ਜਾਲ ਅੰਦਰ,
ਅਸੀਂ ਭੁੱਲ ਗੇ ਮੰਤਰ ਪੜ੍ਹਾਇਆ ਤੇਰਾ।
ਕਰਮਕਾਂਡ, ਪਾਖੰਡ ਫਿਰ ਹੋਏ ਹਾਵੀ,
ਭੁੱਲੇ ਸੱਚ ਦਾ ਰਾਹ ਵਿਖਾਇਆ ਤੇਰਾ।
ਵਾਰਿਸ ਬਣਗੇ 'ਲਾਲ' ਮੁੜ ਮਲਕ ਭਾਗੋ
ਤੇਰਾ ਸੰਘਰਸ਼ ਸੀ "ਹੱਸੂ ਲੋਹਾਰ" ਖਾਤਰ।
ਨੇੜੇ ਫਟਕਣ ਨਹੀਂ ਦਿੱਤਾ ਭਾਈ ਲਾਲੋ,
ਜੀਵਨ ਲਾਇਆ ਤੈਂ ਜੀਹਦੇ ਪਿਆਰ ਖਾਤਰ।



ਲਾਲ ਸਿੰਘ ਸੁਲਹਾਣੀ
91-98721-55120

# ਬੋਲੀਆਂ

ਤੈਨੂੰ ਮੋੜ ਤੇ ਬੈਠਾ ਜਦੋਂ ਵੇਖਿਆ ਡਿੱਗਣ ਲੱਗੀ ਗੱਸ ਖਾ ਕੇ
ਡਿਗਦੀ ਡਿਗਦੀ ਸੰਭਲ ਗਈ ਤੈਨੂੰ ਤੁਰ ਗਈ ਫਤਿਹ ਬੁਲਾ ਕੇ
ਸੋਚ ਸੋਚ ਕੇ ਹੋ ਗਈ ਕਮਲੀ ਕੀ ਤੈਨੂੰ ਦੱਸ ਹੋ ਗਿਆ
ਆਂਢ ਗੁਆਂਢੀ ਗੱਲਾਂ ਕਰਦੇ ਵੇਖ ਕੇ ਕਿਉਂ ਮੈਨੂੰ ਰੋ ਪਿਆ
ਮੈਂ ਵੇਖ ਲਿਆ ਅਜ਼ਮਾ ਕੇ ਮੈਥੋਂ ਪੈਰ ਨਾ ਪੁੱਟਿਆ ਜਾਵੇ
ਵੇ ਕੀ ਤੋਂ ਕੀ ਬਣ ਗਿਆ ਮੈਨੂੰ ਗੱਲ ਦੀ ਸਮਝ ਨਾ ਆਵੇ।

ਤੇਲ ਹੋ ਗਿਆ ਮਹਿੰਗਾ ਵਿਚ ਬਜ਼ਾਰਾਂ ਦੇਣ ਨਾ ਗੇੜਾ
ਖੂੰਜੇ ਲਾਤੇ ਮੋਟਰ ਸਾਈਕਲ ਕਹਿਣ ਬਹਿ ਗਿਆ ਮੋਦੀ ਦਾ ਬੇੜਾ
ਫਿਰ ਮਾਪਿਆਂ ਨੂੰ ਸਾਹ ਸੁੱਖ ਦਾ ਆਇਆ ਥੋੜ੍ਹਾ ਬਹੁਤ ਕੰਮ ਕਰਦੇ
ਕੈਦੀ ਬਣਕੇ ਰਹਿਣ ਘਰਾਂ ਵਿਚ ਹੁਣ ਫੋਨ ਕਰਨ ਤੋਂ ਡਰਦੇ
ਬਾਕੀ ਸ਼ਹਿਰ ਜਾਣਾ ਹੁਣ ਹੋ ਗਿਆ ਔਖਾ ਖਰਚੇ ਕਿਵੇਂ ਘਟਾ ਲਏ
ਵੇ ਅੱਜਕਲ੍ਹ ਮੁੰਡਿਆਂ ਨੇ ਕਹਿੰਦੇ ਬੱਸਾਂ ਦੇ ਪਾਸ ਬਣਾ ਲਏ।

ਬੜਾ ਸ਼ਿੰਗਾਰ ਕੇ ਬੋਤਾ ਸੀ ਕੱਲ੍ਹ ਫੁੱਫੜ ਲੈ ਕੇ ਆ ਗਿਆ
ਜਦ ਗੱਲਾਂ ਸੁਣੀਆਂ ਉਹ ਖੜਕੇ ਬੇੜੀ ਵੱਟੇ ਪਾ ਗਿਆ
ਕੱਟਣ ਜਾਣੀਆਂ ਛੁੱਟੀਆਂ ਤੇ ਤੇਰੇ ਪੇਪਰ ਹੋ ਗਏ ਸਾਰੇ
ਫਿਰ ਭੌਰ ਮੇਰਿਆ ਕੀ ਤੈਨੂੰ ਦੱਸਾਂ ਬੜਾ ਬਹਾਨੇ ਮਾਰੇ
ਮਾਰ ਕੇ ਛਾਲ ਤੂੰ ਬਹਿਜਾ ਬੋਤੇ ਤੇ ਮੇਰੇ ਖਹਿੜੇ ਪੈ ਗਈ
ਵੇ ਨਾਂਹ ਨਾਂਹ ਕਰਦੀ ਤੋਂ ਕੱਲ੍ਹ ਭੂਆ ਆ ਕੇ ਲੈ ਗਈ।

ਬੋਲੀ ਪਾਈ ਗਿੱਧੇ ਦੇ ਵਿਚ ਉਹ ਵੀ ਸੀ ਤੇਰੇ ਨਾਂ ਤੇ
ਸੋਚਦਾ ਹੋਵੇ ਦੂਰ ਜਾ ਕੇ ਮੈਨੂੰ ਬਹਿ ਗਈ ਮਨੋਂ ਭੁਲਾ ਕੇ
ਕੰਮ ਨਾ ਕਰਦਾ ਨੈੱਟ ਇੱਥੇ ਦੱਸ ਫੋਨ ਮੈਂ ਕਿਵੇਂ ਮਿਲਾਵਾਂ
ਚਿੱਠੀ ਲਿਖਣ ਨੂੰ ਜੀਅ ਕਰਦਾ ਤੇਰਾ ਕਿੱਥੋਂ ਲੱਭਾਂ ਸਿਰਨਾਵਾਂ
ਬਾਕੀ 'ਦੇਵ ਘੋਲੀਏ' ਵਾਲਿਆ ਵੇ ਸਾਰੀ ਆ ਕੇ ਦੱਸੂ ਕਹਾਣੀ
ਦੱਸਦੀ ਨੂੰ ਸੰਗ ਲੱਗਦੀ ਮਸਾਂ ਮਿਲਦੇ ਹਾਣ ਨੂੰ ਹਾਣੀ।



– ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

# ਭਾਈ ਲਾਲੋ ਵੱਲੋਂ ਵਧਾਈ

ਨਾਨਕ!
ਤੇਰੇ ਜਨਮ ਦਿਵਸ ਤੇ
ਤੈਨੂੰ ਤੇਰੇ ਯਾਰ ਵੱਲੋਂ
ਲੱਖ ਲੱਖ ਵਧਾਈਆਂ
ਮੈਂ ਜਾਣਦਾਂ
ਤੂੰ ਮੇਰੀ ਸੁੱਕੀ ਰੋਟੀ ਵੱਲ
ਮੇਰੇ ਹੱਕ ਸੱਚ ਦੀ ਕਮਾਈ
ਨੂੰ ਅਸ਼ੀਰਵਾਦ ਦੇ ਰਿਹੈਂ
ਮਲਕ ਭਾਗੋ ਦਾ ਬੋਲ ਬਾਲਾ ਵੇਖ
ਕਿਰਤ ਦੀ ਕਮਾਈ
ਕਿਥੋਂ ਹੋ ਰੀ,
ਕਰਤਾਰਪੁਰ ਦੀ ਧਰਤ ਚੋਂ
ਲੱਭ ਰਿਹੈਂ
ਨਾਮ ਜੱਪ ਕੇ
ਵੰਡ ਕੇ ,ਕੌਣ ਛੱਕ ਰਿਹੈ?

ਘਰ ਘਰ ਅੰਦਰ ਧਰਮਸਾਲ
ਤੇਰੇ ਦਰ ਤੇ ਵੀ
ਆ ਕੇ ਧਰਮ ਦੀ ਗੱਲ ਤਾਂ ਹੁੰਦੀ ਏ
ਧਾਰਮਿਕਤਾ ਕੋਈ ਨੀ ਸਿੱਖਦਾ ।

ਸੱਚ ਆਖਾਂ ,ਹੱਕ ਦੀ ਕਮਾਈ ਵਾਲਾ
ਧੁੱਪਾਂ ਵਿੱਚ ਸੜ ਰਿਹਾ
ਤੇ ਤੂੰ ਜਾਣੀ ਜਾਣ ਹੈਂ
ਬਿਨ ਹੱਡ ਹਿਲਾਏ ਵਾਲਿਆਂ ਦਾ
ਧਾਰਮਿਕ ਸਥਾਨਾਂ ਤੇ
ਖੂਬ 'ਕੰਵਲਜੀਤ ਕੌਰੇ'
ਗੁਣਗਾਨ ਹੋ ਰਿਹੈ

ਕੰਵਲਜੀਤ ਕੌਰ ਜੁਨੇਜਾ
91-98120-32868

# 'Ambedkar Times' and 'Desh Doaba' congratulate

**Millions of Heartiest Congratulations to the World Sikh Community on the auspicious occasion of 552nd Birth Anniversary of the First Patshahi Dhan DhanSahib Sri Guru Nanak Dev Ji.**

**"Ambedkar Times" and "Desh Doaba" USA**

***Pictures credit: Babar Jalandhari***
































'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



























# KB USED AUTO SALES



**8655 B Monterey Street Gilroy, CA 95020**

Kashmiri Bhatia, Dealer/Broker
408-848-2365

50% OFF WARRANTY
with Qualifying Car Purchase

IN HOUSE FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop